SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL - 9 ISSUE - 47
March 3, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ, ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ) ਵੱਲੋਂ 7 ਮਾਰਚ 2021 ਨੂੰ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ ਜੀ
(ਗੁਰੂ ਘਰ ਦਾ ਸਬੰਧਤ ਇਸ਼ਤਿਹਾਰ ਦੇਖੋ ਸਫਾ 2 'ਤੇ)

# ਦਲਿਤ ਸ਼ੋਸ਼ਣ ਦਾ ਮਾਮਲਾ ਅਮਰੀਕੀ ਸੁਪਰੀਮ ਕੋਰਟ ਪੁੱਜਿਆ

## ਅੰਬੇਡਕਰ ਇੰਟਰਨੈਸ਼ਨਲ ਸੈਂਟਰ (ਏਆਈਸੀ) ਹੋਈ ਪੇਸ਼, 9 ਮਾਰਚ ਨੂੰ ਹੋਵੇਗੀ ਸੁਣਵਾਈ



**ਵਾਸ਼ਿੰਗਟਨ (ਬਿਊਰੋ)-** ਜਾਤੀ ਦੇ ਆਧਾਰ 'ਤੇ ਭੇਦਭਾਵ ਖ਼ਿਲਾਫ਼ ਸੰਘਰਸ਼ ਕਰਨ ਵਾਲੀ ਅਮਰੀਕਾ ਸਥਿਤ ਅੰਬੇਡਕਰ ਇੰਟਰਨੈਸ਼ਨਲ ਸੈਂਟਰ (ਏਆਈਸੀ) ਨੇ ਕੈਲੀਫੋਰਨੀਆ ਦੀ ਸੁਪਰੀਮ ਕੋਰਟ 'ਚ ਏਮਿਕਸ ਕਿਊਰੀ ਦੇ ਤੌਰ 'ਤੇ ਇਕ ਮਾਮਲੇ 'ਚ ਖ਼ੁਦ ਨੂੰ ਪੇਸ਼ ਕੀਤਾ ਹੈ। ਇਹ ਮਾਮਲਾ ਕੰਮਕਾਜ ਵਾਲੀਆਂ ਥਾਵਾਂ 'ਤੇ ਜਾਤੀ ਦੇ ਆਧਾਰ 'ਤੇ ਭੇਦਭਾਵ ਦਾ ਹੈ। ਏਮਿਕਸ ਕਿਊਰੀ ਇਕ ਤਰ੍ਹਾਂ ਨਾਲ ਅਦਾਲਤ ਦੀ ਮਦਦ ਕਰਨ ਲਈ ਨਿਯੁਕਤ ਹੁੰਦੇ ਹਨ ਜੋ ਉਸ ਕੇਸ 'ਚ ਪਾਰਟੀ ਨਹੀਂ ਹੁੰਦੇ ਪਰ ਕਾਨੂੰਨ ਦੇ ਪਹਿਲੂਆਂ 'ਤੇ ਕੇਸ 'ਚ ਅਦਾਲਤ ਨੂੰ ਆਪਣੇ ਸੁਝਾਅ ਦਿੰਦੇ ਹਨ। ਜਾਤੀ ਆਧਾਰਤ ਭੇਦਭਾਵ ਦੇ ਮਾਮਲੇ ਦੀ ਸੁਣਵਾਈ 9 ਮਾਰਚ ਨੂੰ ਹੈ। ਕੈਲੀਫੋਰਨੀਆ ਦੀ ਰੈਗੂਲੇਟਰੀ ਸੰਸਥਾ ਨੇ ਸਿਸਕੋ ਸਿਸਟਮ 'ਤੇ ਇਕ ਭਾਰਤੀ ਇੰਜੀਨੀਅਰ ਨਾਲ ਜਾਤੀ ਦੇ ਆਧਾਰ 'ਤੇ ਭੇਦਭਾਵ ਦਾ ਮਾਮਲਾ ਦਰਜ ਕੀਤਾ ਹੈ। ਇਹ ਇੰਜੀਨੀਅਰ ਦਲਿਤ ਹੈ। ਅਮਰੀਕਾ 'ਚ ਜਾਤੀ ਦੇ ਆਧਾਰ 'ਤੇ ਭੇਦਭਾਵ ਦਾ ਇਹ ਮਾਮਲਾ ਜਾਤੀ ਵਿਰੋਧੀ ਅੰਦੋਲਨ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ। ਇਸ ਦਲਿਤ ਇੰਜੀਨੀਅਰ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ। ਇਸ ਦਲਿਤ ਇੰਜੀਨੀਅਰ ਨੇ ਦੂਸਰੇ ਹੋਰ ਲੋਕਾਂ ਨੂੰ ਜਾਤੀ ਦੇ ਆਧਾਰ 'ਤੇ ਸ਼ੋਸ਼ਣ ਖ਼ਿਲਾਫ਼ ਬੋਲਣ ਦਾ ਰਸਤਾ ਦਿਖਾਇਆ ਹੈ। ਏਆਈਸੀ ਨੇ ਅਦਾਲਤ 'ਚ ਏਮਿਕਸ ਦਾਖ਼ਲ ਕਰਦੇ ਹੋਏ ਮਾਮਲੇ ਦੇ ਮਾਹਿਰ ਤੇ ਜਾਤੀ ਦੇ ਆਧਾਰ 'ਤੇ ਭੇਦਭਾਵ ਦੀ ਸਾਰੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਕਿਹਾ ਹੈ।



ਸ੍ਰੀ ਗੁਰੂ ਰਵਿਦਾਸ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ 28 ਫਰਵਰੀ 2021 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। **ਸਬੰਧਤ ਰਿਪੋਰਟ ਅਤੇ ਤਸਵੀਰਾਂ ਲਈ ਦੇਖੋ ਸਫਾ 11 ਤੋਂ 14 ਤੱਕ'**

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST the advice of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM




ਅਬ ਮੋਹਿ ਖੂਬ ਵਤਨ ਗਹਿ ਪਾਈ, ਊਹਾਂ ਖੈਰ ਸਦਾ ਮੇਰੇ ਭਾਈ॥

# ਧੰਨ ਧੰਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਗੁਰੂ ਘਰ ਦੀ ਸ਼ਰਧਾਵਾਨ ਸੰਗਤ ਅਤੇ ਕੁੱਲ ਲੁਕਾਈ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ
ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ
7 ਮਾਰਚ 2021 ਦਿਨ ਐਤਵਾਰ ਨੂੰ ਮਨਾਏ ਜਾਣ ਦੀਆਂ
ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦਾ ਸੱਚਾ ਸੇਵਾਦਾਰ ਮੋਮੀ ਪਰਿਵਾਰ

DAYS INN | Holiday Inn EXPRESS HOTEL & SUITES | momi

**Holidayinn Express, DAYS INN and MOMI HOSPITALITY INVESTMENT**

**ਕੈਲੀਫੋਰਨੀਆ ਦੇ ਮਾਲਕ**



ਖੱਬੇ ਤੋਂ ਸੱਜੇ:- ਸੁਰਜੀਤ ਮੋਮੀ, ਲਾਲੀ ਮੋਮੀ, ਹਰਮਿੰਦਰ ਮੋਮੀ, ਰਾਜਿੰਦਰ ਮੋਮੀ (ਸਾਬਕਾ ਚੇਅਰਮੈਨ) ਅਤੇ ਪ੍ਰੇਮ ਸੋਢੀ ਮੋਮੀ (ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ)

# MOMI BROTHERS

## ਅਤੇ ਸਮੂਹ ਮੋਮੀ ਪਰਿਵਾਰ



ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥




# ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ 7 ਮਾਰਚ 2021 ਦਿਨ ਐਤਵਾਰ ਨੂੰ ਮਨਾਏ ਜਾਣ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ

**ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।**



**Shri Amardeep Chahal with his Wife, Mother & Father**

# ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ

ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।



# ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

## Bansi Lal Bangar & his Family

Former President of
Sri Guru Ravidass Sabha Fresno (CA)



ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ
ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 644ਵਾਂ
ਪ੍ਰਕਾਸ਼ ਦਿਹਾੜਾ 7 ਮਾਰਚ 2021 ਦਿਨ ਐਤਵਾਰ ਨੂੰ ਮਨਾਏ ਜਾਣ
ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ



# SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

**ਫਰਿਜ਼ਨੋ (ਕੈਲੀਫੋਰਨੀਆਂ) ਹਫਤਾਵਾਰੀ ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

# ਲੂਈਸਿਆਨਾ ਦੇ ਪੁਲਿਸ ਮੁਲਾਜ਼ਮ ਨੂੰ ਮਾਸਕ ਪਹਿਨਣ ਪਿੱਛੇ ਹੋਏ ਵਿਵਾਦ ਦੌਰਾਨ ਮਾਰੀ ਗੋਲੀ

**ਫਰਿਜ਼ਨੋ (ਕੈਲੀਫੋਰਨੀਆ), 1 ਮਾਰਚ 2021-** ਲੂਈਸਿਆਨਾ ਦੇ ਨਿਊ ਓਰਲੀਨਜ਼ ਵਿਖੇ ਇੱਕ ਹਾਈ ਸਕੂਲ ਵਿਚ ਚਿਹਰੇ ਨੂੰ ਮਾਸਕ ਨਾਲ ਢਕਣ ਪਿੱਛੇ ਹੋਏ ਵਿਵਾਦ ਕਾਰਨ ਚੱਲੀ ਗੋਲੀ ਦੌਰਾਨ ਇੱਕ ਪੁਲਿਸ ਅਧਿਕਾਰੀ ਦੀ ਮੌਤ ਹੋ ਗਈ ਹੈ। ਇਸ ਮਾਮਲੇ ਵਿੱਚ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ੁੱਕਰਵਾਰ ਦੀ ਰਾਤ ਨੂੰ ਇੱਕ 35 ਸਾਲਾ ਵਿਅਕਤੀ ਜੌਹਨ ਸ਼ੈਲਰਹੋਰਨ ਨੇ ਜਾਰਜ ਵਾਸ਼ਿੰਗਟਨ ਕਾਰਵਰ ਹਾਈ ਸਕੂਲ ਵਿੱਚ ਬਿਨਾਂ ਮਾਸਕ ਪਾਏ ਬਾਸਕਟਬਾਲ ਖੇਡ 'ਚ ਪ੍ਰਵੇਸ਼ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਦੌਰਾਨ ਉਸਦਾ ਇੱਕ ਸਟਾਫ ਮੈਂਬਰ ਨਾਲ ਝਗੜਾ ਵੀ ਹੋਇਆ। ਇਸੇ ਦੌਰਾਨ ਮਾਰਟਿਨਸ ਮਿਚਮ, ਜੋ ਤੁਲਾਨਾ ਯੂਨੀਵਰਸਿਟੀ ਦਾ ਪੁਲਿਸ ਅਧਿਕਾਰੀ ਸੀ



ਅਤੇ ਖੇਡ ਵਿੱਚ ਸੁਰਖਿਆ ਦਾ ਕੰਮ ਕਰ ਰਿਹਾ ਸੀ, ਨੇ ਝਗੜੇ ਵਿੱਚ ਦਖਲ ਦਿੰਦਿਆਂ ਸ਼ੈਲਰਹੋਰਨ ਨੂੰ ਇਮਾਰਤ ਤੋਂ ਬਾਹਰ ਕੱਢਿਆ। ਇਸ ਦੇ ਬਾਅਦ ਸ਼ੈਲਰਹੋਰਨ ਵੱਲੋਂ ਇੱਕ ਬੰਦੂਕ ਨਾਲ ਮਿਚਮ ਉੱਤੇ ਗੋਲੀ ਚਲਾਈ ਗਈ। ਪੁਲਿਸ ਅਨੁਸਾਰ ਮਿਚਮ ਦੀ ਛਾਤੀ ਵਿੱਚ ਗੋਲੀ ਲੱਗੀ ਸੀ, ਜਿਸ ਕਾਰਨ ਉਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿਥੇ ਉਸਦੀ ਮੌਤ ਹੋ ਗਈ।

ਇਸ ਗੋਲੀਬਾਰੀ ਦੇ ਸੰਬੰਧ ਵਿੱਚ ਸ਼ੈਲਰਹੋਰਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਦੇ ਇਲਾਵਾ ਇਸ ਵਿਅਕਤੀ ਉੱਪਰ ਉਸੇ ਸ਼ਾਮ ਹਥਿਆਰਬੰਦ ਲੁੱਟ ਕਰਨ ਦਾ ਵੀ ਦੋਸ਼ ਹੈ।

# ਅਮਰੀਕਾ ਵਿੱਚ ਕੋਰੋਨਾ ਵਾਇਰਸ ਨਾਲ ਸੰਬੰਧਿਤ ਹਸਪਤਾਲ ਦਾਖ਼ਲਿਆਂ 'ਚ ਆਈ ਗਿਰਾਵਟ


**ਫਰਿਜ਼ਨੋ (ਕੈਲੀਫੋਰਨੀਆ), 1 ਮਾਰਚ 2021-** ਕੋਰੋਨਾ ਵਾਇਰਸ ਮਹਾਂਮਾਰੀ ਦੌਰਾਨ ਅਮਰੀਕਾ ਦੇ ਸਿਹਤ ਵਿਭਾਗ ਨੇ ਬਹੁਤ ਵੱਡੇ ਪੱਧਰ 'ਤੇ ਵਾਇਰਸ ਦੇ ਪ੍ਰਕੋਪ ਦਾ ਸਾਹਮਣਾ ਕੀਤਾ ਹੈ । ਵਾਇਰਸ ਦੀ ਵਧੀ ਹੋਈ ਲਾਗ ਨੇ ਹਸਪਤਾਲਾਂ ਵਿੱਚ ਕੋਰੋਨਾ ਮਰੀਜ਼ਾਂ ਦੇ ਦਾਖ਼ਲਿਆਂ ਨੂੰ ਭਾਰੀ ਮਾਤਰਾ ਵਿੱਚ ਵਧਾ ਦਿੱਤਾ ਸੀ। ਮਰੀਜ਼ਾਂ ਦੀ ਵਧੀ ਹੋਈ ਗਿਣਤੀ ਨੇ ਇੱਕ ਸਮੇਂ ਹਸਪਤਾਲਾਂ ਵਿਚਲੀਆਂ ਸਿਹਤ ਸਹੂਲਤਾਂ 'ਤੇ ਵੀ ਵੱਡਾ ਪ੍ਰਭਾਵ ਪਾਇਆ ਸੀ। ਕਈ ਸੂਬਿਆਂ ਦੇ ਹਸਪਤਾਲਾਂ ਵਿੱਚ ਤਾਂ ਆਕਸੀਜਨ ਸਪਲਾਈ, ਬਿਸਤਰਿਆਂ ਦੀ ਘਾਟ ਅਤੇ ਹੋਰ ਸਹੂਲਤਾਂ ਦੀ ਵੀ ਘਾਟ ਪੈਦਾ ਹੋ ਗਈ ਸੀ ,ਪਰ ਮੌਜੂਦਾ ਸਮੇਂ ਅੰਕੜਿਆਂ ਦੇ ਅਨੁਸਾਰ ਅਮਰੀਕੀ ਹਸਪਤਾਲਾਂ ਵਿੱਚ ਕੋਰੋਨਾ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ 50,000 ਤੋਂ ਹੇਠਾਂ ਆ ਗਈ ਹੈ ਜੋ ਕਿ ਲਗਭਗ ਚਾਰ ਮਹੀਨਿਆਂ ਵਿੱਚ ਸਭ ਤੋਂ ਹੇਠਲਾ ਪੱਧਰ ਹੈ। ਕੋਵਿਡ ਟਰੈਕਿੰਗ ਪ੍ਰੋਜੈਕਟ ਦੇ ਅੰਕੜਿਆਂ ਅਨੁਸਾਰ ਸ਼ਨੀਵਾਰ ਨੂੰ



ਹਸਪਤਾਲਾਂ ਵਿੱਚ ਤਕਰੀਬਨ 48,870 ਮਰੀਜ਼ ਕੋਰੋਨਾ ਵਾਇਰਸ ਦਾ ਇਲਾਜ ਕਰ ਰਹੇ ਸਨ।ਇਸ ਸੰਬੰਧੀ ਸੰਸਥਾ ਅਨੁਸਾਰ 2 ਨਵੰਬਰ ਤੋਂ ਬਾਅਦ ਪਹਿਲੀ ਵਾਰ ਹੁਣ ਕੋਵਿਡ -19 ਕਾਰਨ ਹਸਪਤਾਲਾਂ ਵਿੱਚ ਦਾਖਲ ਲੋਕਾਂ ਦੀ ਗਿਣਤੀ 50 ਹਜ਼ਾਰ ਤੋਂ ਘੱਟ ਹੈ। ਇਸਦੇ ਇਲਾਵਾ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 6 ਜਨਵਰੀ ਨੂੰ ਹਸਪਤਾਲਾਂ ਵਿੱਚ ਦਾਖਲ 132,474 ਮਰੀਜ਼ਾਂ ਦੀ ਉੱਚ ਗਿਣਤੀ ਤੋਂ ਬਾਅਦ ਤੋਂ ਮਰੀਜ਼ਾਂ ਦੀ ਹਸਪਤਾਲ ਵਿੱਚ ਦਾਖਲ ਹੋਣ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਮਹਾਂਮਾਰੀ ਵਿੱਚ ਵਾਇਰਸ ਦੀ ਲਾਗ ਨੂੰ ਜਾਂਚਣ ਲਈ ਹਸਪਤਾਲ ਵਿੱਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਬਹੁਤ ਮਹੱਤਵਪੂਰਨ ਹੈ। ਅਮਰੀਕਾ ਵਿੱਚ ਵਾਇਰਸ ਸੰਬੰਧੀ ਅੰਕੜਿਆਂ ਅਨੁਸਾਰ ਸ਼ਨੀਵਾਰ ਨੂੰ ਵਾਇਰਸ ਦੇ ਤਕਰੀਬਨ 70,622 ਨਵੇਂ ਮਾਮਲੇ ਅਤੇ 1,822 ਵਾਇਰਸ ਨਾਲ ਸਬੰਧਿਤ ਮੌਤਾਂ ਵੀ ਦਰਜ ਕੀਤੀਆਂ ਗਈਆਂ ਹਨ।

# ਬਾਈਡੇਨ ਪ੍ਰਸ਼ਾਸਨ ਬਣਾ ਰਿਹਾ ਹੈ ਟੈਕਸਾਸ ਦੀ ਸਰਹੱਦ 'ਤੇ ਪਰਵਾਸੀਆਂ ਦੇ ਰਹਿਣ ਲਈ ਟੈਂਟ ਸਹੂਲਤ ਖੋਲਣ ਦੀ ਯੋਜਨਾ

**ਫਰਿਜ਼ਨੋ (ਕੈਲੀਫੋਰਨੀਆ), 1 ਮਾਰਚ 2021-** ਅਮਰੀਕਾ ਵਿੱਚ ਹਰ ਸਾਲ ਸੈਂਕੜੇ ਗੈਰ ਕਾਨੂੰਨੀ ਪ੍ਰਵਾਸੀ ਇਕੱਲੇ ਬੱਚੇ ਅਤੇ ਪਰਿਵਾਰ ਦਾਖਲ ਹੁੰਦੇ ਹਨ। ਇਹਨਾਂ ਪਰਵਾਸੀਆਂ ਦੇ ਰਹਿਣ ਦਾ ਪ੍ਰਬੰਧ ਵੀ ਸਰਕਾਰ ਦੁਆਰਾ ਕੀਤਾ ਜਾਂਦਾ ਹੈ। ਇਸ ਸੰਬੰਧੀ ਹੋਮਲੈਂਡ ਸਿਕਿਓਰਿਟੀ ਵਿਭਾਗ ਦੇ ਅਨੁਸਾਰ ਬਾਈਡੇਨ ਪ੍ਰਸ਼ਾਸਨ, ਅਮਰੀਕਾ ਮੈਕਸੀਕੋ ਸਰਹੱਦ 'ਤੇ ਪਹੁੰਚਣ ਵਾਲੇ ਬੱਚਿਆਂ ਅਤੇ ਪਰਿਵਾਰਾਂ ਲਈ ਪ੍ਰੋਸੈਸਿੰਗ ਸਮਰੱਥਾ ਵਧਾਉਣ ਦੇ ਮੰਤਵ ਨਾਲ ਦੱਖਣੀ ਟੈਕਸਾਸ ਵਿੱਚ ਇੱਕ ਹੋਰ ਟੈਂਟ ਸਹੂਲਤ ਖੋਲ੍ਹਣ ਦੀ ਯੋਜਨਾ ਬਣਾ ਰਿਹਾ ਹੈ। ਅਮਰੀਕਾ ਦੀ ਦੱਖਣੀ ਸਰਹੱਦ 'ਤੇ ਪਰਵਾਸੀ ਪਰਿਵਾਰਾਂ ਅਤੇ ਬੱਚਿਆਂ ਦੀ ਵੱਧ ਰਹੀ ਗਿਣਤੀ ਨਾਲ ਨਜਿੱਠਣ ਲਈ ਬਾਈਡੇਨ ਪ੍ਰਸ਼ਾਸਨ ਦਾ ਇਹ ਤਾਜ਼ਾ ਕਦਮ ਹੈ। ਏਜੰਸੀ ਦੇ ਸਭ ਤੋਂ ਤਾਜ਼ਾ ਮਹੀਨਾਵਾਰ ਅੰਕੜਿਆਂ ਅਨੁਸਾਰ



ਜਨਵਰੀ ਵਿੱਚ, ਯੂ ਐਸ-ਮੈਕਸੀਕੋ ਸਰਹੱਦ 'ਤੇ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੁਆਰਾ 5,800 ਤੋਂ ਵੱਧ ਇਕੱਲੇ ਬੱਚਿਆਂ ਅਤੇ ਲਗਭਗ 7,500 ਪਰਿਵਾਰਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਇਸ ਸੰਖਿਆ ਵਿੱਚ ਵਾਧਾ ਜਾਰੀ ਰਹਿਣ ਦੀ ਉਮੀਦ ਹੈ। ਇੱਕ ਹੋਰ ਹੋਮਲੈਂਡ ਸਿਕਿਉਰਟੀ ਅਧਿਕਾਰੀ ਦੇ ਅਨੁਸਾਰ ਸਰਹੱਦੀ ਅਧਿਕਾਰੀ ਸਰਹੱਦ 'ਤੇ ਔਸਤਨ 300 ਤੋਂ ਵੱਧ ਅਣਪਛਾਤੇ ਬੱਚਿਆਂ ਨੂੰ ਹਿਰਾਸਤ ਵਿੱਚ ਲੈ ਰਹੇ ਹਨ। ਡੈਲ ਰੀਓ ਸੈਕਟਰ ਵਿੱਚ ਨਵੀਂ ਉਮੀਦ ਕੀਤੀ ਗਈ ਇਹ ਸਹੂਲਤ ਸਰਹੱਦ 'ਤੇ ਇਕੱਲੇ ਪਹੁੰਚਣ ਵਾਲੇ ਬੱਚਿਆਂ ਲਈ ਤਿਆਰ ਕੀਤੇ ਸ਼ੈਲਟਰਾਂ ਤੋਂ ਵੱਖਰੀ ਹੈ। ਇਸਦੇ ਇਲਾਵਾ ਇਸ ਵੇਲੇ ਈਗਲ ਪਾਸ, ਟੀਐਕਸ ਵਿੱਚ ਪਰਵਾਸੀਆਂ ਨੂੰ ਰੱਖਣ ਲਈ ਵੀ ਇੱਕ ਸਹੂਲਤ ਦਾ ਨਿਰਮਾਣ ਕੀਤਾ ਜਾ ਰਿਹਾ ਹੈ।






ਦੇਸ਼ ਦੁਆਬਾ

# ਸਤਿਗੁਰੂ ਰਵਿਦਾਸ ਜੀ ਅਤੇ ਦਲਿਤ ਮੁਕਤੀ ਦਾ ਮਾਰਗ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖਾਸ ਨੁਕਤੇ ਦੇ ਉਤੇ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ, ਜਿਸ ਵਿਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ-ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਅਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ 'ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ' ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਲ ਕਰਨ ਦਾ ਸਿਧਾਂਤ ਆਪਣੇ ਆਪ ਵਿਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ-ਪਾਤ ਸਿਧਾਂਤ ਨੇ ਭਾਰਤ ਦੇ ਮੂਲ ਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਹਨਾਂ ਦੇ ਅਪਰਾਧ ਤੋਂ ਆਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿਚ ਉਨ੍ਹਾਂ ਦਾ ਯੋਗਦਾਨ ਹਾਸਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜਾਤ-ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ 'ਜੋ ਹਮ ਸਹਰੀ ਸੋ ਮੀਤ ਹਮਾਰਾ' ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਣਾਉਂਦਾ ਹੈ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਣਾ ਲਿਆ ਹੈ।

ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿੱਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਣਾਇਆ, ਜਿਸ ਵਿਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਹਨਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ, ਉਥੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਣਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ ਹੈ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਣੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ, ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਉਥੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਦੇਸ਼ ਦੁਆਬਾ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪਾਵਨ ਆਗਮਨ ਪੁਰਬ ਉਤੇ ਅਦਾਰਾ 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਦੇ ਮਾਣਯੋਗ ਪਾਠਕਾਂ, ਇਸ਼ਤਿਹਾਰਦਾਤਾ ਅਤੇ ਹੋਰ ਸੁਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ-ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਹਨਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਰਵਿਦਾਸ ਜੀ ਦੇ ਆਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਆਵਾਜ਼ ਬੁਲੰਦ ਕਰਦਾ ਰਹੇਗਾ।

**- ਪ੍ਰੇਮ ਕੁਮਾਰ ਚੁੰਬਰ**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-169

## ਛਮਿਛਰੀ (ਪਿੱਤਰ) ਬ੍ਰਾਹਮਣ ਅਤੇ ਗੁਰਮਤਿ



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਛਮਿਛਰੀ-ਪ੍ਰਿਥਵੀ 'ਤੇ ਫਿਰਨ ਵਾਲੇ ਪਿੱਤਰਾਂ, ਵੱਡੇ ਵਡੇਰਿਆਂ ਨੂੰ ਆਖਦੇ ਹਨ। ਪਿੱਤਰ-ਪੂਜ ਪ੍ਰਥਾ ਚਲਾਕ ਪੁਜਾਰੀ ਬ੍ਰਾਹਮਣ ਵੱਲੋਂ ਚਲਾਈ ਹੋਈਐ ਜੋ ਪਿੱਤਰ-ਪੂਜਾ ਦੇ ਨਾਂ 'ਤੇ ਆਮ ਸ਼ਰਧਾਲੂ ਜਜਮਾਨਾਂ ਤੋਂ ਇਸ ਕਰਕਾਂਡ ਰਾਹੀਂ ਮਰ ਚੁੱਕੇ ਪਿੱਤਰਾਂ ਦੇ ਨਾਂ 'ਤੇ ਭੇਟਾ ਰੂਪ 'ਚ ਧੰਨ ਤੇ ਪਦਾਰਥ ਬਟੋਰ ਲੈਂਦੇ ਹਨ। ਵਹਿਮੀ, ਗਿਆਨਹੀਨ ਤੇ ਪੁਜਾਰੀ-ਪੂਜ ਲੋਕ ਬ੍ਰਾਹਮਣ ਪੁਜਾਰੀ ਜਾਲ 'ਚ ਫਸ ਜਾਂਦੇ ਹਨ। ਲੋਕਾਂ ਨੂੰ ਭਰੋਸਾ ਤੇ ਲਾਲਚ ਦਿੱਤਾ ਜਾਂਦਾ ਹੈ ਕਿ ਪਿੱਤਰ-ਲੋਕ 'ਚ ਤੁਹਾਡੇ ਮਰ ਚੁੱਕੇ ਵੱਡੇ-ਵਡੇਰੇ (ਪਿੱਤਰਾਂ) ਭੁੱਖ, ਪਿਆਸ ਮਟੌਣ, ਅਰਾਮ ਕਰਨ ਤੇ ਪਹਿਨਣ ਲਈ ਬਸਤਰ ਚਾਹੀਦੇ ਨੇ ਨਹੀਂ ਤਾਂ ਉਹ ਭੁੱਖੇ, ਪਿਆਸੇ ਤੇ ਨਿਰ-ਵਸਤਰ ਤੜਫਣਗੇ। ਜਿਵੇਂ ਹਰਦੁਆਰ (ਮੁਕਤੀ ਕੇਂਦਰ) ਵਿਖੇ ਮੁਰਦੇ ਦੀਆਂ ਅਸਤੀਆਂ (ਹੱਡੀਆਂ ਤੇ ਰਾਖ) ਪਵਾ ਕੇ ਮੁਕਤੀ ਦਾ ਲਾਲਚ ਦਿੱਤਾ ਓਂਵੇਂ ਹੀ ਗਯਾ (ਪਿੱਤਰ ਲੋਕ ਦੇ ਡਾਕਖਾਨੇ) 'ਚ ਪ੍ਰੋਹਿਤ-ਪੁਜਾਰੀ ਬ੍ਰਾਹਮਣ ਨੂੰ ਪਿੰਡ ਦਾਨ ਕਰ ਪਿੱਤਰ-ਲੋਕ ਨੂੰ ਮੇਲ ਕੀਤੇ ਜਾਣ ਦਾ ਢੌਂਗ ਰਚਿਆ ਗਿਆ। ਕ੍ਰਾਂਤੀਕਾਰੀ ਭਗਤ ਕਬੀਰ ਜੀ ਬ੍ਰਾਹਮਣ ਪ੍ਰੋਹਿਤ ਦਾ ਭਰਮ ਜਾਲ ਤੋੜਦੇ ਨਿਧੱੜਕ ਹੋ ਆਖਦੇ ਹਨ ਕਿ-ਰਾਗੁ ਗਉੜੀ ਬੈਰਾਗਣਿ ਕਬੀਰ ਜੀ ੧ਓ ਸਤਿਗੁਰ ਪ੍ਰਸਾਦਿ॥ ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥੧॥ ਮੋ ਕਉ ਕੁਸਲੁ ਬਤਾਵਹੁ ਕੋਈ॥ ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ॥੧॥ਰਹਾਉ॥ ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ॥ ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ॥੨॥ ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ॥ ਰਾਮ ਨਾਮ ਕੀ ਗਤਿ ਨਹੀ ਜਾਨੀ ਭੈ ਡੂਬੇ ਸੰਸਾਰੀ॥੩॥ ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ॥ ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ॥੪॥੧॥੪੫॥ (ਕਬੀਰ-੩੩੨)

ਸ਼ਬਦ ਦੇ ਅਰਥ-ਲੋਕ ਜੀਊਂਦੇ ਮਾਪਿਆਂ ਦਾ ਤਾਂ ਆਦਰ ਮਾਣ ਨਹੀਂ ਕਰਦੇ ਪਰ ਮਰ ਗਏ ਪਿਤਰਾਂ ਨਿਮਿਤ ਭੋਜਨ ਖੁਆਉਂਦੇ ਹਨ। ਵਿਚਾਰੇ ਪਿਤਰ ਭਲਾ ਉਹ ਸਰਾਧਾਂ ਦਾ ਭੋਜਨ ਕਿਵੇਂ ਹਾਸਲ ਕਰਨ? ਉਸ ਨੂੰ ਤਾਂ ਕਾਂ-ਕੁੱਤੇ ਖਾ ਜਾਂਦੇ ਹਨ। ਮੈਨੂੰ ਕੋਈ ਧਿਰ ਦੱਸੋ ਕਿ ਪਿਤਰਾਂ ਦੇ ਨਮਿਤ ਸਰਾਧ ਖੁਆਉਣ ਨਾਲ ਪਿਛੇ ਘਰੇ ਸੁਖ-ਆਨੰਦ ਕਿਵੇਂ ਹੋ ਜਾਂਦਾ ਹੈ? ਸਾਰਾ ਸੰਸਾਰ ਇਸੇ ਭਰਮ-ਵਹਿਮ 'ਚ ਖਪ ਰਿਹਾ ਹੈ ਕਿ ਪਿਤਰਾਂ ਨਿਮਿਤ ਸਰਾਧ ਕੀਤਿਆਂ ਘਰ ਵਿੱਚ ਸੁਖ-ਆਨੰਦ ਬਣਿਆ ਰਹਿੰਦਾ ਹੈ। ਮਿੱਟੀ ਦੇ ਦੇਵੀ-ਦੇਵਤੇ ਬਣਾ ਕੇ ਲੋਕ ਉਸ ਦੇਵੀ ਜਾਂ ਦੇਵਤੇ ਅੱਗੇ ਬੱਕਰੇ ਆਦਿਕ ਦੀ ਕੁਰਬਾਨੀ ਦੇਂਦੇ ਹਨ। ਹੇ ਭਾਈ! ਇਸੇ ਤਰ੍ਹਾਂ ਦੇ ਮਿੱਟੀ ਦੇ ਬਣਾਏ ਹੋਏ ਤੁਹਾਡੇ ਪਿੱਤਰਾਂ ਅੱਗੇ ਭੀ ਜੋ ਤੁਹਾਡਾ ਚਿੱਤ ਕਰਦੈ ਧਰ ਦੇਂਦੇ ਹੋ ਪਰ ਉਹ ਆਪਣੇ ਮੂੰਹੋਂ ਮੰਗਿਆ ਕੁਝ ਨਹੀਂ ਲੈ ਸਕਦੇ।

ਲੋਕ ਲੋਕਾਚਾਰੀ ਰਸਮਾਂ ਦੇ ਡਰ 'ਚ ਗ਼ਰਕ ਹੋ ਰਹੇ ਨੇ ਜੀਉਂਦੇ ਜੀਵਾਂ ਨੂੰ ਦੇਵੀ ਦੇਵਤਿਆਂ ਅੱਗੇ ਭੇਟ ਕਰਨ ਲਈ ਮਾਰਦੇ ਤੇ ਇਸ ਤਰ੍ਹਾਂ ਮਿੱਟੀ ਆਦਿਕ ਦੇ ਬਣਾਏ ਹੋਏ ਨਿਰਜਿੰਦ ਦੇਵਤਿਆਂ ਨੂੰ ਪੂਜਦੇ ਹੋਏ ਆਪਣਾ ਅੱਗਾ ਵਿਗਾੜੀ ਜਾ ਰਹੇ ਹਨ। ਐਸੇ ਲੋਕਾਂ ਨੂੰ ਉਸ ਆਤਮਕ ਅਵਸਥਾ ਦੀ ਸਮਝ ਨਹੀਂ ਪੈਂਦੀ ਜੋ ਪ੍ਰਭੂ ਨਿਯਮ ਨੂੰ ਸਮਝ ਕੇ ਪੈਂਦੀ ਹੈ। ਕਬੀਰ ਆਖਦਾ ਹੈ ਕਿ ਅਜਿਹੇ ਲੋਕ ਮਿੱਟੀ ਦੇ ਬਣਾਏ ਹੋਏ ਦੇਵੀ-ਦੇਵਤਿਆਂ ਨੂੰ ਪੂਜਦੇ ਤੇ ਸਹਿਮੇ ਭੀ ਰਹਿੰਦੇ ਨੇ ਕਿਉਂਕਿ ਅਸਲ 'ਕੁਸ਼ਲ' ਦੇਣ ਵਾਲੇ ਅਕਾਲ ਪੁਰਖ ਨੂੰ ਉਹ ਜਾਣਦੇ ਹੀ ਨਹੀਂ ਹਨ। ਉਹ ਜਾਤ-ਕੁਲ-ਰਹਿਤ ਪ੍ਰਭੂ ਨੂੰ ਨਹੀਂ ਸਿਮਰਦੇ ਉਹ ਸਦਾ ਮਾਇਆ ਨਾਲ ਲਪਟੇ ਰਹਿੰਦੇ ਹਨ। ਭਾਵ ਘਰ ਵਿੱਚ ਹਰ ਤਰ੍ਹਾਂ ਦਾ ਸੁਖ-ਆਨੰਦ ਬਣੇ ਰਹਿਣ ਦੀ ਖ਼ਾਤਰ ਭਰਮੀ ਲੋਕ ਪਿਤਰਾਂ ਨਮਿਤ ਸਰਾਧ ਕਰਦੇ ਹਨ, ਮਿੱਟੀ ਦੇ ਦੇਵੀ ਦੇਵਤੇ ਬਣਾ ਕੇ ਉਨ੍ਹਾਂ ਅੱਗੇ ਕੁਰਬਾਨੀ ਦੇਂਦੇ ਹਨ ਪਰ ਫਿਰ ਭੀ ਸਹਿਮ ਬਣਿਆ ਹੀ ਰਹਿੰਦਾ ਹੈ ਕਿਉਂਕਿ ਸੁਖ ਅਨੰਦ ਦੇ ਸੋਮੇ ਪ੍ਰਭੂ ਨੂੰ ਵਿਸਾਰ ਕੇ ਮਾਇਆ ਦੇ ਮੋਹ 'ਚ ਜਕੜੇ ਰਹਿੰਦੇ ਹਨ।

ਉਦਾਸੀਆਂ (ਪ੍ਰਚਾਰਕ ਦੌਰਿਆਂ) ਸਮੇਂ ਗੁਰੂ ਨਾਨਕ ਪਾਤਸ਼ਾਹ ਨੇ ਇਹ ਸਾਰੇ ਪਾਖੰਡ ਵੇਖੇ ਵਹਿਮੀ ਲੋਕ ਬ੍ਰਾਹਮਣ ਪੁਜਾਰੀ ਮਗਰ ਲੱਗ ਮਾਂ-ਬਾਪ ਦੀ ਸੇਵਾ ਤਾਂ ਕਰਦੇ ਨਹੀਂ ਸਗੋਂ ਮੁਰਦਿਆਂ ਨੂੰ ਪੂਜਣ ਦਾ ਭਰਮ ਪੂਰਾ ਕਰਦੇ ਪੁਜਾਰੀ ਹੱਥੋਂ ਬੁਰੀ ਤਰਾਂ ਲੁੱਟ ਹੁੰਦੇ ਹਨ। ਕੀ ਵੇਖਦੇ ਹਨ ਕਿ ਬ੍ਰਾਹਮਣ-ਪੁਜਾਰੀ ਇੱਕ ਪਿੰਡ ਦੇਵਤਿਆਂ ਤੇ ਹੋਰ ਪਿੰਡ ਪਿੱਤਰਾਂ ਨਮਿੱਤ ਦਿੰਦਾ ਤੇ ਭੋਜਨ ਕਰ ਤੇ ਧੰਨ-ਪਦਾਰਥ ਲੈ ਤਿੱਤਰ ਹੋ ਜਾਂਦੈ ਪਰ ਕਲਪਿੱਤ ਪਿੱਤਰ-ਲੋਕ 'ਚ ਕਿਸੇ ਨੂੰ ਨਹੀਂ ਅੱਪੜਦਾ। ਗੁਰਦੇਵ ਜੀ ਨੇ ਫੁਰਮਾਇਆ ਕਿ ਪ੍ਰਭੂ ਬਖਸ਼ਿਸ਼ ਦਾ ਪਿੰਡ ਕਦੇ ਵੀ ਨਹੀਂ ਮੁੱਕਦਾ। ਇਸ ਲਈ ਸਦਾ ਦਾਤੇ ਦੀ ਬਖਸ਼ਿਸ਼ ਰੂਪ ਕਿਰਤ-ਦਾਤ 'ਚ ਵਿਸ਼ਵਾਸ਼ ਰੱਖਣਾ ਚਾਹੀਦਾ ਹੈ-ਆਸਾ ਮਹਲਾ ੧॥ ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲ॥੧॥ ਲੋਕਾ ਮਤ ਕੋ ਫਕੜਿ ਪਾਇ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥੧॥ਰਹਾਉ॥ ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥ ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥੨॥ ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥ ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ॥੩॥ ਇਕ ਲੋਕੀ ਹੋਰੁ ਛਮਿ-ਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ॥ ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ॥੪॥੨॥੩੨॥(ਮ:੧-੩੫੮)

ਭਾਵ ਹਿੰਦੂ-ਮਰਯਾਦਾ ਅਨੁਸਾਰ ਜਦੋਂ ਕੋਈ ਪ੍ਰਾਣੀ ਮਰਨ ਲੱਗਦੈ ਤਾਂ ਉਸ ਨੂੰ ਮੰਜੇ ਤੋਂ ਹੇਠਾਂ ਲਾਹ ਲੈਂਦੇ ਹਨ। ਉਸ ਦੇ ਹੱਥ ਦੀ ਤਲੀ ਉੱਤੇ ਆਟੇ ਦਾ ਦੀਵਾ ਰੱਖ ਕੇ ਜਗਾ ਦੇਂਦੇ ਨੇ ਤਾਂ ਕਿ ਜਿਸ ਅਣਡਿੱਠੇ ਹਨੇਰੇ ਰਸਤੇ ਉਸ ਦੀ ਆਤਮਾ ਨੇ ਜਾਣੈ, ਇਹ ਦੀਵਾ ਰਸਤੇ 'ਚ ਚਾਨਣ ਕਰੇ। ਉਸ ਦੇ ਮਰਨ ਪਿਛੋਂ ਜਵਾਂ ਜਾਂ ਚੌਲਾਂ ਦੇ ਆਟੇ ਦੇ ਪੇੜੇ (ਪਿੰਡ) ਪੱਤਰਾਂ ਦੀ ਥਾਲੀ (ਪੱਤਲ) ਉੱਤੇ ਰੱਖ ਕੇ ਮਣਸੇ ਜਾਂਦੇ ਹਨ। ਇਹ ਮਰੇ ਪ੍ਰਾਣੀ ਲਈ ਰਸਤੇ ਦੀ ਖ਼ੁਰਾਕ ਹੁੰਦੀ ਹੈ। ਮੌਤ ਤੋਂ ੧੩ ਦਿਨ ਪਿਛੋਂ "ਕਿਰਿਆ" ਕੀਤੀ ਜਾਂਦੀ ਹੈ। ਆਚਾਰਯ-ਪੁਜਾਰੀ (ਕਿਰਿਆ ਕਰਾਣ ਵਾਲਾ ਬ੍ਰਾਹਮਣ) ਵੇਦ-ਮੰਤ੍ਰ ਆਦਿਕ ਪੜ੍ਹਦੈ ਮਰੇ ਪ੍ਰਾਣੀ ਨਮਿਤ ਇੱਕ ਲੰਮੀ ਮਰਯਾਦਾ ਕੀਤੀ ਜਾਂਦੀ ਹੈ। ੩੬੦ ਦੀਵੇ ਤੇ ਇਤਨੀਆਂ ਹੀ ਵੱਟੀਆਂ ਅਤੇ ਤੇਲ ਰੱਖਿਆ ਜਾਂਦਾ ਹੈ। ਉਹ ਵੱਟੀਆਂ ਇਕੱਠੀਆਂ ਹੀ ਤੇਲ ਵਿਚ ਭਿਉਂ ਕੇ ਬਾਲ ਦਿੱਤੀਆਂ ਜਾਂਦੀਆਂ ਹਨ। ਸ਼ਰਧਾ ਇਹ ਹੁੰਦੀ ਹੈ ਕਿ ਮਰੇ ਪ੍ਰਾਣੀ ਨੇ ਇਕ ਸਾਲ 'ਚ ਪਿਤਰ-ਲੋਕ ਤਕ ਪਹੁੰਚਣੈ ਤੇ ਇਹ ੩੬੦ ਦੀਵੇ (ਇਕ ਇਕ ਦੀਵਾ ਹਰ ਰੋਜ਼) ਇਕ ਸਾਲ ਰਸਤੇ ਵਿੱਚ ਚਾਨਣ ਕਰਨਗੇ। ਸਸਕਾਰ ਤੋਂ ਚੌਥੇ ਦਿਨ ਮੜ੍ਹੀ ਫੋਲ ਕੇ ਸੜਨ ਤੋਂ ਬਚੀਆਂ ਹੱਡੀਆਂ (ਫੁੱਲ) ਚੁਣੀਆਂ ਜਾਂਦੀਆਂ ਹਨ। ਇਹ 'ਫੁੱਲ' ਹਰਿਦੁਆਰ ਜਾ ਕੇ ਗੰਗਾ 'ਚ ਪਰਵਾਹੇ ਜਾਂਦੇ ਹਨ। ਆਮ ਤੌਰ ਤੇ ਕਿਰਿਆ ਤੋਂ ਪਹਿਲਾਂ ਹੀ ਫੁੱਲ ਗੰਗਾ-ਪਰਵਾਹ ਕੀਤੇ ਜਾਂਦੇ ਹਨ।

ਨੋਟ-ਇਸ ਵਰਤਾਰੇ 'ਤੇ ਲੋਕੀਂ ਇੱਕ ਦੰਦ ਕਥਾ ਵੀ ਸੁਣਾਉਂਦੇ ਹਨ ਕਿ ਇਕ ਵਾਰ ਚਲਾਕ ਬ੍ਰਾਹਮਣ-ਪੁਜਾਰੀ ਇੱਕ ਜੱਟ (ਕਿਸਾਨ) ਦੇ ਘਰ ਚਲਾ ਗਿਆ ਤੇ ਆਖਦੈ ਕਿ ਜਜਮਾਨਾਂ ਤੇਰਾ ਪਿਉ ਪਿੱਤਰ ਲੋਕ 'ਚ ਭੁੱਖਾ, ਪਿਆਸਾ ਤੇ ਬਸਤ੍ਰਾਂ ਬਿਨਾਂ ਤੜਫ ਰਿਹੈ ਜੇ ਤੂੰ ਪਿਤਾ ਦਾ ਭਲਾ ਚਾਹੁੰਦਾ ਹੈਂ ਤਾਂ ਮੈਂ ਤੇਰੀ ਮਦਦ ਕਰ ਸਕਦਾ ਹਾਂ। ਸੁਣ! ਜੇ ਤੂੰ ਬ੍ਰਾਹਮਣ ਦੁਆਰਾ ਪਿੱਤਰ-ਪੂਜਾ ਕਰੇਂਗਾ ਤਾਂ ਸਭ ਕੁਝ ਦਿੱਤਾ ਪਿਤਾ ਨੂੰ ਮਿਲ ਜਾਵੇਗਾ। ਏਨੇ ਨੂੰ ਬ੍ਰਾਹਮਣ-ਪੁਜਾਰੀ ਦੀ ਨਿਗ੍ਹਾ ਕਿਸਾਨ ਦੀ ਸੱਜਰ ਲਵੇਰੀ ਗਾਂ 'ਤੇ ਪੈ ਗਈ। ਕਹਿੰਦਾ ਪਹਿਲਾਂ ਸੋਨੇ ਦੀ ਗਾਂ ਬਣਾ ਕੇ ਦਾਨ ਕਰ ਕਿਉਂਕਿ ਤੇਰੇ ਪਿਤਾ ਦੀ ਦੁੱਧ ਘਿਓ ਦੀ ਲੋੜ ਵੀ ਪੂਰੀ ਹੋ ਜਾਵੇਗੀ। ਕਿਸਾਨ ਸਿਆਣਾ ਸੀ ਪੁੱਛਣ ਲੱਗਾ ਪੰਡਿਤ ਜੀ ਮੇਰੇ ਪਿਤਾ ਜੀ ਤਾਂ ਇੱਕ ਵੱਡਾ ਅਫੀਮ ਦਾ ਮਾਵਾ ਵੀ ਗਰਮ ਦੁੱਧ ਨਾਲ ਹਰ-ਰੋਜ ਖਾਂਦੇ ਸੀ ਉਨ੍ਹਾਂ ਦਾ ਤਾਂ ਅਮਲ ਟੁੱਟਾ ਹੋਣੈ, ਲੈ ਫੜ ਅਫੀਮ ਤੇ ਗਰਮ ਦੁੱਧ ਮੇਰੇ ਸਾਹਮਣੇ ਪਹਿਲਾਂ ਪਿਤਾ ਜੀ ਨੂੰ ਅੱਪੜਾਦੇ ਫਿਰ ਮੈਂ ਸੋਨੇ ਦੀ ਗਾਂ ਦਾ ਵੀ ਪ੍ਰਬੰਧ ਕਰਦਾ ਹਾਂ। ਬ੍ਰਾਹਮਣ ਨੂੰ ਤ੍ਰੇਲੀਆਂ ਆਉਣ ਲੱਗ ਪਈਆਂ, ਸਾਹ ਉੱਤੇ-ਥੱਲੇ ਹੋਣ ਲੱਗਾ ਤੇ ਇੱਧਰ-ਓਧਰ ਵੇਖਦੇ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਨਾ ਹੁਣ ਅਫੀਮ ਖਾਣ ਜੋਗਾ ਨਾ ਛੱਡਣ ਜੋਗਾ ਕਿਉਂਕਿ ਜੱਟ ਨੇ ਵੀ ਪੂਰਾ ਗੋਲਾ ਵੱਟ ਕੇ ਲਿਆਂਦਾ ਸੀ ਕੰਬਦੇ ਹੱਥਾਂ ਤੇ ਥਰਕਦੀ ਜਬਾਨ ਨਾਲ ਕਹਿਣ ਲੱਗਾ ਹਮ ਲੋਕ ਨਸ਼ਾ ਆਗੇ ਸਪਲਾਈ ਨ ਨ ਨਹ ਨਹੀਂ ਕਰ ਸਕਦੇ, ਏਵੇਂ ਦੇ ਆਨੇ ਬਹਾਨੇ ਲਾ ਜੱਟ ਕੋਲੋਂ ਖਰੀਆਂ-ਖਰੀਆਂ ਸੁਣਦਾ ਧੌੜੀ ਲਵਾਹ ਕੇ ਨੱਠ ਗਿਆ। ਇਸ ਦੰਦ ਕਥਾ ਤੋਂ ਵੀ ਸਿਖਿਆ ਮਿਲਦੀ ਹੈ ਕਿ ਪਿੱਤ੍ਰਾਂ ਨਮਿੱਤ ਪੁਜਾਰੀਆਂ ਨੂੰ ਦਾਨ-ਪੁੰਨ ਕਰਨਾ, ਧੰਨ ਤੇ ਕੀਮਤੀ ਪਦਾਰਥ ਦੇਣੇ ਸਭ ਪਾਖੰਡਜਾਲ ਹੈ ਪਰ ਬੜੇ ਦੁੱਖ ਨਾਲ ਲਿਖ ਰਿਹਾਂ ਹਾਂ ਕਿ ਜਿੱਥੇ ਇਹ ਪਾਖੰਡੀ ਕਰਮਕਾਂਡ ਅੱਜ ਵੀ ਬਹੁਤੇ ਹਿੰਦੂਆਂ 'ਚ ਚੱਲ ਰਹੇ ਨੇ ਓਥੇ ਸਾਡੇ ਬਹੁਤੇ ਸੰਤਾਂ, ਬਾਬਿਆਂ, ਰਾਗੀਆਂ-ਗ੍ਰੰਥੀਆਂ, ਪ੍ਰਬੰਧਕਾਂ ਤੇ ਸੰਪ੍ਰਦਾਈਆਂ ਨੇ ਵੀ ਮ੍ਰਿਤਕ-ਪਾਠਾਂ ਦੇ ਭੋਗਾਂ 'ਤੇ ਮ੍ਰਿਤਕ ਪ੍ਰਾਣੀ ਨੂੰ ਧੰਨ, ਪਦਾਰਥ, ਬਰਤਨ ਤੇ ਬਸਤਰ ਦਾਨ ਰੂਪ 'ਚ ਭੇਜਣੇ ਸ਼ੁਰੂ ਕਰ ਦਿੱਤੇ ਹਨ। ਅੱਜ ਅਸੀਂ ਇੱਕ ਜੱਟ-ਕਿਸਾਨ ਤੋਂ ਵੀ ਬੌਧਕ ਤੌਰ ਤੇ ਗਿਰ ਚੁੱਕੇ ਹਾਂ ਕਿ ਧਰਮ-ਪੁਜਾਰੀਆਂ ਨੂੰ ਕੋਈ ਸਵਾਲ ਨਹੀਂ ਕਰਦੇ ਸਗੋਂ ਅੱਖਾਂ-ਮੀਟੀ ਚੰਗੇ-ਮੰਦੇ ਸਭ ਥੋਥੇ ਕਰਮਕਾਂਡ ਕਰੀ ਕਰਾਈ ਜਾ ਰਹੇ ਹਾਂ। ਸਾਡੇ ਕੋਲ ਤਾਂ ਰੱਬੀ ਭਗਤਾਂ ਤੇ ਸਿੱਖ ਗੁਰੂ ਸਹਿਬਾਨਾਂ ਦੇ ਬਾਣੀ ਰੂਪ ਉਪਦੇਸ਼ ਹਨ ਜਿੰਨ੍ਹਾਂ ਨੂੰ ਪੜ੍ਹ ਵਿਚਾਰ ਕੇ ਜੀਵਨ 'ਚ ਧਾਰਨ ਦੀ ਥਾਂ ਮੁੱਲ ਦੇ ਪਾਠ ਕਰਾਈ ਜਾਂਦੇ ਹਾਂ। ਅਨਪੜ੍ਹ ਤਾਂ ਕੀ ਪੜ੍ਹੇ ਲਿਖੇ ਸੱਜਣ ਵੀ ਸ਼ਰਧਾ ਦੇ ਨਾਂ 'ਤੇ ਕਰਾਈ ਜਾਂਦੇ ਹਨ। ਭਗਤ ਕਬੀਰ ਤੇ ਗੁਰੂ ਨਾਨਕ ਪਾਤਸ਼ਾਹ ਦੇ ਉਪ੍ਰੋਕਤ ਸ਼ਬਦ ਇਕੱਲੇ ਬ੍ਰਾਹਮਣ ਪੁਜਾਰੀਆਂ ਲਈ ਹੀ ਨਹੀਂ ਸਗੋਂ ਸਾਡੇ ਸਭ ਲਈ ਸਾਂਝਾ ਹਨ-ਪਰਥਾਇ ਸਾਖੀ ਮਹਾਂ ਪੁਰਖ ਬੋਲਦੇ ਸਾਂਝੀ ਸਗਲ ਜਹਾਨੈ॥(ਮ:੩-੬੪੭)

# ਗੁਰੂ ਰਵਿਦਾਸ ਜੀ ਦੇ ਸਰਬ ਸਾਂਝੇ ਉਪਦੇਸ਼

**ਅਵਤਾਰ ਸਿੰਘ ਮਿਸ਼ਨਰੀ**

ਗੁਰੂ ਰਵਿਦਾਸ ਜੀ ਨੇ ਪ੍ਰਭੂ ਸਿਮਰਨ ਤੇ ਜੋਰ ਦਿੱਤਾ। ਸਿਮਰਨ ਭਾਵ ਪ੍ਰਭੂ ਨੂੰ ਹਰ ਵੇਲੇ ਯਾਦ ਰੱਖਣਾ। ਗ੍ਰਿਹਸਤ ਮਾਰਗ 'ਚ ਰਹਿੰਦਿਆਂ ਕਿਰਤ ਕਮਾਈ ਕਰਨੀ, ਵੰਡ ਛੱਕਣਾ ਤੇ ਪ੍ਰਭੂ ਦੀ ਯਾਦ ਹੀ ਅਸਲ ਭਗਤੀ ਹੈ। ਉਹ ਸਾਡੇ ਹੱਥਾਂ ਪੈਰਾਂ ਤੋਂ ਵੀ ਨੇੜੇ ਹੈ- ਕਹੁ ਰਵਿਦਾਸ ਹਾਥ ਪੈ ਨੇਰੈ॥ (੬੫੮) ਜਿਵੇਂ ਸੋਨੇ ਅਤੇ ਸੋਨੇ ਦੇ ਬਣੇ ਗਹਿਣੇ ਵਿੱਚ ਅੰਤਰ ਨਹੀਂ ਇਵੇਂ ਹੀ ਆਤਮਾਂ ਤੇ ਪ੍ਰਮਾਤਮਾਂ ਦਾ ਅਸਲਾ ਵੀ ਇੱਕ ਹੈ। ਜਿਵੇਂ ਗਹਿਣੇ ਸੋਨੇ ਦੀ ਸਜਾਵਟ ਨੇ ਇਵੇਂ ਹੀ ਭਗਤ ਭਗਵਾਨ ਦੀ ਸੁੰਦਰਤਾ ਹਨ। ਜਿਵੇਂ ਪਾਣੀ ਤੋਂ ਪੈਦਾ ਹੋਇਆ ਬੁਲਬੁਲਾ ਤੇ ਪਾਣੀ ਇੱਕ ਹੀ ਨੇ ਫਰਕ ਕੇਵਲ ਵੱਖਰੀ ਬਣਤਰ ਦਾ ਹੈ-ਤੋਹੀ ਮੋਹੀ, ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥ (੯੩) ਮਨੁੱਖਾ ਜਨਮ ਦੁਰਲੱਭ ਜਨਮ ਹੈ-ਦੁਲਭੁ ਜਨਮੁ ਪੁੰਨ ਫਲ ਪਾਇਓ॥ (੬੫੮) ਸਭ ਮਨੁੱਖ ਬਰਾਬਰ ਹਨ, ਕੋਈ ਜਾਤ-ਪਾਤ ਕਰਕੇ ਉੱਚਾ ਨੀਵਾਂ ਨਹੀਂ ਸਗੋਂ ਕਰਮਾਂ ਕਰਕੇ ਹੈ। ਗੋਬਿੰਦ ਹੀ ਨੀਵਿਆਂ ਨੂੰ ਉੱਚਾ ਕਰਨ ਵਾਲਾ ਹੈ- ਨੀਚਹ ਊਚ ਕਰੈ ਮੇਰਾ ਗੋਬਿੰਦੁ (੧੧੦੬) ਸੁੱਚ-ਭਿੱਟ ਛੂਆ-ਛਾਤ ਵਿੱਚ ਵਿਸ਼ਵਾਸ ਨਹੀਂ ਰੱਖਣਾ ਕਿਉਂਕਿ ਇਹ ਬ੍ਰਾਹਮਣ ਦੀ ਪੈਦਾ ਕੀਤੀ ਹੋਈ ਹੈ। ਪ੍ਰਭੂ ਭਗਤ ਨੇ ਸਫਾਈ ਰੱਖਣੀ ਹੈ ਨਾ ਕਿ ਸੁੱਚ ਭਿੱਟ ਪਰ ਅੱਜ ਕੱਲ੍ਹ ਕਈ ਗੁਰਦੁਆਰਿਆਂ ਵਿੱਚ ਵੀ ਸੁੱਚ ਭਿੱਟ ਦੇਖੀ ਜਾ ਸਕਦੀ ਹੈ। ਧੂਪਾਂ ਦੀਪਾਂ ਜੋਤਾਂ ਨਾਲ ਪ੍ਰਭੂ ਦੀ ਆਰਤੀ ਨਹੀਂ ਕੀਤੀ ਜਾ ਸਕਦੀ ਪਰ ਪ੍ਰਭੂ ਦਾ ਨਾਮ ਹੀ ਸੱਚੀ ਆਰਤੀ ਹੈ- ਨਾਮ ਤੇਰੋ ਆਰਤੀ॥ (੬੯੪) ਵਹਿਮਾਂ ਭਰਮਾਂ, ਜੁੱਗਾਂ ਤੇ ਥਿਤਾਂ ਵਾਰਾਂ ਦੀ ਪੂਜਾ ਬ੍ਰਾਹਮਣੀ ਕਰਮ ਹਨ।

ਗੁਰੂ ਰਵਿਦਾਸ ਜੀ ਲਈ ਪੂਜਾ ਕੇਵਲ ਸੁੱਚੀ ਕਿਰਤ ਤੇ ਨਾਮ ਹੀ ਹੈ- ਕਲਿ ਕੇਵਲ ਨਾਮ ਅਧਾਰ (ਗੁਰੂ ਗ੍ਰੰਥ) ਪਸ਼ੂ ਪੰਛੀਆਂ ਵਿੱਚ ਇੱਕ-ਇੱਕ ਦੋਖ ਪਰ ਇਸਤਰੀ ਪੁਰਸ਼ ਵਿੱਚ ਪੰਜ ਇੱਕਠੇ ਹਨ-ਮ੍ਰਿਗ ਮੀਨ ਭ੍ਰਿੰਗ ਕੁੰਚਰ ਏਕੁ ਦੋਖ ਬਿਨਾਸ॥ ਪਾਂਚ ਦੋਖ ਅਸਾਧ ਜਾ ਮਹਿ ਤਾਂ ਕੀ ਕੇਤਕ ਆਸ (੪੮੬) ਜਿਵੇਂ ਚੰਦਨ ਦੇ ਨਿਕਟ ਵੱਸਣ ਵਾਲੇ ਹਰਿੰਡ ਚੋਂ ਵੀ ਖੁਸ਼ਬੂ ਅਉਣ ਲੱਗ ਜਾਂਦੀ ਤਿਵੇਂ ਗੁਣਹੀਣ ਮਨੁੱਖ ਵੀ ਗੁਣੀ ਪ੍ਰਭੂ ਦੇ ਗੁਣਾਂ ਦੀ ਖੁਸ਼ਬੋ ਨਾਲ ਭਰ ਜਾਂਦੇ ਹਨ-ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥ (੪੮੬) ਸਭ ਵਸਤੂਆਂ ਜੂਠੀਆਂ ਹੋ ਸਕਦੀਆਂ ਨੇ ਪਰ ਪ੍ਰਭੂ ਦਾ ਨਾਮ ਸਦਾ ਸੁੱਚਾ ਰਹਿੰਦੈ ਜਿਵੇਂ ਦੁੱਧ ਵੱਛੇ ਨੇ ਥਣ ਚੁੰਘਣ, ਫੁ.ਲ ਭਵਰੇ ਬਾਸ ਲੈਣ ਅਤੇ ਪਾਣੀ ਮੱਛੀ ਦੇ ਰਹਿਣ ਨਾਲ ਝੂਠੇ ਹੋ ਜਾਂਦੇ ਹਨ-ਦੂਧੁ ਤ ਬਛਰੈ ਥਨਹੁ ਬਿਟਾਰਿਓ॥ ਫੂਲ ਭਵਰ ਜਲ ਮੀਨ ਬਿਗਾਰਿਓ॥ (੫੨੫) ਬ੍ਰਾਹਮਣ ਭਾਵੇਂ ਖਟ ਕਰਮ ਕਰੇ ਤਾਂ ਵੀ ਉਹ ਨੀਚ ਹੈ ਜੇ ਉਸ ਦੇ ਹਿਰਦੇ 'ਚ ਦੂਜਿਆਂ ਪ੍ਰਤੀ ਪਿਆਰ ਨਹੀਂ- ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੇ ਨਾਹਿ (੧੧੨੪) ਜੇ ਕਹੇ ਜਾਂਦੇ ਪਾਪੀ ਅਜਾਮਲ ਤੇ ਪਾਪਣ ਪਿੰਗਲਾ ਵਰਗੇ ਚੰਗੀ ਸੰਗਤ ਕਰ, ਨਾਮ ਜਪ ਕੇ ਤਰ ਗਏ ਫਿਰ ਚਮਾਰ ਆਦਿਕ ਕਹੀ ਜਾਂਦੀ ਨੀਵੀਂ ਜਾਤ ਦਾ ਰਵਿਦਾਸ ਕਿਉ ਨਹੀਂ ਤਰੇਗਾ?

- ਅਜਾਮਲ ਪਿੰਗੁਲਾ ਲੁਭਤ ਕੁੰਚਰ ਗਏ ਹਰਿ ਕੈ ਪਾਸ॥ ਐਸੇ ਦੁਰਮਤਿ ਨਿਸਤਰੈ ਤੂ ਕਿਉਂ ਨ ਤਰਹਿ ਰਵਿਦਾਸ॥(੧੧੨੪) ਜਿਸ ਦੇ ਅੰਦਰ ਦਰਦ ਨਹੀਂ ਉਹ ਦੂਜਿਆਂ ਦੀ ਦਰਦ ਕਿਵੇਂ ਮਹਿਸੂਸ ਕਰ ਸਕਦਾ ਹੈ-ਜਿਨ ਕੇ ਅੰਤਰਿ ਦਰਦ ਨ ਪਾਈ॥ ਸੋ ਕਤ ਜਾਨੈ ਪੀਰ ਪਰਾਈ(੭੯੩) ਚੰਮ ਤੋਂ ਬਣਿਆਂ ਹੋਣ ਕਰਕੇ ਸਾਰਾ ਸੰਸਾਰ ਹੀ ਚਮਾਰ ਹੈ ਫਿਰ ਵਖਰੇਵਾਂ ਕਾਹਦਾ? ਕਿਉਂਕਿ ਬ੍ਰਾਹਮਣ ਦਾ ਸਰੀਰ ਵੀ ਚੰਮ ਦਾ ਹੀ ਹੈ ਸੋਨੇ ਦਾ ਨਹੀਂ। ਮੋਹ ਮਾਇਆ ਜਾਲ ਤੋਂ ਬਚਣਾ ਹੈ-ਜਿਉਂ ਕਮਲ ਰਹਹਿ ਵਿੱਚ ਪਾਣੀ ਹੇ (ਸ਼ਬਦ ਗੁਰੂ) ਮੋਹ 'ਚ ਫਸਿਆ ਜੀਵ ਸਰੀਰ ਰੂਪੀ ਜੁੱਤੀ ਦੀ ਹੀ ਗੰਢ-ਤੁੱਪ ਕਰਦਾ ਕਰਾਉਂਦਾ ਰਹਿੰਦਾ ਹੈ-ਲੋਗੁ ਗਠਾਵੈ ਪਨਹੀ (੬੫੯) ਪਨਹੀ (ਜੁੱਤੀ)

ਇਹ ਸੰਸਾਰ ਬਿਨਸਨਹਾਰ ਹੈ-ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੂਚ ਰਹਿਣ ਥਿਰ ਨਾਹੀ॥ (੭੯੩) ਪਤੀ ਦੀ ਸਾਰ ਸੁਹਾਗਣ (ਗੁਰੂ ਗਿਆਨ ਵਾਲੀ ਜੀਵ ਇਸਤਰੀ) ਹੀ ਪ੍ਰਮਾਤਮਾਂ ਪਤੀ ਨੂੰ ਜਾਣ-ਪਹਿਚਾਣ ਸਕਦੀ ਹੈ-ਸਹ ਕੀ ਸਾਰ ਸੁਹਾਗਨਿ ਜਾਣੈ॥ (੭੯੩) ਗਿਆਨ ਦੀ ਪ੍ਰਾਪਤੀ ਲਈ ਕਰਮ ਅਭਿਆਸ ਕਰਨੈ ਪਰ ਜਦ ਗਿਆਨ ਹੋ ਜਾਵੇ ਤਾਂ ਤੋਤਾ ਰਟਨੀ ਛੱਡਣੀ ਚਾਹੀਦੀ ਹੈ ਜਿਵੇਂ ਅਸੀਂ ਪਹਿਲੀ ਜਮਾਤ ਦੇ ਕੈਦੇ ਕਿਤਾਬਾਂ ਤੋਂ ਉੱਪਰ ਉੱਠਦੇ ਜਾਂਦੇ ਹਾਂ ਇਵੇਂ ਹੀ ਕਰਮ ਜਾਲ ਤੋਂ ਉਪਰ ਉੱਠਣਾ ਹੈ-ਗਿਆਨੈ ਕਾਰਨ ਕਰਮ ਅਭਿਆਸੁ॥ ਗਿਆਨੁ ਭਇਆ ਤਹ ਕਰਮਹ ਨਾਸੁ॥

**(ਬਾਕੀ ਅਗਲੇ ਸਫੇ 'ਤੇ)**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਰਾਜਧਾਨੀ ਵਿਚ ਮੁੜ ਹੋ ਸਕਦੀ ਹੈ ਹਿੰਸਾ- ਪੁਲਿਸ ਮੁੱਖੀ ਦੀ ਚਿਤਾਵਨੀ

**ਸੈਕਰਾਮੈਂਟੋ 27 ਫਰਵਰੀ–** ਬਾਇਡੇਨ ਪ੍ਰਸ਼ਾਸਨ ਲਈ ਸੱਤਾ ਤਬਦੀਲੀ ਦੌਰਾਨ ਦਰਪੇਸ਼ ਖਤਰਾ ਅਜੇ ਟਲਿਆ ਨਹੀਂ ਹੈ ਤੇ ਸੰਘੀ ਅਧਿਕਾਰੀ ਰਾਸ਼ਟਰਪਤੀ ਜੋਅ ਬਾਇਡੇਨ ਵੱਲੋਂ ਕਾਂਗਰਸ ਦੇ ਸਾਂਝੇ ਇਜਲਾਸ ਨੂੰ ਸੰਬੋਧਨ ਨੂੰ ਲੈ ਕੇ ਪੂਰੀ ਚੌਕਸੀ ਵਰਤ ਰਹੇ ਹਨ ਕਿਉਂਕਿ ਮਿਲੀਸ਼ੀਆ ਗਰੁੱਪ ਇਸ ਦਿਨ ਕੈਪੀਟਲ ਹਿੱਲ ਵਿਚ ਹਿੰਸਾ ਕਰ ਸਕਦੇ ਹਨੌਂ ਇਹ ਪ੍ਰਗਟਾਵਾ ਇਕ ਸੀਨੀਅਰ ਸੰਘੀ ਅਧਿਕਾਰੀ ਨੇ ਕੀਤਾ ਹੈ। ਇਸ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਉਹ ਇਸ ਗੱਲ ਨੂੰ ਲੈ ਕੇ ਫਿ-ਕਰਮੰਦ ਹਨ ਕਿ ਘਰੇਲੂ ਅੱਤਵਾਦੀ ਰਾਸ਼ਟਰਪਤੀ ਦੇ ਭਾਸ਼ਣ 'ਤੇ ਪ੍ਰਤੀਕ੍ਰਿਰਿਆ ਪ੍ਰਗਟ ਕਰ ਸਕਦੇ ਹਨ। ਯੂ ਐਸ ਕੈਪੀਟਲ ਪੁਲਿਸ ਮੁੱਖੀ ਯੋਗਾਨੰਦਾ ਪਿਟਮੈਨ ਵੱਲੋਂ ਇਕ ਦਿਨ ਪਹਿਲਾਂ ਚਿਤਾਵਨੀ ਦਿੱਤੀ ਗਈ ਸੀ ਕਿ ਮਿਲੀਸ਼ੀਆ ਗਰੁੱਪ ਜਿਨ੍ਹਾਂ ਨੇ 6 ਜਨਵਰੀ ਨੂੰ ਹੋਏ ਹਮਲੇ ਵਿਚ ਹਿੱਸਾ ਲਿਆ ਸੀ, ਮੁੜ ਹਿੰਸਾ ਭੜਕਾਉਣ ਲਈ ਯਤਨਸ਼ੀਲ ਹਨ ਤੇ ਸੰਭਾਵੀ ਤੌਰ 'ਤੇ ਰਾਸ਼ਟਰਪਤੀ ਜੋਅ ਬਾਇਡੇਨ ਦੇ ਭਾਸ਼ਣ ਵਾਲੇ ਦਿਨ ਕਾਰਵਾਈ ਕਰ ਸਕਦੇ ਹਨ। ਪੁਲਿਸ ਮੁੱਖੀ ਨੇ ਕਿਹਾ ਸੀ ਕਿ ਅਸੀਂ ਜਾਣਦੇ ਹਾਂ ਕਿ



ਮਿਲੀਸ਼ੀਆ ਗਰੁੱਪ ਜਿਨ੍ਹਾਂ ਨੇ 6 ਜਨਵਰੀ ਦੇ ਹਮਲੇ ਵਿੱਚ ਹਿੱਸਾ ਲਿਆ ਸੀ, ਉਨ੍ਹਾਂ ਨੇ ਮੁੜ ਹਿੰਸਾ ਭੜਕਾਉਣ ਤੇ ਸਾਂਸਦਾਂ ਨੂੰ ਮਾਰਨ ਦੇ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ ਹਨ। ਇਨ੍ਹਾਂ ਗਰੁੱਪਾਂ ਦੇੌ ਸਟੇਟ ਆਫ ਯੂਨੀਅਨ ਨਾਲ ਸਿੱਧੇ ਸਬੰਧ ਹਨੌਂ ਪੁਲਿਸ ਮੁੱਖੀ ਦੀ ਚਿਤਾਵਨੀ ਤੋਂ ਬਾਅਦ ਵਾਈਟ ਹਾਊਸ ਅਧਿਕਾਰੀ ਦਾ ਘਰੇਲੂ ਅੱਤਵਾਦ ਤੋਂ ਖ਼ਤਰੇ ਬਾਰੇ ਪ੍ਰਤੀਕਰਮ ਆਇਆ ਹੈ। ਜਿਕਰਯੋਗ ਹੈ ਕਿ ਅਗਲੇ ਕੁਝ ਦਿਨਾਂ ਦੌਰਾਨ ਰਾਸ਼ਟਰਪਤੀ ਵੱਲੋਂ ਕਾਂਗਰਸ ਦੇ ਸਾਂਝੇ ਇਜਲਾਸ ਨੂੰ ਰਸਮੀ ਤੌਰ 'ਤੇ ਸੰਬੋਧਨ ਕਰਨ ਦੀ ਸੰਭਾਵਨਾ ਹੈ। ਅਜੇ ਸੰਬੋਧਨ ਦੀ ਤਰੀਕ ਨਿਸ਼ਚਤ ਨਹੀਂ ਹੋਈ ਹੈ। ਇਸੇ ਦੌਰਾਨ ਐਕਟਿੰਗ ਡਿਪਟੀ ਅਟਾਰਨੀ ਜਨਰਲ ਜੌਹਨ ਕਾਰਲਿਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ 6 ਜਨਵਰੀ ਦੇ ਹਮਲੇ ਦੀ ਜਾਂਚ ਤੇਜੀ ਨਾਲ ਜਾਰੀ ਹੈ। ਹੁਣ ਤੱਕ 300 ਸ਼ੱਕੀਆਂ ਵਿਰੁੱਧ ਮੁਕੱਦਮੇ ਦਰਜ ਕੀਤੇ ਗਏ ਹਨ ਜਿਨ੍ਹਾਂ ਵਿਚੋਂ 280 ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਕਾਰਲਿਨ ਦਾ ਮੰਨਣਾ ਹੈ ਕਿ ਘਰੇਲੂ ਅੱਤਵਾਦ ਤੋਂ ਖਤਰਾ ਬਹੁਤ ਵੱਡਾ ਹੈ ਜਿਸ ਲਈ ਹਰ ਵੇਲੇ ਚੌਕਸੀ ਦੀ ਲੋੜ ਹੈ।

# ਟਰੰਪ ਨੇ ਆਪਣੇ ਰਿਪਬਲਕੀਨ ਵਿਰੋਧੀਆਂ ਦੀ ਕੀਤੀ ਤਿੱਖੀ ਅਲੋਚਨਾ

**ਸੈਕਰਾਮੈਂਟੋ 3 ਮਾਰਚ–** ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੁੜ ਆਪਣੇ ਰਾਜਸੀ ਜੀਵਨ ਦੀ ਸ਼ੁਰੂਆਤ ਕਰਦਿਆਂ ਰਾਸ਼ਟਰਪਤੀ ਜੋਅ ਬਾਇਡੇਨ ਦੇ ਨਾਲ ਨਾਲ ਰਿਪਬਲੀਕਨ ਪਾਰਟੀ ਵਿਚਲੇ ਆਪਣੇ ਵਿਰੋਧੀਆਂ ਦੀ ਕਰੜੀ ਨਿੰਦਾ ਕਰਦਿਆਂ ਦਾਅਵਾ ਕੀਤਾ ਕਿ ਉਹ ਹੁਣ ਵੀ ਪਾਰਟੀ ਲੀਡਰ ਹਨ। ਓਰਲੈਂਡੋ ਵਿਚ ਕੰਜਰਵੇਟਿਵ ਪੋਲੀ-ਟੀਕਲ ਐਕਸ਼ਨ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਆਪਣੇ ਨਿਰਧਾਰਤ ਸਮੇਂ ਤੋਂ ਇਕ ਘੰਟਾ ਦੇਰੀ ਨਾਲ ਮੰਚ 'ਤੇ ਪੁੱਜੇ ਟਰੰਪ ਨੇ ਸਵਾਲ ਕੀਤਾ ਕੀ ਤੁਸੀਂ ਮੈਨੂੰ ਯਾਦ ਕਰਦੇ ਹੋ? ਟਰੰਪ ਵੱਲੋਂ ਹੋਰ ਰਿਪਬਲੀਕਨਾਂ ਦੀ ਅਲੋਚਨਾ ਕਰਨ ਤੋਂ ਬਾਅਦ ਪਾਰਟੀ ਦੇ ਵੰਡੇ ਜਾਣ ਦਾ ਖਤਰਾ ਪੈਦਾ ਹੋ ਗਿਆ ਹੈ ਜੋ 2022 ਵਿਚ ਕਾਂਗਰਸ ਉਪਰ ਕੰਟਰੋਲ ਕਰਨ ਤੇ 2024 ਦੀਆਂ ਆਮ ਚੋਣਾਂ ਜਿੱਤਣ ਲਈ ਯਤਨਸ਼ੀਲ ਹੈ। ਟਰੰਪ ਦੇ ਭਾਸ਼ਣ ਤੋਂ ਪਹਿਲਾਂ ਕੁਝ ਰਿਪਬਲੀਕਨਾਂ ਨੇ ਕਿਹਾ ਕਿ ਪਾਰਟੀ 2022 ਤੇ 2024 ਵਿਚ ਚੋਣਾਂ ਤਾਂ ਹੀ ਜਿੱਤ ਸਕਦੀ ਹੈ ਜੇਕਰ ਉਹ ਵੋਟਰਾਂ ਨਾਲ ਮੁੱਦਿਆਂ ਦੀ ਗੱਲ ਕਰੇਗੀ ਨਾ ਕਿ ਟਰੰਪ ਨੂੰ ਮੁੱਦਾ ਬਣਾਵੇਗੀ। ਸੈਨੇਟ ਮੈਂਬਰ ਬਿੱਲ ਕਾਸੀਡੀ ਨੇ ਕਿਹਾ ਕਿ ਪਾਰਟੀ ਨੂੰ ਇਕ ਵਿਅਕਤੀ ਉਪਰ ਆਪਣੇ ਆਪ ਨੂੰ ਕੇਂਦਰ ਨਹੀਂ ਕਰਨਾ ਚਾਹੀਦਾ । ਉਨ੍ਹਾਂ ਕਿਹਾ ਜੇ ਅਸੀਂ ਨੀਤੀਆਂ ਤੇ ਪਰਿਵਾਰਾਂ ਦੀ ਗੱਲ ਕਰਾਂਗੇ ਤਾਂ ਅਸੀਂ ਜਿੱਤ ਜਾਵਾਂਗੇ। ਕਾਸਾਡੀ ਉਨ੍ਹਾਂ 7 ਰਿਪਬਲੀਕਨ ਸੈਨੇਟ ਮੈਂਬਰਾਂ ਵਿਚ ਸ਼ਾਮਿਲ ਹੈ ਜਿਨ੍ਹਾਂ ਨੇ ਮਹਾਂਦੋਸ਼ ਕਾਰਵਾਈ ਦੌਰਾਨ ਟਰੰਪ ਵਿਰੁੱਧ ਵੋਟ ਪਾਈ ਸੀ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਇਕ ਵਿਅਕਤੀ ਦੀ ਵਿਚਾਰਧਾਰਾ ਉਪਰ ਨਿਰਭਰ ਕਰਾਂਗੇ ਤਾਂ ਹਾਰ ਜਾਵਾਂਗੇ। ਕੰਜਰਵੇਟਿਵ ਕਾਰਕੁੰਨਾਂ ਨੂੰ ਸਬੋਧਨ ਕਰਦਿਆਂ ਹਾਲਾਂ ਕਿ ਟਰੰਪ ਨੇ 2024 ਦੀਆਂ ਚੋਣਾਂ ਲਈ ਆਪਣੇ ਆਪ ਨੂੰ ਰਾਸ਼ਟਰਪਤੀ ਦੇ ਅਹੁੱਦੇ ਲਈ ਉਮੀਦਵਾਰ ਨਹੀਂ ਐਲਾਨਿਆ ਪਰ ਉਨ੍ਹਾਂ ਨੇ ਨਵੰਬਰ 2020 ਦੀਆਂ ਚੋਣਾਂ ਵਿਚ ਧੋਖਾਧੜੀ ਹੋਣ ਦਾ ਦਾਅਵਾ ਕਰਕੇ ਸੰਭਾਵੀ ਉਮੀਦਵਾਰ ਵਜੋਂ ਮੈਦਾਨ ਵਿਚ ਉਤਰਨ ਦੇ ਕਾਫੀ ਸੰਕੇਤ ਦਿੱਤੇ।

## ਜੌਹਨਸਨ ਐਂਡ ਜੌਹਨਸਨ ਕੋਵਿਡ ਵੈਕਸੀਨ ਨੂੰ ਹਰੀ ਝੰਡੀ

**ਸੈਕਰਾਮੈਂਟੋ 27 ਫਰਵਰੀ–** ਇਕ ਸਰਕਾਰੀ ਸਲਾਹਕਾਰ ਕਮੇਟੀ ਨੇ ਜੌਹਨਸਨ ਐਂਡ ਜੌਹਨਸਨ ਕੰਪਨੀ ਦੀ ਕੋਵਿਡ ਵੈਕਸੀਨ ਨੂੰ ਅਮਰੀਕਾ ਵਿਚ ਵਰਤਣ ਲਈ ਪ੍ਰਵਾਨਗੀ ਦੇ ਦਿੱਤੀ ਹੈ।

ਕਮੇਟੀ ਮੈਂਬਰ ਸ਼ਿਕਾਗੋ ਮੈਡੀਕਲ ਸਕੂਲ ਦੇ ਡੀਨ ਡਾਕਟਰ ਅਰਚਨਾ ਚੈਟਰਜੀ ਨੇ ਇਸ ਵੈਕਸੀਨ ਦੇ ਹੱਕ ਵਿਚ ਵੋਟ ਪਾਉਣ ਉਪਰੰਤ ਕਿਹਾ ਕਿ ਮੇਰਾ ਵਿਚਾਰ ਹੈ ਕਿ ਇਹ ਵੈਕਸੀਨ ਮੌਕੇ ਦੀਆਂ ਲੋੜਾਂ ਨੂੰ ਪੂਰਾ ਕਰੇਗੀ ਤੇ ਕੋਵਿਡ ਟੀਕਾਕਰਣ ਵਿਚ ਤੇਜੀ ਆਵੇਗੀ। ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਵੱਲੋਂ ਇਕ ਅੱਧੇ ਦਿਨ ਵਿਚ ਪ੍ਰਵਾਨਗੀ ਦੇਣ ਉਪਰੰਤ ਇਹ ਵੈਕਸੀਨ ਅਮਰੀਕਾ ਆਉਣੀ ਸ਼ੁਰੂ ਹੋ ਜਾਵੇਗੀ। ਇਹ ਤੀਸਰੀ ਵੈਕਸੀਨ ਹੈ। ਇਸ ਤੋਂ ਪਹਿਲਾਂ ਮੋਡੇਰਨਾ ਤੇ ਫਾਈਜ਼ਰ ਦੇ ਕੋਵਿਡ ਟੀਕੇ 4 ਕਰੋੜ 60 ਲੱਖ ਅਮਰੀਕੀਆਂ ਨੂੰ ਲਾਏ ਜਾ ਚੁੱਕੇ ਹਨ। ਕਮੇਟੀ ਮੈਂਬਰਾਂ ਨੇ ਕਿਹਾ ਹੈ ਕਿ ਤਿੰਨੇ ਹੀ ਵੈਕਸੀਨਾਂ ਸੁਰੱਖਿਅਤ ਤੇ ਪ੍ਰਭਾਵੀ ਹਨ। ਇਸ ਲਈ ਇਸ ਚੱਕਰ ਵਿਚ ਨਹੀਂ ਪੈਣਾ ਚਾਹੀਦਾ ਕਿ ਕੋਈ ਇਕ ਵੈਕਸੀਨ ਦੂਸਰੀ ਨਾਲੋਂ ਵਧੀਆ ਹੈ।

## 2024 ਦੀ ਰਾਸ਼ਟਰਪਤੀ ਚੋਣ ਜਿੱਤ ਸਕਦੀ ਹੈ ਹੈਰਿਸ

ਲੰਡਨ–ਅਮਰੀਕਾ 'ਚ ਅਗਲੀ ਰਾਸ਼ਟਰਪਤੀ ਚੋਣ ਸਾਲ 2024 'ਚ ਹੋਣੀ ਹੈ ਪ੍ਰੰਤੂ ਅਗਲੇ ਰਾਸ਼ਟਰਪਤੀ ਨੂੰ ਲੈ ਕੇ ਹੁਣ ਤੋਂ ਹੀ ਅਟਕਲਾਂ ਸ਼ੁਰੂ ਹੋ ਗਈਆਂ ਹਨ। ਬ੍ਰਿਨ ਦੀ ਸਟੇਬਾਜ਼ੀ ਕੰਪਨੀ ਲੈਡਬ੍ਰੋਕਸ ਦਾ ਦਾਅਵਾ ਹੈ ਕਿ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਅਗਲੀ ਰਾਸ਼ਟਰਪਤੀ ਚੋਣ ਜਿੱਤ ਸਕਦੀ ਹੈ। ਉਹ ਅਗਲੀ ਰਾਸ਼ਟਰਪਤੀ ਚੋਣ ਜਿੱਤਣ ਦੇ ਲਿਹਾਜ਼ ਨਾਲ ਪਹਿਲੀ ਪਸੰਦ ਹੈ। ਉਨ੍ਹਾਂ ਦੀ ਜਿੱਤ ਦੀ ਸੰਭਾਵਨਾ 22 ਫ਼ੀਸਦੀ ਹੈ। ਇਸ ਮਾਮਲੇ ਵਿਚ ਉਹ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਅੱਗੇ ਹਨ। ਲੈਡਬ੍ਰੋਕਸ ਅਨੁਸਾਰ 2024 ਦੀ ਰਾਸ਼ਟਰਪਤੀ ਚੋਣ ਵਿਚ ਭਾਰਤੀ ਮੂਲ ਦੀ ਕਮਲਾ ਹੈਰਿਸ ਦੀ ਜਿੱਤ ਦੀ ਸੰਭਾਵਨਾ 22 ਫ਼ੀਸਦੀ ਹੈ। ਇਸ ਪਿੱਛੋਂ 20 ਫ਼ੀਸਦੀ ਦੀ ਸੰਭਾਵਨਾ ਨਾਲ 78 ਸਾਲਾਂ ਦੇ ਬਾਇਡਨ ਹਨ। ਦੱਸਣਯੋਗ ਹੈ ਕਿ ਅਮਰੀਕਾ ਵਿਚ ਪਿਛਲੇ ਸਾਲ ਤਿੰਨ ਨਵੰਬਰ ਨੂੰ ਹੋਈ ਰਾਸ਼ਟਰਪਤੀ ਚੋਣ ਵਿਚ ਟਰੰਪ ਨੂੰ ਜੋਅ ਬਾਇਡਨ ਦੇ ਹੱਥੋਂ ਹਾਰ ਮਿਲੀ ਸੀ ਜਦਕਿ 56 ਸਾਲਾਂ ਦੀ ਹੈਰਿਸ ਉਪ ਰਾਸ਼ਟਰਪਤੀ ਚੁਣੀ ਗਈ ਸੀ। ਉਹ ਅਮਰੀਕਾ ਦੀ ਪਹਿਲੀ ਮਹਿਲਾ ਉਪ ਰਾਸ਼ਟਰਪਤੀ ਹਨ।



# ਗੁਰੂ ਰਵਿਦਾਸ ਜੀ ਦੇ ਸਰਬ ਸਾਂਝੇ ਉਪਦੇਸ਼

(ਸਫਾ 6 ਦੀ ਬਾਕੀ)

(੧੧੬੭) ਨਸ਼ਿਆਂ ਦਾ ਤਿਆਗ ਕਰਨੈ ਸ਼ਰਾਬ ਭਾਵੇਂ ਪਵਿੱਤਰ ਕਹਿ ਜਾਂਦੇ ਗੰਗਾ ਆਦਿਕ ਦੇ ਜਲ ਤੋਂ ਵੀ ਤਿਆਰ ਕੀਤੀ ਗਈ ਹੋਵੇ ਪਾਨ ਨਹੀਂ ਕਰਨੀ–ਸੁਰਸਰੀ ਸਲਨ ਕ੍ਰਿਤ ਬਾਰੁਨੀ ਰੇ, ਸੰਤ ਜਨ ਕਰਤ ਨਹੀਂ ਪਾਨੰ॥ (੧੨੯੩) ਸੁਰਸਰੀ–ਗੰਗਾ, ਬਾਰੁਨੀ–ਸ਼ਰਾਬ, ਪਾਨੰ–ਪੀਣਾ। ਜੇ ਨੀਚ ਜਾਤ ਜੀਵ ਪ੍ਰਭੂ ਦੀ ਸ਼ਰਣ ਆ ਜਾਵੇ ਤਾਂ ਉੱਚ ਜਾਤੀਏ ਵੀ ਡੰਡਾਉਤਾਂ ਕਰਦੇ ਹਨ–ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ, ਤੇਰੇ ਨਾਮ ਸਰਨਾਇ ਰਵਿਦਾਸ ਦਾਸਾ॥ (੧੨੯੩) ਗੁਰੂ ਰਵਿਦਾਸ ਜੀ ਹਿਰਦੇ ਰੂਪੀ ਦੀਵੇ ਵਿੱਚ ਨਾਮ ਦੀ ਜੋਤਿ ਜਗਾਉਂਦੇ ਨੇ ਨਾ ਕਿ ਕਿਸੇ ਘਿਉ ਤੇ ਰੂੰ ਦੀ–ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥ (੬੯੩) ਵਹਿਮ, ਭਰਮ, ਸਵਰਗ ਤੇ ਨਰਕ ਦੇ ਡਰਾਵੇ ਫਜ਼ੂਲ ਹਨ–ਮਾਧਵੇ ਕਿਆ ਕਹੀਐ ਭ੍ਰਮ ਐਸਾ॥ਜੈਸਾ ਮਾਨੀਐ ਹੋਇ ਨਾ ਤੈਸਾ॥ (੬੫੭) ਐਸਾ ਰਾਜ ਹੋਵੇ ਜਿੱਥੇ ਕੋਈ ਚਿੰਤਾ ਫਿਕਰ ਗਮ ਖੌਫ ਆਦਿਕ ਨਾ ਹੋਵੇ। ਸਭ ਦੇ ਹੱਕ ਬਾਰਬਰ ਹੋਣ, ਕਿਸੇ ਬੇ ਕਸੂਰ ਨੂੰ ਤੰਗ ਨਾ ਕੀਤਾ ਜਾਵੇ। ਜਿਥੇ ਸਭ ਦੀ ਖੈਰ ਮੰਗੀ ਜਾਵੇ, ਜਿਥੇ ਕੋਈ ਗੁਲਾਮ ਨਾਂ ਹੋਵੇ, ਜਿੱਥੇ ਹਰੇਕ ਅਜ਼ਾਦੀ ਦਾ ਨਿੱਘ ਮਾਣ ਸਕੇ, ਜਿੱਥੇ ਹਰ ਸ਼ਹਿਰੀ ਨਾਲ ਮਿਤਰਤਾ–ਭਾਵ ਵਾਲਾ ਸਲੂਕ ਕੀਤਾ ਜਾਵੇ, ਜਿੱਥੇ ਸਭ ਨੂੰ ਵਿਦਿਆ ਪੜ੍ਹਨ ਦਾ ਅਧਿਕਾਰ ਹੋਵੇ ਅਤੇ ਸਭ ਨੂੰ ਕੰਮ ਭਾਵ ਰੁਜਗਾਰ ਮਿਲੇ। ਜਿੱਥੇ ਕਿਸੇ ਨਾਲ ਵਿਤਕਰਾ ਆਦਿਕ ਨਾਂ ਕੀਤਾ ਜਾਵੇ–ਬੇਗਮਪੁਰਾ ਸਹਰ ਕੋ ਨਾਉ॥ ਧੂਖੁ ਅੰਦੋਹ ਨਹੀ ਤਿਹਿ ਠਾਉ॥..ਊਹਾ ਖੈਰਿ ਸਦਾ ਮੇਰੇ ਭਾਈ॥ ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਿਰਮ ਮਹਲ ਨ ਕੋ ਅਟਕਾਵੈ॥ ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸ਼ਹਿਰੀ ਸੋ ਮੀਤ ਹਮਾਰਾ॥ (੩੪੫) ਹਰੀ ਰੂਪੀ ਹੀਰੇ ਨੂੰ ਛੱਡ ਕੇ ਰੋੜਾਂ ਤੇ ਆਸ ਲਾ ਲੈਣੀ ਭਾਵ ਸ਼ਬਦ ਗੁਰੂ ਪ੍ਰਮੇਸ਼ਰ ਨੂੰ ਛੱਡ ਕੇ ਹੰਕਾਰੀ–ਵਿਕਾਰੀ–ਮਕਾਰੀ ਸਾਧਾਂ ਰੂਪੀ ਠੱਗਾਂ ਦੇ ਮੱਗਰ ਲੱਗੇ ਫਿਰਨਾ ਹੀ ਦੋਜ਼ਕ ਦੀ ਅੱਗ 'ਚ ਸੜਨਾਂ ਹੈ–ਹਰਿ ਸੋ ਹੀਰਾ ਛਾਡਿ ਕੇ ਕਰਹਿ ਆਨ ਕੀ ਆਸੁ॥ ਤੇ ਨਰ ਦੋਜ਼ਕ ਜਾਹਿਗੇ ਸਤੁ ਭਾਖੈ ਰਵਿਦਾਸ॥ (੧੩੭੭) ਚਮਾਰ ਹੋਣਾ ਕੁਦਰਤੀ ਹੈ ਕਿਉਂਕਿ ਹਰੇਕ ਇਨਸਾਨ ਦਾ ਜਿਸਮ ਚੰਮ ਦਾ ਹੀ ਹੈ ਸੋਨੇ ਦਾ ਨਹੀਂ। ਚਮਾਰਾਂ ਨੂੰ ਸ਼ੂਦਰ ਕਹਿ ਕੇ ਦੁਰਕਾਰਨ ਵਾਲੇ ਹੰਕਾਰੀਆਂ ਨੂੰ ਮੋੜਵਾਂ, ਸਚਾਈ ਅਤੇ ਗਹਿਰਾਈ ਭਰਿਆ ਜਵਾਬ ਦੇ ਕੇ ਆਪ ਜੀ ਇਨ੍ਹਾਂ ਲੋਕਾਂ ਦੀ ਖੂਬ ਖੁੰਬ ਠੱਪਦੇ ਹਨ–ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ॥੧॥ਰਹਾਉ॥ ਆਰ ਨਹੀ ਜਿਹ ਤੋਪਉ॥ ਨਹੀ ਰਾਂਬੀ ਠਾਉਂ ਰੋਪਉ॥੧॥ ਲੋਗੁ ਗੰਠਿ ਗੰਠਿ ਖਰਾ ਬਿਗੂਚਾ॥ ਹਉਂ ਬਿਨ ਗਾਂਠੇ ਜਾਇ ਪਹੂਚਾ॥ ਰਵਿਦਾਸ ਜਪੈ ਰਾਮ ਨਾਮਾ॥ ਮੋਹਿ ਜਮ ਸਿਉਂ ਨਾਹੀ ਕਾਮਾ॥੩॥੭॥ (੬੫੯) ਲੋਕ ਆਪ ਤਾਂ ਸਰੀਰ ਰੂਪੀ ਜੁੱਤੀ ਹੀ ਬਾਰ ਬਾਰ ਗੰਢਾਈ ਜਾ ਰਹੇ ਹਨ ਭਾਵ ਮੋਹ ਮਾਇਆ ਗ੍ਰਸੇ ਲੋਕ ਸਰੀਰ ਨੂੰ ਸਦਾ ਚੰਗੀਆਂ ਖੁਰਾਕਾਂ, ਪੁਸ਼ਾਕਾਂ ਅਤੇ ਦਵਾਈਆਂ ਦੇ ਗਾਂਢੇ–ਤੋਪੇ ਲਵਾਉਂਦੇ ਰਹਿੰਦੇ ਸਾਰੇ ਮੋਹ ਮਾਇਆ ਗ੍ਰਸੇ ਹੀ ਚਮਾਰ ਹਨ ਫਿਰ ਵੀ ਇਹ ਅਗਿਆਨੀ ਤੇ ਹੰਕਾਰੀ ਮੈਨੂੰ ਚਮਾਰ–ਚਮਾਰ ਕਹਿ ਕੇ ਕਿਉਂ ਨਫਰਤ ਕਰਦੇ ਹਨ?

ਐਸੇ ਕ੍ਰਾਂਤੀਕਾਰੀ–ਕਲਿਆਣਕਾਰੀ ਅਗਾਂਹਵਧੂ ਵਿਚਾਰਾਂ ਵਾਲੇ ਗੁਰੂ ਰਵਿਦਾਸ ਜੀ ਦੇ ਗਿਆਨ ਭਰਪੂਰ ਕ੍ਰਾਂਤੀਕਾਰੀ ਵਿਚਾਰਾਂ ਦਾ ਡੰਕਾ ਹਰ ਪਾਸੇ ਵਜਿਆ ਹੋਇਆ ਸੀ ਜਿਸ ਦਾ ਜਿਕਰ ਗੁਰੂ ਅਰਜਨ ਸਾਹਿਬ ਜੀ ਵੀ ਗੁਰੂ ਰਵਿਦਾਸ ਜੀ ਦੀ ਭਗਤੀ ਦੀ ਸਿਖਰ ਅਤੇ ਪ੍ਰਸਿੱਧੀ ਦਾ ਜਿਕਰ ਕਰਦੇ ਫੁਰਮਾਂਦੇ ਹਨ–ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥ ਪਰਗਟ ਹੋਆ ਸਾਧ ਸੰਗਿ ਹਰਿ ਦਰਸਨ ਪਾਇਆ॥ (੪੮੭) ਐਸੇ ਗਿਆਨ ਵਿਗਿਆਨ, ਪਰਉਪਕਾਰ, ਸੇਵਾ ਸਿਮਰਨ, ਨਿਰਭੈਤਾ ਅਤੇ ਅਜ਼ਾਦ ਵਿਚਾਰਾਂ ਵਾਲੀ ਪ੍ਰਤਿਮਾਂ ਦੇ ਰੂਪ ਸਨ, ਜੇ ਆਪਾਂ ਬ੍ਰਾਹਮਣਵਾਦ ਤੋਂ ਬਚਣਾ ਚਾਹੁੰਦੇ ਹਾਂ ਤਾਂ ਗੁਰੂਆਂ–ਭਗਤਾਂ ਦੀ ਵਿਚਾਰਧਾਰਾ ਦੇ ਸਮੁੰਦਰ "ਸ਼ਬਦ ਗੁਰੂ ਗ੍ਰੰਥ ਸਾਹਿਬ" 'ਚ ਅੰਕਿਤ ਬਾਣੀ ਨੂੰ ਹੀ ਅਪਣਾ ਕੇ ਪ੍ਰਚਾਰ ਕਰੀਏ ਤੇ ਕਿਸੇ ਜਾਤ–ਪਾਤ ਜਾਂ ਪਾਰਟੀ ਅਤੇ ਲੀਡਰ ਦੇ ਵਖਰੇਵੇਂ ਵਾਲੇ ਭਰਮ 'ਚ ਨਾਂ ਪਈਏ ਕਿਉਂਕਿ ਅਸੀਂ ਸਭ ਬਰਾਬਰ ਇਨਸਾਨ ਹਾਂ।




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928



'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ–ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ–ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ–ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

# 14 ਮਾਰਚ ਨੂੰ ਬੇਗਮਪੁਰਾ ਪਾਤਸ਼ਾਹੀ ਬਣਾਓ ਵਿਸ਼ਾਲ ਰੈਲੀ ਕਰੇਗੀ ਬਸਪਾ - ਜਸਵੀਰ ਸਿੰਘ ਗੜ੍ਹੀ





**ਜਲੰਧਰ –** ਬਹੁਜਨ ਸਮਾਜ ਪਾਰਟੀ ਦੀ ਸੂਬਾ ਪੱਧਰੀ ਮੀਟਿੰਗ ਮੁੱਖ ਦਫਤਰ ਜਲੰਧਰ ਵਿਖੇ ਹੋਈ ਜਿਸਦੀ ਪ੍ਰਧਾਨਗੀ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕੀਤੀ। ਮੀਟਿੰਗ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਪੰਜਾਬ, ਚੰਡੀਗੜ੍ਹ ਤੇ ਹਰਿਆਣਾ ਦੇ ਇੰਚਾਰਜ ਸ੍ਰੀ ਰਣਧੀਰ ਸਿੰਘ ਬੇਨਿਵਾਲ ਅਤੇ ਸ੍ਰੀ ਵਿਪੁਲ ਕੁਮਾਰ ਜੀ ਹਾਜ਼ਿਰ ਹੋਏ। ਇਸ ਮੌਕੇ ਸ੍ਰੀ ਬੇਨਿਵਾਲ ਜੀ ਨੇ ਬੋਲਦਿਆਂ ਕਿਹਾ ਕਿ ਆਜ਼ਾਦੀ ਦੇ 73 ਸਾਲਾਂ ਤੱਕ ਪੰਜਾਬ ਨੂੰ ਲੁੱਟਿਆ ਗਿਆ ਹੈ। ਜਿਸਦੀ ਜਿੰਮੇਵਾਰ ਕਾਂਗਰਸ ਤੇ ਅਕਾਲੀ ਦਲ ਹੈ। ਦੋਹਾਂ ਪਾਰਟੀਆਂ ਨੇ ਪੰਜਾਬ ਦੀ ਜਵਾਨੀ, ਪੰਜਾਬ ਦਾ ਪਾਣੀ, ਪੰਜਾਬ ਦੀ ਧਰਤੀ, ਹਵਾ ਪਾਣੀ, ਸਿਹਤ, ਸਿੱਖਿਆ ਰੁਜ਼ਗਾਰ ਲੁੱਟ ਲਿਆ ਹੈ ਜਿਸਦਾ ਪੋਲ ਖੋਲ ਅੰਦੋਲਨ ਬਸਪਾ ਪੂਰੇ ਪੰਜਾਬ ਵਿੱਚ ਚਲਾਏਗੀ। ਇਸ ਮੌਕੇ ਸ੍ਰੀ ਵਿਪਲ ਕੁਮਾਰ ਜੀ ਨੇ ਕਿਹਾ ਕਿ ਪੰਜਾਬ 'ਚ ਕਾਂਗਰਸ ਤੇ ਅਕਾਲੀ ਦਲ ਨੇ ਪਛੜੀਆਂ ਸ੍ਰੇਣੀਆਂ ਦੀ ਮੰਡਲ ਕਮਿਸ਼ਨ ਰਿਪੋਰਟ ਨੂੰ ਨਾ ਲਾਗੂ ਕਰਕੇ ਪਛੜਿਆ ਵਰਗੇ ਦਾ ਹੱਕ ਖਾਧਾ ਹੈ। ਪੰਜਾਬ ਪ੍ਰਧਾਨ ਸਰਦਾਰ ਗੜ੍ਹੀ ਨੇ ਕਿਹਾ ਕਿ ਗੁਰੂਆਂ ਮਹਾਂਪੁਰਸ਼ਾਂ ਦਾ ਅੰਦੋਲਨ ਬੇਗਮਪੁਰੇ ਤੋਂ ਹਲੀਮੀ ਰਾਜ ਤੇ ਖਾਲਸਾ ਰਾਜ ਦੇ ਰੂਪ ਵਿੱਚ ਲਕਸ਼ ਨਿਰਧਾਰਿਤ ਕੀਤਾ ਪਰੰਤੂ&; ਤਖ਼ਤ ਦਾ ਮਾਲਿਕ ਪੰਜਾਬ ਵਿੱਚ ਕੋਈ ਵੀ ਲਾਇਕ ਨਹੀਂ ਬਣਿਆ, ਜਦੋ ਕਿ ਗੁਰੂ ਸਾਹਿਬਾਨ ਤਖ਼ਤ ਦਾ ਮਾਲਿਕ ਲਾਇਕ ਅਤੇ ਗਰੀਬ ਸਿੱਖਾਂ ਵਿਚੋਂ ਬਣਿਆ ਦੇਖਣਾ ਚਾਹੁੰਦੇ ਸਨ। ਇਸ ਸੁਪਨੇ ਨੂੰ ਪੂਰਾ ਕਰਨ ਲਈ ਬਸਪਾ ਵੱਲੋਂ 14 ਮਾਰਚ ਨੂੰ ਸੂਬਾ ਪੱਧਰੀ ਵਿਸ਼ਾਲ ਰੈਲੀ ਬੇਗ਼ਮਪੁਰਾ-ਪਾਤਸ਼ਾਹੀ ਬਣਾਓ ਰੈਲੀ ਰੱਖੀ ਗਈ ਗਈ। ਜਿਸਦਾ ਨਾਅਰਾ ਪਾਤਸ਼ਾਹੀ ਬਣਾਓ, ਬੇਗਮਪੁਰਾ ਵਸਾਓ ਹੋਵੇਗਾ। ਸਮੁੱਚੀ ਲੀਡਰਸ਼ਿਪ ਦੀ ਡਿਊਟੀ ਪੂਰੇ ਪੰਜਾਬ ਵਿੱਚ ਸੰਗਠਨ ਨੂੰ ਚੁਸਤ-ਦਰੁਸਤ ਕਰਨ ਹਿੱਤ ਵੰਡੀਆਂ ਗਈਆਂ ਅਤੇ ਸ੍ਰੀ ਗੁਰਲਾਲ ਸ਼ੈਲਾ ਜੀ ਨੂੰ ਪੰਜਾਬ ਦਾ ਸੂਬਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੌਕੇ ਪੂਰੇ ਪੰਜਾਬ ਵਿੱਚ ਬੂਥ ਕਮੇਟੀਆਂ ਬਣਾਉਣ ਦਾ ਕੰਮ ਸ਼ੁਰੂ ਕਰਨ ਦਾ ਐਲਾਨ ਕੀਤਾ। ਇਸ ਮੌਕੇ ਸੂਬਾ ਮੀਤ ਪ੍ਰਧਾਨ ਸ ਹਰਜੀਤ ਸਿੰਘ ਲੌਂਗੀਆਂ, ਕੁਲਦੀਪ ਸਿੰਘ ਸਰਦੂਲਗੜ੍ਹ, ਚਮਕੌਰ ਸਿੰਘ ਵੀਰ, ਬਲਦੇਵ ਮਹਿਰਾ, ਗੁਰਲਾਲ ਸ਼ੈਲਾ, ਬਲਵਿੰਦਰ ਕੁਮਾਰ, ਪਰਮਜੀਤ ਮੱਲ, ਅਜੀਤ ਸਿੰਘ ਭੈਣੀ, ਮਨਜੀਤ ਸਿੰਘ ਅਟਵਾਲ, ਸ਼ਵਿੰਦਰ ਸਿੰਘ ਛੱਜਲਵੰਡੀ, ਐਡਵੋਕੇਟ ਰਣਜੀਤ ਕੁਮਾਰ, ਲਾਲ ਸਿੰਘ ਸੁਲਹਾਣੀ, ਜੋਗਾ ਸਿੰਘ ਪਨੋਦੀਆਂ, ਰਮੇਸ਼ ਕੌਲ, ਸਵਰਨ ਸਿੰਘ ਕਲਿਆਣ, ਡਾ ਸੁਖਬੀਰ ਸਿੰਘ ਸਲਾਰ-ਪੁਰ, ਪੀ ਡੀ ਸ਼ਾਂਤ, ਐਡਵੋਕੇਟ ਵਿਜੇ ਬੱਧਣ, ਡਾ ਜਸਪ੍ਰੀਤ ਸਿੰਘ ਪਰਵੀਨ ਬੰਗਾ, ਹੰਸ ਰਾਜ ਸਰੋਹਾ, ਜੇਪੀ ਭਗਤ, ਤੀਰਥ ਰਾਜਪੁਰਾ, ਸੰਤ ਰਾਮ ਮਲੀਆਂ, ਪਰਵੀਨ ਬੰਗਾ, ਜਗਦੀਸ਼ ਸ਼ੇਰਪੁਰੀ, ਡਾ ਮਹਿੰਦਰਪਾਲ, ਲਾਲ ਚੰਦ ਔਜਲਾ, ਇੰ ਮਹਿੰਦਰ ਸੰਧਰਾਂ, ਵਿਜੈ ਯਾਦਵ, ਅੰਮ੍ਰਿਤਪਾਲ ਭੋਂਸਲੇ, ਮਾ ਰਾਮ ਪਾਲ ਅਬਿਆਣਾ, ਬਲਵਿੰਦਰ ਮੱਲਵਾਲ, ਜਸਵੰਤ ਰਾਏ, ਮਨਿੰਦਰ ਸ਼ੇਰਪੁਰੀ, ਗੋਬਿੰਦ ਸਿੰਘ, ਸੁਖਦੇਵ ਸਿੰਘ ਭਰੋਵਾਲ, ਤਰਸੇਮ ਥਾਪਰ, ਮਨੀ ਸਹੋਤਾ, ਵਿਨੇ ਮਹੇ, ਜਤਿੰਦਰ ਬੱਬੂ, ਜੀਤ ਰਾਮ ਬਸਰਾ, ਨਿਰਮਲ ਸਾਇਆ, ਹਵਾ ਸਿੰਘ ਹਨੇਰੀ, ਜਸਵੀਰ ਸਿੰਘ ਬਰਨਾਲਾ, ਆਤਮਾ ਸਿੰਘ ਪਰਮਾਰ, ਜਗਦੀਸ਼ ਪਰਸ਼ਾਦ, ਗੁਰਬਖਸ਼ ਸਿੰਘ, ਪਲਵਿੰਦਰ ਬਿੱਕਾ, ਥੋਰੂ ਰਾਮ, ਸੁਖਵਿੰਦਰ ਸੁੱਖ, ਕੁਲਵਿੰਦਰ ਸਿੰਘ ਸਹੋਤਾ ਕੇਸਰ ਸਿੰਘ ਬਖਸ਼ੀਵਾਲਾ, ਗੁਰਦੀਪ ਮਾਖਾ, ਹਰਦੇਵ ਸਿੰਘ ਤਰਖਾਣਵਧ, ਸੁਨੀਤਾ ਰਾਣੀ ਮੋਗਾ,ਐਡਵੋਕੇਟ ਕੁਲਦੀਪ ਸਿੰਘ ਫਰੀਦਕੋਟ , ਧਰਮਪਾਲ ਭਗਤ, ਡਾ ਜੋਗਿੰਦਰ ਸਿੰਘ, ਤਰਸੇਮ ਭੋਲਾ, ਬਿੱਲੂ ਸਿੰਘ ਆਦਿ ਸ਼ਾਮਿਲ ਸਨ।

# ਬਸਪਾ ਵੱਲੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਹਾੜਾ "ਬੇਗਮਪੁਰਾ ਵਸਾਓ-ਪਾਤਸਾਹੀ ਬਣਾਓ" ਅਨੁਵਾਨ ਤਹਿਤ ਖੁਆਸਪੁਰਾ (ਰੋਪੜ) ਵਿਖੇ ਮਨਾਇਆ ਜਾਵੇਗਾ- ਸੁਲਹਾਣੀ

**ਮੋਗਾ (ਬਿਊਰੋ)–** ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਮੋਗਾ ਦੀ ਇੱਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਹਰਦੇਵ ਸਿੰਘ ਤਖਾਣਵੱਧ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸ੍ਰ ਲਾਲ ਸਿੰਘ ਸੁਲਹਾਣੀ ਜਨਰਲ ਸਕੱਤਰ ਬਸਪਾ ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸੂਬਾ ਸਕੱਤਰ ਸ੍ਰੀ ਸੰਤ ਰਾਮ ਮੱਲੀ ਅਤੇ ਲੋਕ ਸਭਾ ਜੋਨ ਇੰਚਾਰਜ ਕੇਵਲ ਸਿੰਘ ਸੈਦੋਕੇ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰ ਲਾਲ ਸਿੰਘ ਸੁਲਹਾਣੀ ਨੇ ਸ਼ਰੋਮਣੀ ਗੁਰੂ ਰਵਿਦਾਸ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦਿੰਦਿਆਂ ਉਹਨਾਂ ਦੇ ਜੀਵਨ ਅਤੇ ਫ਼ਲਸਫ਼ੇ ਬਾਰੇ ਜਾਣਕਾਰੀ ਦਿੱਤੀ। ਸ ਸੁਲਹਾਣੀ ਨੇ ਦੱਸਿਆ ਕਿ ਬਸਪਾ ਵੱਲੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਵਲੋਂ ਆਪਣੇ ਰਹਿਬਰਾਂ ਦਾ ਸੁਪਨਾ ਸਾਕਾਰ ਕਰਨ ਲਈ ਜਿੰਦਗੀ ਦਾ ਵਡ-ਮੁੱਲਾ ਸਮਾਂ ਸਮਾਜ ਦੇ ਲੇਖੇ ਲਾਇਆ ਤੇ ਗਰੀਬ ਗੁਰਬਿਆਂ ਨੂੰ ਰਾਜਨੀਤਕ ਚੇਤਨਾ ਦਿੱਤੀ। ਬਸਪਾ ਪੰਜਾਬ ਵਲੋਂ ਉਹਨਾਂ ਦਾ ਜਨਮ ਦਿਹਾੜਾ "ਬੇਗਮਪੂਰਾ ਸ਼ਹਿਰ ਵਸਾਓ- ਪਾਤਸ਼ਾਹੀ ਬਣਾਓ" ਬੈਨਰ ਹੇਠ 14 ਮਾਰਚ ਨੂੰ ਉਹਨਾਂ ਜੱਦੀ ਪਿੰਡ ਖੁਆਸਪੁਰਾ (ਰੋਪੜ) ਵਿਖੇ ਮਨਾਇਆ ਜਾਵੇਗਾ। ਜਿਸ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਕਰਨਗੇ ਅਤੇ ਮੁੱਖ ਮਹਿਮਾਨ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਪਾਲ ਅਤੇ ਸ੍ਰੀ ਵਿਪੁਲ ਕੁਮਾਰ ਜੀ ਹੋਣਗੇ। ਇਸ ਸਬੰਧੀ ਉਨ੍ਹਾਂ ਜ਼ਿਲ੍ਹਾ ਟੀਮ ਦੀਆਂ ਡਿਊਟੀਆਂ ਲਗਾਈਆਂ ਤੇ ਸੰਗਠਨ ਦੀ ਮਜਬੂਤੀ ਲਈ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਮੋਦੀ ਸਰਕਾਰ ਵੱਲੋਂ ਲਗਾਤਾਰ ਪੈਟਰੋਲ ਅਤੇ ਡੀਜ਼ਲ ਦੀਆਂ ਵਧਾਏ ਜਾਣ ਦੀ ਸਖਤ ਨਿੰਦਾ ਕਰਦਿਆਂ ਕਿਹਾ ਕਿ ਇੱਕ ਪਾਸੇ ਕਿਸਾਨ ਆਪਣੀਆਂ ਜ਼ਮੀਨਾਂ ਬਚਾਉਣ ਲਈ ਸੰਘਰਸ਼ ਕਰ ਰਹੇ ਹਨ ਤਾਂ ਦੂਜੇ ਪਾਸੇ ਸਰਕਾਰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਾਉਣ ਵਿਚ ਲੱਗੀ ਹੋਈ ਹੈ। ਮੀਟਿੰਗ ਵਿੱਚ ਹਾਜ਼ਰ ਸਮੂਹ ਆਗੂਆਂ ਨੇ ਇਸ ਰੈਲੀ ਨੂੰ ਸਫ਼ਲ ਬਣਾਉਣ ਲਈ ਪੂਰਨ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਸੂਬਾ ਸਕੱਤਰ ਸ੍ਰੀ ਸੰਤ ਰਾਮ ਮੱਲੀ ਅਤੇ ਲੋਕ ਸਭਾ ਜੋਨ ਇੰਚਾਰਜ ਕੇਵਲ ਸਿੰਘ ਸੈਦੋਕੇ ਨੇ ਵੀ ਸੰਬੋਧਨ ਕੀਤਾ।



ਇਸ ਮੌਕੇ ਸਰਬ ਸੰਮਤੀ ਨਾਲ ਇਕ ਮਤਾ ਪਾਸ ਕਰਕੇ ਲਖਵੀਰ ਸਿੰਘ ਬੁੱਘੀਪੁਰਾ ਨੂੰ ਪਾਰਟੀ ਵਿਰੋਧੀ ਕਾਰਵਾਈਆਂ ਕਰਨ ਕਰਕੇ ਪਾਰਟੀ ਵਿਚੋਂ ਬਰਖਾਸਤ ਕਰ ਦਿੱਤਾ ਗਿਆ, ਕਿਉਂਕਿ ਇਸ ਵਲੋਂ ਸਤਿਕਾਰ ਯੋਗ ਸੰਤ ਮਹਾਤਮਾ ਖਿਲਾਫ ਭੱਦੀ ਸ਼ਬਦਾਵਲੀ ਵਰਤਕੇ ਸੋਸ਼ਲ ਮੀਡੀਆ ਤੇ ਵਾਇਰਲ ਕੀਤੀਆਂ ਗਈਆਂ ਜਿਸ ਨਾਲ ਪਾਰਟੀ ਨੂੰ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ । ਪਿਛਲੇ ਕੁਝ ਸਮੇਂ ਤੋਂ ਉਸ ਵਲੋਂ ਪਾਰਟੀ ਆਗੂਆਂ ਪ੍ਰਤੀ ਭੱਦੀ ਸ਼ਬਦਾਵਲੀ ਵਰਤਕੇ ਕੇ ਸੋਸ਼ਲ ਮੀਡੀਆ ਤੇ ਵਾਇਰਲ ਕਰਕੇ ਘਟੀਆ ਕਿਸਮ ਦਾ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਪਾਰਟੀ ਵੱਲੋਂ ਚੇਤਾਵਨੀ ਦੇਣ ਦੇ ਬਾਵਜੂਦ ਵੀ ਉਹ ਆਪਣੀਆਂ ਬੇਹੂਦਾ ਹਰਕਤਾਂ ਕਰਨ ਤੋਂ ਬਾਜ ਨਹੀਂ ਆ ਰਿਹਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਮੀਤ ਪ੍ਰਧਾਨ ਕੁਲਵੰਤ ਸਿੰਘ ਰਾਮਗੜ੍ਹੀਆ, ਗੁਰਪ੍ਰੀਤ ਸਿੰਘ ਗੋਪੀ ਜ਼ਿਲ੍ਹਾ ਜਨਰਲ ਸਕੱਤਰ, ਜ਼ਿਲ੍ਹਾ ਪ੍ਰਧਾਨ ਮਹਿਲਾ ਸੰਗਠਨ ਇੰਚਾਰਜ ਬੀਬੀ ਸੁਨੀਤਾ ਰਾਣੀ, ਹਲਕਾ ਪ੍ਰਧਾਨ ਬੀਬੀ ਕੁਲਵਿੰਦਰ ਕੌਰ ਚੀਮਾ, ਜ਼ਿਲ੍ਹਾ ਇੰਚਾਰਜ ਜਗਤਾਰ ਸਿੰਘ ਲੌਂਗੀਵਿੰਡ, ਜ਼ਿਲ੍ਹਾ ਇੰਚਾਰਜ ਨਿਰਭੈ ਸਿੰਘ ਭਿੰਡਰ ,ਜ਼ਿਲ੍ਹਾ ਇੰਚਾਰਜ਼ ਸੇਵਕ ਸਿੰਘ ਮਾਣੂਕੇ, ਵਿੱਤ ਸਕੱਤਰ ਜਸਵੰਤ ਸਿੰਘ ਘਾਲੀ, ਜ਼ਿਲ੍ਹਾ ਸਕੱਤਰਇੰਦਰਜਿਤ ਸਿੰਘ ਸੇਖਾ ਜ਼ਿਲ੍ਹਾ ਸਕੱਤਰ ਨਾਇਬ ਸਿੰਘ ਗਿੱਲ, ਜ਼ਿਲ੍ਹਾ ਸਕੱਤਰ ਅਜੇ ਕੁਮਾਰ, ਹਲਕਾ ਪ੍ਰਧਾਨ ਮੋਗਾ ਡਾਕਟਰ ਬਲਜਿਤ ਸਿੰਘ ਮੋਗਾ, ਹਲਕਾ ਪ੍ਰਧਾਨ ਧਰਮਕੋਟ ਹਰਨੇਕ ਸਿੰਘ ਬੱਡੂਵਾਲ, ਹਲਕਾ ਜਨਰਲ ਸਕੱਤਰ ਕਰਨੈਲ ਸਿੰਘ ਕਾਲੇਕੇ, ਹਲਕਾ ਇੰਚਾਰਜ ਬਾਘਾਪੁਰਾਣਾ ਮਾਸਟਰ ਬਲਵਿੰਦਰ ਸਿੰਘ ਬਾਘਾਪੁਰਾਣਾ, ਹਲਕਾ ਇੰਚਾਰਜ ਮੋਗਾ ਜਗਤਾਰ ਸਿੰਘ ਚੜਿੱਕ, ਸਪੈਸ਼ਲ ਇਨਵਾਇਟੀ ਮੈਂਬਰ ਜਰਨੈਲ ਸਿੰਘ ਕਪੂਰੇ ਅਤੇ ਬਲਵੰਤ ਸਿੰਘ ਜੈਮਲਵਾਲਾ, ਮੋਗਾ ਸ਼ਹਿਰੀ ਪ੍ਰਧਾਨ ਸੁਰਜਿਤ ਮਸੀਹ, ਬਾਘਾਪੁਰਾਣਾ ਸ਼ਹਿਰੀ ਪ੍ਰਧਾਨ ਬਲੌਰ ਸਿੰਘ ਨੀਲਾ, ਨਿਹਾਲ ਸਿੰਘ ਵਾਲਾ ਜ਼ੋਰਾ ਸਿੰਘ ਭੰਗਾ, ਸੁਖਵਿੰਦਰ ਸਿੰਘ ਧਰਮਕੋਟ, ਸੀਨੀਅਰ ਆਗੂ ਅੰਗਰੇਜ਼ ਭਲੂਰ, ਅਵਤਾਰ ਸਿੰਘ ਫੌਜੀ ਘੋਲੀਆ ਖੁਰਦ, ਸੀਨੀਅਰ ਆਗੂ ਹਰਨੇਕ ਸਿੰਘ ਲੰਗੇਆਣਾ, ਬਲਵਿੰਦਰ ਸਿੰਘ ਬੱਬੂ ਵਿੱਤ ਸਕੱਤਰ ਹਲਕਾ ਮੋਗਾ, ਜਗਸੀਰ ਸਿੰਘ ਸੀਰਾ ਚੜਿੱਕ, ਸੀਨੀਅਰ ਆਗੂ ਗੁਰਜੰਟ ਸਿੰਘ ਸੈਦੋਕੇ ਅਤੇ ਯੂਥ ਆਗੂ ਵਿਜੇ ਸਿੰਘ ਤਖਾਣਵੱਧ ਵੀ ਹਾਜ਼ਰ ਸਨ।

# ਫਾਰੂਕ ਅਬਦੁੱਲਾ ਨੂੰ ਸੁਪਰੀਮ ਕੋਰਟ ਤੋਂ ਰਾਹਤ

**ਨਵੀਂ ਦਿੱਲੀ–** ਜੰਮੂ-ਕਸ਼ਮੀਰ ਦੇ ਸਾਬਕਾ ਸੀਐੱਮ ਫਾਰੂਕ ਅਬਦੁੱਲਾ ਨੂੰ ਸੁਪਰੀਮ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਜੰਮੂ-ਕਸ਼ਮੀਰ 'ਚ ਧਾਰਾ 370 ਹਟਾਉਣ ਦੇ ਇਕ ਮਾਮਲੇ ਸਬੰਧੀ ਦਾਖ਼ਲ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਸੁਪਰੀਮ ਕੋਰਟ 'ਚ ਜੰਮੂ-ਕਸ਼ਮੀਰ ਦੇ ਸਾਬਕਾ ਸੀਐੱਮ ਫ਼ਾਰੂਕ ਅਬਦੁੱਲਾ ਖ਼ਿਲਾਫ਼ ਦੇਸ਼ਧ੍ਰੋਹ ਕਾਰਵਾਈ ਕਰਨ ਦੇ ਹੁਕਮ ਜਾਰੀ ਕਰਨ ਲਈ ਪਟੀਸ਼ਨ ਦਾਖ਼ਲ ਕੀਤੀ ਗਈ ਸੀ। ਇਸ ਮਾਮਲੇ 'ਚ ਸੁਪਰੀਮ ਕੋਰਟ ਨੇ ਇਕ ਅਹਿਮ ਟਿੱਪਣੀ



ਕਰਦੇ ਹੋਏ ਕਿਹਾ ਕਿ 'ਸਰਕਾਰ ਦੀ ਰਾਏ ਤੋਂ ਅਲੱਗ ਤੇ ਅਸਹਿਮਤੀ ਵਾਲੀ ਰਾਏ ਰੱਖਣ ਵਾਲੇ ਵਿਚਾਰਾਂ ਦੇ ਪ੍ਰਗਟਾਵੇ ਨੂੰ ਦੇਸ਼ ਧ੍ਰੋਹ ਨਹੀਂ ਕਿਹਾ ਜਾ ਸਕਦਾ।'

ਜੱਜ ਸੰਜੈ ਕਿਸ਼ਨ ਕੌਲ ਦੀ ਨੁਮਾਇੰਦਗੀ ਵਾਲੀ ਸੁਪਰੀਮ ਕੋਰਟ ਦੀ ਇਕ ਬੈਂਚ ਨੇ ਜੰਮੂ-ਕਸ਼ਮੀਰ ਦੇ ਸਾਬਕਾ ਸੀਐੱਮ ਫਾਰੂਕ ਅਬਦੁੱਲਾ ਖ਼ਿਲਾਫ਼ ਜਨਹਿਤ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਸਰਕਾਰ ਦੀ ਰਾਏ ਤੋਂ ਅਲੱਗ ਵਿਚਾਰਾਂ ਦੇ ਪ੍ਰਗਟਾਵੇ ਨੂੰ ਦੇਸ਼ਧ੍ਰੋਹੀ ਨਹੀਂ ਕਿਹਾ ਜਾ ਸਕਦਾ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ।।
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ।।




# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ 7 ਮਾਰਚ 2021 ਦਿਨ ਐਤਵਾਰ ਨੂੰ ਮਨਾਏ ਜਾਣ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ

## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਵਰਗੀ ਸ੍ਰੀ ਕਰਮ ਸਿੰਘ ਬੰਗੜ ਦੇ ਸਮੂਹ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ



**Late Karam Singh Bangar**
**Former President & Chairman of Sri Guru Ravidass Sabha Fresno (CA)**

# ਮਹਾਂਰਿਸ਼ੀ ਵਾਲਮੀਕ ਟੈਂਪਲ ਦਾ 7ਵਾਂ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ ਜੀ



ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ

**ਮਹਾਂਰਿਸ਼ੀ ਵਾਲਮੀਕ ਟੈਂਪਲ ਦਾ 7ਵਾਂ ਸਥਾਪਨਾ ਦਿਵਸ ਮਿਤੀ 7 ਮਾਰਚ, 2021 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ।**




ਸੋ ਆਪ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਆਪ ਸਭ ਪਰਿਵਾਰਾਂ ਸਮੇਤ 7 ਮਾਰਚ 2021 ਦਿਨ ਐਤਵਾਰ ਨੂੰ ਮਹਾਂਰਿਸ਼ੀ ਵਾਲਮੀਕ ਟੈਂਪਲ ਵਿਖੇ ਸਮੇਂ ਸਿਰ ਪਹੁੰਚ ਕੇ ਗੁਰੂ ਚਰਨਾਂ 'ਚ ਹਾਜ਼ਰੀਆਂ ਲਵਾਓ ਅਤੇ ਗੁਰੂ ਸਾਹਿਬ ਤੋਂ ਆਸ਼ੀਰਵਾਦ ਪ੍ਰਾਪਤ ਕਰੋ ਜੀ।

## ਪ੍ਰੋਗਰਾਮ

ਝੰਡਾ ਚੜ੍ਹਾਉਣ ਦੀ ਰਸਮ, ਸਵੇਰੇ 10 ਵਜੇ 7 ਮਾਰਚ, 2021 ਦਿਨ ਐਤਵਾਰ

ਰਮਾਇਣ ਸਾਹਿਬ ਦੇ ਪਾਠ, ਆਰਤੀ ਤੇ ਅਰਦਾਸ ਸਵੇਰੇ 11 ਵਜੇ ਤੋਂ 12 ਵਜੇ ਤੱਕ

ਦੁਪਹਿਰੇ 12 ਵਜੇ ਤੋਂ 3 ਵਜੇ ਤੱਕ ਬੁਲਾਰੇ ਆਪਣੇ ਵਿਚਾਰ ਰੱਖਣਗੇ ਤੇ ਸ਼ਬਦ ਗਾਇਨ ਹੋਵੇਗਾ

**ਲੰਗਰ ਅਤੁੱਟ ਵਰਤਣਗੇ ਸਵੇਰ ਤੋਂ ਸ਼ਾਮ ਤੱਕ**

ਲੰਗਰਾਂ ਦੀ ਸੇਵਾ ਦੀਪਕ ਸਿੰਘ ਸਹੋਤਾ ਤੇ ਸਮੂਹ ਪਰਿਵਾਰ ਵੱਲੋਂ ਪਿਆਰ ਤੇ ਸ਼ਰਧਾ ਨਾਲ ਕੀਤੀ ਜਾ ਰਹੀ ਹੈ।

**ਕਲਾਕਾਰ-** ਭੁਪਿੰਦਰ ਭਿੰਦਾ, ਅਮਰਜੀਤ ਸਿੰਘ ਲਾਲੀ, ਜੋਗਿੰਦਰ ਸਿੰਘ ਸ਼ੌਂਕੀ, ਰੋਹਤਾਸ਼ ਸਿੰਘ ਭਗਾਣੀਆਂ, ਵਿਸ਼ਾਲ ਸ਼ਰਬਤੀ, ਅਸ਼ੋਕ ਕੁਮਾਰ (ਸੋਨੂੰ) ਢੋਲਕ ਮਾਸਟਰ, ਅੰਮ੍ਰਿਤ ਸਿੰਘ ਆਦਿ ਹਾਜ਼ਰੀ ਲਗਵਾਉਣਗੇ।

**ਬੇਨਤੀ ਕਰਤਾ**

**ਮਹਾਂਰਿਸ਼ੀ ਵਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ**
**84/86 ਪਰਸੀ ਐਵਨਿਊ, ਯੂਬਾ ਸਿਟੀ (ਕੈਲੇਫੋਰਨੀਆ) 95991**
**ਫੋਨ ਨੰਬਰ: 530-315-1425 ਅਤੇ 530-740-3056**

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ, ਸੇਲਮਾ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!!

ਗੁਰੂ ਪਿਆਰੀ ਸਾਧ ਸੰਗਤ ਜੀਓ, ਆਪ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਮਿਤੀ 19, 20, 21, ਮਾਰਚ 2021 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਗੁਰੂ ਘਰ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਮਿਤੀ 19 ਮਾਰਚ ਨੂੰ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਅਤੇ 21 ਮਾਰਚ ਨੂੰ ਪਾਠ ਦੇ ਭੋਗ ਪਾਏ ਜਾਣਗੇ। ਨਿਸ਼ਾਨ ਸਾਹਿਬ ਜੀ ਦੀ ਸੇਵਾ ਪਾਠ ਦੀ ਆਰੰਭਤਾ ਤੋਂ ਪਹਿਲਾਂ 19 ਮਾਰਚ ਨੂੰ ਹੋਵੇਗੀ। ਗੁਰੂ ਕਾ ਲੰਗਰ ਤਿੰਨੋ ਦਿਨ ਅਤੁੱਟ ਵਰਤੇਗਾ। ਕੀਰਤਨ ਤੇ ਕਥਾ ਵਿਚਾਰਾਂ ਹੋਣਗੀਆਂ। ਸੋ ਆਪ ਜੀ ਨੂੰ ਪਰਿਵਾਰ ਸਮੇਤ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

*ਨੋਟ- ਕੋਵਿਡ-19 ਸਬੰਧੀ ਕਾਉਂਟੀ ਦੇ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ ਜੀ।*



**ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਉਤਸ਼ਾਹ ਨਾਲ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**

**ਸੰਗਤ ਦੇ ਸੇਵਾਦਾਰ**

ਗੁਰੂ ਘਰ ਦਾ ਫੋਨ ਨੰਬਰ 559-891-8286, ਦੇਵਰਾਜ ਸਿੰਘ 559-916-6202
ਮਾਸਟਰ ਗੁਰਬਚਨ ਸਿੰਘ 559-375-4691, ਸੁਲੱਖਣ ਸਿੰਘ 559-285-1288, ਮਨੋਹਰ ਗਾਦੜਾ 559-546-3437

**2650 Blaine Avenue Selma (CA) 93662**

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ।
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥



ਅਸੀਂ ਕਿਤੇ ਭੁੱਲ ਨਾ ਜਾਈਏ ਮਹਾਂਪੁਰਸ਼ਾਂ ਦੇ ਅੰਦੋਲਨ ਨੂੰ ਵਿਚਾਰਧਾਰਾ ਤਹਿਤ

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ

644ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

## ਵਿਸ਼ਵ ਪੱਧਰੀ "ਮਧੁਪ ਮਖੀਰਾ" ਆਨਲਾਇਨ ਸਮਾਗਮ

ਮਿਤੀ 07 ਮਾਰਚ 2021 ਦਿਨ ਐਤਵਾਰ

ਸਮਾਂ: ਸ਼ਾਮ 7:00 ਵਜੇ (INDIAN TIME)

Parmindra Art Press

ਜਿਸ ਵਿੱਚ ਸਮਾਜ ਦੇ ਸਾਰੇ ਸੰਤ ਮਹਾਂਪੁਰਸ਼ਾਂ ਦੇ ਨਾਲ ਵਿਸ਼ਵ ਭਰ ਦੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਹਾਜ਼ਰੀ ਲਗਾਉਣਗੀਆਂ



ਸੰਤ ਨਿਰੰਜਣ ਦਾਸ ਜੀ (ਡੇਰਾ ਸੱਚਖੰਡ ਬੱਲਾਂ)

ਸੰਤ ਕ੍ਰਿਸ਼ਨ ਨਾਥ ਜੀ (ਡੇਰਾ ਸੰਤ ਫੂਲ ਨਾਥ ਚਿਹੇੜੂ)

ਸੰਤ ਗਿਰਧਾਰੀ ਨਾਥ (ਭਗਵਾਨ ਵਾਲਮੀਕਿ ਤੀਰਥ ਸਥੱਲ ਅੰਮ੍ਰਿਤਸਰ)

ਸੰਤ ਕੁਲਵੰਤ ਰਾਮ ਜੀ ਭਰੋਮਜ਼ਾਰਾ, ਪਧਾਨ ਸ਼ੀ ਗੁਰੂ ਰਵਿਦਾਸ ਸਾਧੂ ਸੰਪਰਦਾਇਕ ਸੁਸਾਇਟੀ ਪੰਜਾਬ

ਸੰਤ ਸਰਵਣ ਦਾਸ ਜੀ ਲੁਧਿਆਣਾ, ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਸਾਧੂ ਸਮਾਜ

ਸੰਤ ਪ੍ਰਗਟ ਨਾਥ ਜੀ, ਭਗਵਾਨ ਵਾਲਮੀਕਿ ਯੋਗ ਆਸ਼ਰਮ ਰਹੀਮਪੁਰ ਜਲੰਧਰ

ਸੰਤ ਗੁਰਦੀਪ ਗਿਰੀ ਜੀ (ਪਠਾਨਕੋਟ ਵਾਲੇ)

WORLDWIDE BSP SUPPORTERS

ਇਹ ਪ੍ਰੋਗਰਾਮ ਨੂੰ ਤੁਸੀਂ WBS TEAM 360 ਐਪ, ਫੇਸਬੁੱਕ ਪੇਜ ਅਤੇ ਯੂ-ਟਿਊਬ ਚੈਨਲ ਤੇ ਲਾਈਵ ਦੇਖ ਸਕਦੇ ਹੋ ।

Live On:

WBS TEAM 360

GET IT ON Google Play

Download on the App Store



ਸਰਦਾਰ ਜਸਵੀਰ ਸਿੰਘ ਗੜ੍ਹੀ
ਪ੍ਰਧਾਨ ਬਸਪਾ ਪੰਜਾਬ

## WORLDWIDE BSP SUPPORTERS

USA, Canada, France, Italy, Germany, New Zealand, Spain, Austria, Portugal, Greece, Holland, UAE, Kuwait, Qatar, Lebanon & Belgium



## ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

# ਅਮਰ ਦੜੌਚ


ਅਤੇ

# ਸਮੂਹ ਪਰਿਵਾਰ



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ।। ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ।।

# ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ





## Kewal Chohan and his Family

Former President of
Sri Guru Ravidass Sabha Fresno (CA)

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਧੰਨ ਧੰਨ
ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ
7 ਮਾਰਚ 2021 ਦਿਨ ਐਤਵਾਰ ਨੂੰ ਮਨਾਏ ਜਾਣ ਦੀਆਂ
ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ




# KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਮੌਜੂਦਾ ਕਿਸਾਨ ਮੋਰਚਾ: ਵਿਰਾਸਤ ਤੇ ਭਵਿੱਖ

## ਰੌਣਕੀ ਰਾਮ ਨਾਲ ਕੀਤੀ ਮੁਲਾਕਾਤ ਦੇ ਕੁਝ ਅੰਸ਼



ਮੁਲਾਕਾਤੀ ਡਾ. ਬਲਵਿੰਦਰ ਸਿੰਘ, ਡਾ. ਰੌਣਕੀ ਰਾਮ ਨਾਲ

**ਮੁਲਾਕਾਤੀ: ਬਲਵਿੰਦਰ ਸਿੰਘ**

ਪ੍ਰੋਫ਼ੈਸਰ ਰੌਣਕੀ ਰਾਮ ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਵਿਭਾਗ ਦੀ ਸ਼ਹੀਦ ਭਗਤ ਸਿੰਘ ਚੇਅਰ ਦੇ ਪ੍ਰੋਫ਼ੈਸਰ ਹਨ। ਇਨ੍ਹਾਂ ਨੂੰ ਅੰਤਰਰਾਸ਼ਟਰੀ ਰਾਜਨੀਤੀ ਤੇ ਵਿਵਾਦਾਂ ਨੂੰ ਅਮਨ ਨਾਲ਼ ਨਿਪਟਾਉਣ ਦੇ ਮਜ਼ਮੂਨਾਂ 'ਤੇ ਖ਼ਾਸ ਮੁਹਾਰਤ ਹਾਸਿਲ ਹੈ। ਸਵੀਡਨ, ਇਸਟੋਨੀਆ, ਲੇਤਵੀਆ, ਹਾਲੈਂਡ, ਕੈਨੇਡਾ, ਅਮਰੀਕਾ, ਇੰਗਲੈਂਡ, ਪੋਲੈਂਡ, ਫ਼ਰਾਂਸ, ਬਹਰੀਨ, ਪਾਕਿਸਤਾਨ ਤੇ ਜਾਪਾਨ ਆਦਿ ਬਹੁਤ ਸਾਰੇ ਮੁਲਕਾਂ ਵਿਚ ਇਹ ਵਿੱਦਿਅਕ ਗਤੀਵਿਧੀਆਂ ਨਾਲ਼ ਸੰਬੰਧਤ ਕਾਰਜਾਂ ਤਹਿਤ ਜਾ ਚੁੱਕੇ ਹਨ। ਇਨ੍ਹਾਂ ਦੀਆਂ ਲਿਖਤਾਂ ਵਿਸ਼ਵ ਪ੍ਰਸਿੱਧ ਪੱਤਰਕਾਵਾਂ – ਏਸ਼ੀਅਨ ਸਰਵੇ (ਕੈਲੀਫ਼ੋਰਨੀਆ, ਬਰਕਲੇ), ਕੰਟਰੀਬਿਊਸ਼ਨ ਟੂ ਇੰਡੀਅਨ ਸੋਸ਼ਿਔਲੋਜੀ (ਸੇਜ), ਦ' ਜਰਨਲ ਆੱਵ ਏਸ਼ੀਅਨ ਸਟੱਡੀਜ਼ (ਕੈਂਬ੍ਰਿਜ), ਮੌਡਰਨ ਏਸ਼ੀਅਨ ਸਟੱਡੀਜ਼ (ਕੈਂਬ੍ਰਿਜ), ਜਰਨਲ ਆੱਵ ਪੰਜਾਬ ਸਟੱਡੀਜ਼ (ਕੈਲੀਫ਼ੋਰਨੀਆ, ਸਾਂਤਾ ਬਰਬਰਾ), ਤੇ ਈ ਪੱਤਰਕਾਵਾਂ – ਨਿਸੋਤ, ਵਤਨ, ਵਿਚਾਰ ਡੌਟ ਕੌਮ, ਅੰਬੇਡਕਰਟਾਇਮਸ ਡੌਟ ਕੌਮ, ਦੇਸ਼ ਦੁਆਬਾ ਡੌਟ ਕੌਮ, ਅੰਮ੍ਰਿਤਸਰ ਟਾਈਮਜ਼ ਡੌਟ ਕੌਮ ਆਦਿ ਵਿਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਪੰਜਾਬ ਦੇ ਦਲਿਤ ਸਮਾਜ ਦੀ ਮੰਦਹਾਲੀ ਤੇ ਪੰਜਾਬ ਵਿਚ ਉੱਠੀਆਂ ਦਲਿਤ ਲਹਿਰਾਂ ਬਾਰੇ ਇਨ੍ਹਾਂ ਦੀਆ ਦੋ ਪੁਸਤਕਾਂ 'ਦਲਿਤ ਚੇਤਨਾ: ਸਰੋਤ ਤੇ ਸਰੂਪ' (2010) ਤੇ 'ਦਲਿਤ ਪਛਾਣ: ਮੁਕਤੀ ਤੇ ਸ਼ਕਤੀਕਰਨ' (2012) ਪੰਜਾਬੀ ਵਿਚ ਛਪ ਚੁੱਕੀਆਂ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਖੋਜ ਪੱਤਰ ਵੀ ਪੰਜਾਬੀ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ। ਅਕਾਦਮਿਕ ਪ੍ਰਾਪਤੀਆਂ ਤੋਂ ਇਲਾਵਾ ਰੌਣਕੀ ਰਾਮ ਜੀ ਪੰਜਾਬ ਯੂਨੀਵਰਸਿਟੀ ਦੀ ਟੀਚਰ ਸੰਸਥਾ ਪੂਟਾ ਦੇ ਦੋ ਵਾਰ ਪ੍ਰਧਾਨ ਤੇ ਸੈਨੇਟ ਤੇ ਬੋਰਡ ਆੱਵ ਫ਼ਾਇਨਾਂਸ ਦੇ ਮੈਂਬਰ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ। ਇਨ੍ਹਾਂ ਨੂੰ ਸਮੇਂ-ਸਮੇਂ ਦੇਸ਼ ਤੇ ਵਿਦੇਸ਼ਾਂ ਵਿਚ ਕਈ ਸੰਸਥਾਵਾਂ ਨੇ ਅਕਾਦਮਿਕ ਤੇ ਸਾਮਾਜਿਕ ਸੇਵਾਵਾਂ ਹਿਤ ਸਨਮਾਨਿਤ ਕੀਤਾ ਹੈ। ਹੁਣ ਇਹ ਇੰਗਲੈਂਡ ਦੀ ਵੁਲਵਰਹੈਂਪਟਨ ਯੂਨੀਵਰਸਿਟੀ ਦੇ ਸੈਂਟਰ ਫ਼ੌਰ ਸਿੱਖ ਐਂਡ ਪੰਜਾਬੀ ਸਟੱਡੀਜ਼ ਦੇ ਮਹਿਮਾਨ ਪ੍ਰੋਫ਼ੈਸਰ ਵੀ ਹਨ।

ਇਨ੍ਹਾਂ ਨਾਲ਼ ਕੀਤੀ ਵਿਚਾਰ-ਚਰਚਾ ਮੌਜੂਦਾ ਕਿਸਾਨ ਸੰਘਰਸ਼ ਬਾਰੇ ਸਹੀ ਸਮਝ ਵਿਕਸਿਤ ਕਰਨ ਲਈ ਖ਼ਾਸ ਅਹਿਮੀਅਤ ਰੱਖਦੀ ਹੈ। ਪੇਸ਼ ਹਨ ਮੁਲਾਕਾਤ ਦੇ ਕੁਝ ਅੰਸ਼:


### 1. ਪੰਜਾਬ ਦੀ ਕਿਸਾਨੀ ਲਹਿਰ ਦੀ ਵਿਰਾਸਤ ਕੀ ਹੈ?

– ਪੰਜਾਬ ਦੀ ਕਿਸਾਨੀ ਲਹਿਰ ਦੀ ਵਿਰਾਸਤ ਬਹੁਤ ਪੁਰਾਣੀ ਹੈ। ਭਾਰਤੀ ਸਮਾਜ ਵਿਚ ਵਰਣ-ਵਿਵਸਥਾ ਦੇ ਆਧਾਰ 'ਤੇ ਹੱਥੀਂ ਕੰਮ ਕਰਨ ਵਾਲ਼ੇ ਕਿਰਤੀਆਂ ਨੂੰ ਸਮਾਜਿਕ ਰੁਤਬੇ ਦੀ ਪੌੜੀ ਦੇ ਸਭ ਤੋਂ ਹੇਠਲੇ ਪੌੜੇ 'ਤੇ ਧੱਕਿਆ ਹੋਇਆ ਸੀ। ਇਸ ਹੇਠਲੇ ਪੱਧਰ 'ਤੇ ਜੀਉਂਦੇ ਉਤਪਾਦਕਾਂ ਨੂੰ ਸ਼ੂਦਰ ਕਿਹਾ ਜਾਂਦਾ ਸੀ। ਇਨ੍ਹਾਂ ਕਿਰਤੀਆਂ ਵਿੱਚੋਂ ਉਹ ਲੋਕ ਜਿਹੜੇ ਮਲ-ਮੂਤਰ ਵਾਲ਼ੇ ਕਿੱਤੇ ਕਰਦੇ ਸਨ; ਉਨ੍ਹਾਂ ਨੂੰ ਅਤਿਸ਼ੂਦਰ ਭਾਵ ਅਛੂਤ, ਢੇਡ ਤੇ ਅਨਾਰੀਆ ਆਦਿ ਦੇ ਨਾਂ ਧਰ ਕੇ ਧਿੱਕਾਰਿਆ ਗਿਆ। ਅਤਿਸ਼ੂਦਰਾਂ ਦੇ ਮੁਕਾਬਲਤਨ ਸ਼ੂਦਰਾਂ ਦਾ ਜੀਵਨ ਪੱਧਰ ਕੁਝ ਬਿਹਤਰ ਸੀ। ਅਤਿਸ਼ੂਦਰਾਂ ਦੀ ਤਰ੍ਹਾਂ ਸ਼ੂਦਰ ਭਿੱਟ ਦਾ ਸ਼ਿਕਾਰ ਨਹੀਂ ਸਨ ਤੇ ਉਨ੍ਹਾਂ ਨੂੰ ਪਿੰਡਾਂ ਤੋਂ ਬਾਹਰ ਨਹੀਂ ਸੀ ਕੀਤਾ ਹੋਇਆ। ਪਰ ਜਿਥੋਂ ਤਕ ਜ਼ਮੀਨ ਦੇ ਮਾਲਕੀ ਹੱਕਾਂ ਦਾ ਸਵਾਲ ਸੀ, ਸ਼ੂਦਰਾਂ ਤੇ ਅਤਿਸ਼ੂਦਰਾਂ ਦੋਹਾਂ ਨੂੰ ਹੀ ਇਸ ਹੱਕ ਤੋਂ ਵਾਂਝਿਆਂ ਰੱਖਿਆ ਹੋਇਆ ਸੀ। ਸਾਰੀ ਜ਼ਮੀਨ ਮੁਗ਼ਲਾਂ ਦੇ ਅਹਿਲਕਾਰਾਂ, ਚੌਧਰੀਆਂ, ਰਜਵਾੜਿਆਂ ਤੇ ਰਾਜਪੂਤ ਸਰਦਾਰਾਂ ਦੇ ਹੱਥਾਂ ਵਿਚ ਸੀ। ਸ਼ੂਦਰ ਤੇ ਅਤਿਸ਼ੂਦਰ ਇਨ੍ਹਾਂ ਦੀਆਂ ਜ਼ਮੀਨਾਂ ਤੇ ਕੰਮੀਆਂ ਦੇ ਤੌਰ 'ਤੇ ਵਕਤ ਕਟੀ ਕਰਦੇ ਸਨ। ਖੇਤੀ ਕਰਨ ਵਾਲ਼ੇ ਕਾਮਿਆਂ ਨੂੰ ਹਲ਼ਵਾਹਕ ਕਿਹਾ ਜਾਂਦਾ ਸੀ।

ਬਾਬਾ ਨਾਨਕ ਦੇ ਸਮਾਜੀ ਬਰਾਬਰੀ ਵਾਲ਼ੇ ਨਵੇਂ ਧਾਰਮਿਕ ਫ਼ਲਸਫ਼ੇ ਤੋਂ ਪ੍ਰੇਰਿਤ ਬਹੁਤ ਸਾਰੇ ਸ਼ੂਦਰ ਤੇ ਅਤਿਸ਼ੂਦਰ ਉਨ੍ਹਾਂ ਦੇ ਇਸ ਇਲਾਹੀ ਮਿਸ਼ਨ ਨਾਲ਼ ਜੁੜਨ ਲਗ ਪਏ। ਇਹ ਮਨੁੱਖੀ ਬਰਾਬਰੀ, ਆਪਸੀ ਸਾਂਝ ਤੇ ਕਿਰਤ ਵਾਲ਼ਾ ਨਵਾਂ ਧਰਮ ਨਿਮਾਣਿਆਂ ਤੇ ਨਿਆਸਰਿਆਂ ਲਈ ਸਮਾਜਿਕ ਤੇ ਧਾਰਮਿਕ ਓਟ ਬਣ ਕੇ ਬਹੁੜਿਆ। ਬਹੁਤ ਸਾਰੇ ਹਲ਼ਵਾਹਕ ਤੇ ਦੂਸਰੇ ਕਿੱਤਿਆਂ ਵਾਲ਼ੇ ਸ਼ੂਦਰ ਤੇ ਅਤਿਸ਼ੂਦਰ ਇਸ ਨਵੇਂ ਧਰਮ ਵਿਚ ਬਰਾਬਰੀ ਦਾ ਅਹਿਸਾਸ ਮਾਨਣ ਲੱਗੇ। ਬਾਬਾ ਬੰਦਾ ਸਿੰਘ ਬਹਾਦਰ ਦੇ ਕਾਲ਼ ਤੋਂ ਸ਼ੁਰੂ ਹੋ ਕੇ ਮਹਾਰਾਜਾ ਰਣਜੀਤ ਸਿੰਘ ਕਾਲ਼ ਦੌਰਾਨ ਹਲ਼ਵਾਹਕ ਅਪਣੀ ਵਾਹੀ ਭੂਮੀ ਦੇ ਮਾਲਿਕ ਬਣ ਕੇ ਕਿਸਾਨ ਤੇ ਜ਼ਿਮੀਂਦਾਰ ਅਖਵਾਉਣ ਲੱਗ ਪਏ ਸਨ। ਬਾਬੇ ਨਾਨਕ ਤੋਂ ਲੈ ਕੇ ਰਣਜੀਤ ਸਿੰਘ ਦੇ ਕਾਲ਼ ਤਕ ਦਾ ਤਕਰੀਬਨ ਚਾਰ ਸੌ ਸਾਲ ਦਾ ਲੰਮਾ ਸਮਾਂ ਕਿਸਾਨੀ ਜੀਵਨ ਦੀ ਜੱਦੋਜਹਿਦ ਦੀ ਗੌਰਵਮਈ ਗਾਥਾ ਹੈ।

ਰਣਜੀਤ ਸਿੰਘ ਤੋਂ ਬਾਅਦ ਅੰਗਰੇਜ਼ੀ ਹਕੂਮਤ ਦੌਰਾਨ ਖੇਤੀ ਕਾਨੂੰਨਾਂ ਦੀ ਨਵੀਂ ਲੜੀ ਸ਼ੁਰੂ ਹੁੰਦੀ ਹੈ, ਜਿਹਦੀ ਮੌਜੂਦਾ ਕਿਸਾਨੀ ਸੰਘਰਸ਼ ਦੀ ਬਣ ਰਹੀ ਰੂਪ-ਰੇਖਾ ਵਿਚ ਅਨੋਖੀ ਭੂਮਿਕਾ ਹੈ। ਅੰਗਰੇਜ਼ ਹਕੂਮਤ ਦੇ ਕਾਲ਼ ਦੌਰਾਨ ਪੰਜਾਬ ਦੀ ਬਹੁਤ ਸਾਰੀ ਬਰਾਨੀ ਜ਼ਮੀਨ ਵਿਚ ਨਹਿਰਾਂ ਆਉਣ ਨਾਲ਼ ਖੇਤੀ ਨੇ ਬਹੁਤ ਉੱਨਤੀ ਕੀਤੀ। ਇਸੇ ਦੌਰਾਨ ਅੰਗਰੇਜ਼ ਹਕੂਮਤ ਨੇ ਖੇਤੀ ਬਾਬਤ ਬਹੁਤ ਸਾਰੇ ਕਾਨੂੰਨ ਵੀ ਪਾਸ ਕੀਤੇ, ਜਿਨ੍ਹਾਂ ਦੇ ਕਿਸਾਨ-ਵਿਰੋਧੀ ਰਵੱਈਏ ਨੇ ਕਿਸਾਨਾਂ ਨੂੰ ਸੰਘਰਸ਼ ਦੇ ਰਾਹ ਪਾਇਆ। ਪੰਜਾਬ ਦਾ ਪਹਿਲਾ ਕਿਸਾਨ ਸੰਘਰਸ਼ ਸੰਨ 1907 ਦੌਰਾਨ 'ਲੈਂਡ ਕਲੋਨਾਈਜੇਸ਼ਨ ਬਿੱਲ' ਦੇ ਵਿਰੋਧ ਵਿਚ ਉੱਠਿਆ। ਇਹ ਲਹਿਰ 'ਪੱਗੜੀ ਸੰਭਾਲ਼ ਜੱਟਾ' ਦੇ ਨਾਂ ਵਜੋਂ ਹਰਮਨਪਿਆਰੀ ਹੋਈ; ਜਿਹਨੇ ਹਿੰਦੂ, ਸਿੱਖ, ਮੁਸਲਿਮ ਏਕਤਾ ਦੇ ਜ਼ਰੀਏ ਬਸਤੀਵਾਦੀ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ। ਇਹ ਇਸ ਲਹਿਰ ਦੀ ਤਾਕਤ ਦਾ ਅਸਰ ਸੀ ਕਿ ਬਰਤਾਨੀਆ ਹਕੂਮਤ ਨੂੰ ਅਜੀਤ ਸਿੰਘ ਦੀ ਜਲਾਵਤਨੀ ਨੂੰ ਵੀ ਰੱਦ ਕਰਨਾ ਪਿਆ ਸੀ। ਇਸ ਤੋਂ ਬਾਅਦ 1937 ਵਿਚ ਨੀਲੀਬਾਰ ਦਾ ਕਿਸਾਨ ਮੋਰਚਾ 'ਬੰਨੇ ਉੱਤੇ ਅੱਧੋ-ਅੱਧ' ਦੇ ਨਾਅਰੇ ਨਾਲ਼ ਮਸ਼ਹੂਰ ਹੋਇਆ। ਇਸ ਮੋਰਚੇ ਦੀਆਂ ਖ਼ਾਸ ਪ੍ਰਾਪਤੀਆਂ ਵਿਚ ਉਸ ਵੇਲੇ ਦੇ ਪੰਜਾਬ ਦੇ ਅਨੇਕ ਪੜ੍ਹੇ-ਲਿਖੇ ਨੌਜਵਾਨਾਂ ਤੇ ਵਿਦੇਸ਼ਾਂ ਵਿਚ ਉੱਚੀ ਵਿੱਦਿਆ ਪ੍ਰਾਪਤ ਕਰਕੇ ਵਤਨ ਪਰਤੇ ਨੌਜਵਾਨਾਂ ਦੀ ਭਰਵੀਂ ਸ਼ਮੂਲੀਅਤ ਹੋਈ ਸੀ। ਚਰੰਜੀ ਲਾਲ ਕੰਗਣੀਵਾਲ ਅਪਣੇ ਲੇਖ 'ਨੀਲੀਬਾਰ ਦਾ ਮੁਜ਼ਾਰਾ ਘੋਲ' (ਪੰਜਾਬੀ ਟ੍ਰਿਬਿਊਨ, 22 ਨਵੰਬਰ 2020) ਵਿਚ ਇਸ ਸੰਘਰਸ਼ ਦੀ ਗਾਥਾ ਨੂੰ ਬਹੁਤ ਹੀ ਤਫ਼ਸੀਲ ਨਾਲ਼ ਪੇਸ਼ ਕਰਦਿਆਂ ਲਿਖਦੇ ਹਨ ਕਿ ਕਿਵੇਂ ਨਵਾਂ-ਨਵਾਂ ਪਟਵਾਰੀ ਬਣ ਕੇ ਬਾਰ ਦੇ ਇਲਾਕੇ ਵਿਚ ਲੱਗੇ ਵਧਾਵਾ ਰਾਮ ਨਾਂ ਦੇ ਨੌਜਵਾਨ ਨੇ ਇਸ ਘੋਲ਼ ਦੇ ਤੇ ਗ਼ਦਰ ਲਹਿਰ ਦੇ ਮੋਢੀ ਠੱਠੀਆਂ ਪਿੰਡ ਦੇ ਬਾਬਾ ਜਵਾਲਾ ਸਿੰਘ ਤੋਂ ਪ੍ਰੇਰਿਤ ਹੋ ਕੇ ਅਪਣਾ ਜੀਵਨ ਕਿਸਾਨੀ ਲਹਿਰ ਨੂੰ ਸਮਰਪਿਤ ਕਰ ਦਿੱਤਾ। ਇਸੇ ਤਰ੍ਹਾਂ ਉਹ ਇੰਗਲੈਂਡ ਦੀ ਜੰਮਪਲ ਫ਼ਰੈਡਾ ਬੇਦੀ ਨਾਂ ਦੀ ਵਿਦਵਾਨ ਲੜਕੀ ਦਾ ਜ਼ਿਕਰ ਕਰਦੇ ਹਨ, ਜੋ ਕਿ ਔਕਸਫ਼ਰਡ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਲਾਸਕੀ ਦੇ ਲੈਕਚਰਾਂ ਤੋਂ ਕਾਫ਼ੀ ਪ੍ਰਭਾਵਿਤ ਸੀ ਤੇ ਜਿਹਨੇ ਗੁਰਦਾਸਪੁਰ ਜ਼ਿਲ੍ਹੇ ਦੇ ਭਗਤ ਪਿਆਰੇ ਲਾਲ (ਬੀ.ਪੀ.ਐੱਲ) ਬੇਦੀ ਨਾਲ਼ ਸ਼ਾਦੀ ਕਰਾ ਕੇ ਭਾਰਤ ਪਰਤਣ ਉਪਰੰਤ ਕਿਸਾਨ ਅੰਦੋਲਨ ਤੋਂ ਪ੍ਰਭਾਵਿਤ ਹੋ ਕੇ ਉਹਦੇ ਅਨਿੱਖੜਵੇਂ ਅੰਗ ਵਜੋਂ ਜੀਵਨ ਬਤੀਤ ਕੀਤਾ। (ਏਥੇ ਇਹ ਦੱਸਣਾ ਕੁਥਾਂ ਨਹੀਂ ਕਿ ਫ਼ਿਲਮ ਐਕਟਰ ਕਬੀਰ ਬੇਦੀ ਇਨ੍ਹਾਂ ਦਾ ਬੇਟਾ ਹੈ।) ਇਹ ਸੰਘਰਸ਼ ਕਿਸਾਨਾਂ ਦੀਆਂ 22 ਮੰਗਾਂ ਨੂੰ ਮਨਵਾ ਕੇ ਕਾਮਯਾਬ ਹੋਇਆ। ਇਸ ਮੋਰਚੇ ਦੀ ਅਗਵਾਈ 23 ਮਾਰਚ 1937 ਨੂੰ ਹੋਂਦ ਵਿਚ ਆਈ ਪੰਜਾਬ ਕਿਸਾਨ ਸਭਾ ਦੇ ਪਹਿਲੇ ਪ੍ਰਧਾਨ ਬਾਬਾ ਜਵਾਲਾ ਸਿੰਘ ਤੇ ਪਹਿਲੇ ਸਕੱਤਰ ਭਗਤ ਪਿਆਰੇ ਲਾਲ ਬੇਦੀ ਨੇ ਕੀਤੀ ਸੀ। ਇਸੇ ਕੜੀ ਵਿਚ ਅੰਮ੍ਰਿਤਸਰ ਦਾ ਮੋਰਚਾ 20 ਜੁਲਾਈ 1938 ਨੂੰ ਸ਼ੁਰੂ ਹੋ ਕੇ ਇਸੇ ਸਾਲ ਦੇ ਅਗਸਤ ਮਹੀਨੇ ਸਰਕਾਰੀ ਬੰਦੋਬਸਤ ਸਕੀਮ ਅਧੀਨ ਮਾਲੀਆ ਵਧਾਉਣ ਦੇ ਫ਼ੈਸਲੇ ਨੂੰ ਵਾਪਸ ਲੈਣ ਤੇ ਸਫਲਤਾਪੂਰਵਕ ਸਮਾਪਤ ਹੋਇਆ। ਇਸੇ ਦੌਰਾਨ ਚੜਿੱਕ ਦਾ ਮੋਰਚਾ ਲੱਗਾ, ਜਿਹਦੀ ਅਗਵਾਈ ਚੂਹੜਚੱਕ ਪਿੰਡ ਦੇ ਪੰਜਾਬ ਕਿਸਾਨ ਸਭਾ ਦੇ ਮੀਤ ਪ੍ਰਧਾਨ ਬਾਬਾ ਰੂੜ ਸਿੰਘ ਨੇ ਕੀਤੀ। ਇਹ 1937 ਵਿਚ ਮੁਕਾਬਲੇ ਬਿਨਾਂ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ। ਇਹ ਮੋਰਚਾ ਵੀ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨਵਾ ਕੇ ਤੇ ਗ੍ਰਿਫ਼ਤਾਰ ਹੋਏ ਸਾਰੇ ਸੱਤਿਆਗ੍ਰਹਿ ਕਿਸਾਨਾਂ ਦੀ ਰਿਹਾਈ ਮਗਰੋਂ 14 ਫਰਵਰੀ 1939 ਨੂੰ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਸਮਾਪਤ ਹੋਇਆ ਸੀ।

1948-49 ਵਾਲੀ ਪੈਪਸੂ ਦੀ ਮੁਜ਼ਾਰਾ ਲਹਿਰ ਤੇ 1959 ਵਾਲਾ ਖ਼ੁਸ਼ਹੈਸੀਅਤ ਟੈਕਸ ਵਿਰੋਧੀ ਮੋਰਚਾ ਵੀ ਪੰਜਾਬ ਕਿਸਾਨ ਘੋਲਾਂ ਦਾ ਸ਼ਾਨਾਮੱਤਾ ਵਿਰਸਾ ਹੈ। ਇਨ੍ਹਾਂ ਕਿਸਾਨੀ ਘੋਲਾਂ ਦੌਰਾਨ ਉਪਜੀ ਨਵੀਂ ਸਿਆਸੀ ਤੇ ਸਮਾਜੀ ਚੇਤਨਾ ਨੇ ਕਿਸਾਨ ਤੇ ਮਜ਼ਦੂਰ ਜਮਾਤ ਨੂੰ ਬਸਤੀਵਾਦੀ ਨਿਜ਼ਾਮ ਦੌਰਾਨ ਭਾਰਤ ਦੀ ਆਜ਼ਾਦੀ ਲਈ ਸਿਰਫ਼ ਪ੍ਰੇਰਿਤ ਹੀ ਨਹੀਂ ਕੀਤਾ, ਸਗੋਂ ਲਾਮਬਧ ਕਰਕੇ ਸੰਘਰਸ਼ ਦੇ ਰਾਹ ਪਾਇਆ। 1920-25 ਦੀ ਗੁਰਦੁਆਰਾ ਸੁਧਾਰ ਲਹਿਰ, 1921-25 ਦੌਰਾਨ ਉੱਠੀ ਬੱਬਰ ਅਕਾਲੀ ਲਹਿਰ, 1922 ਦਾ ਗੁਰੂ ਕੇ ਬਾਗ਼ ਦਾ ਮੋਰਚਾ ਤੇ 1924-25 ਵਾਲ਼ਾ ਜੈਤੋ ਦਾ ਮੋਰਚਾ ਵੀ ਕਿਸਾਨਾਂ ਦੇ ਸਿਵਿਲ ਤੇ ਧਾਰਮਿਕ ਅਧਿਕਾਰਾਂ ਦੀ ਬਹਾਲੀ ਲਈ ਪਾਏ ਗਏ ਹਿੱਸੇ ਦਾ ਸੁਨਹਿਰੀ ਵਿਰਸਾ ਹੈ।





ਸੰਨ 1938 ਵਿਚ ਡਾਕਟਰ ਭਾਗ ਸਿੰਘ ਦੀ ਲਿਖੀ ਬਾਬੇ ਜਵਾਲਾ ਸਿੰਘ ਦੀ ਜੀਵਨੀ ਦਾ ਪੰਨਾ
(ਇਹ ਕਿਤਾਬ ਲਹੌਰ ਦੀ ਦਿਆਲ ਸਿੰਘ ਲਾਇਬ੍ਰੇਰੀ ਵਿਚ ਪਈ ਹੈ)



ਫ਼ਰੀਦਾ ਤੇ ਭਗਤ ਪਿਆਰੇ ਲਾਲ ਬੇਦੀ, ਸੰਨ 1948 ਸ੍ਰੀ ਨਗਰ ਵਿਚ



ਭਕਨੇ ਪਿੰਡ ਵਿਚ ਕੁਲ ਹਿੰਦ ਕਿਸਾਨ ਸਭਾ ਦਾ ਜੋੜਮੇਲਾ, ਅਪ੍ਰੈਲ 1943. ਫ਼ੋਟੋਕਾਰ: ਸੁਨੀਲ ਜਾਨਾ

### 2. ਆਜ਼ਾਦੀ ਤੋਂ ਪਹਿਲਾਂ ਤੇ ਬਾਅਦ ਦੀ ਕਿਸਾਨੀ ਲਹਿਰ ਵਿਚ ਮੁੱਖ ਤੌਰ 'ਤੇ ਕੀ ਅੰਤਰ ਹੈ?

ਭਾਰਤ ਦੀ ਆਜ਼ਾਦੀ ਤੋਂ ਬਾਅਦ ਕਿਸਾਨ ਲਹਿਰ ਵਿਚ ਬਸਤੀਵਾਦੀ ਕਾਲ਼ ਦੇ ਮੁਕਾਬਲਤਨ ਮੁੱਖ ਤਬਦੀਲੀ ਦਾ ਰੌਂਅ ਬਾਹਰੀ ਹੁਕਮਰਾਨਾ ਦੀ ਜਗ੍ਹਾ ਲੋਕਤੰਤਰੀ ਢੰਗ ਨਾਲ਼ ਚੁਣੀਆਂ ਸਰਕਾਰਾਂ ਦੀਆਂ ਅਪਣਾਈਆਂ ਖੇਤੀ ਸੰਬੰਧੀ ਨੀਤੀਆਂ ਦੁਆਲ਼ੇ ਘੁੰਮਦਾ ਹੈ। ਆਜ਼ਾਦ ਭਾਰਤ ਵਿਚ ਭੂਮੀ ਸੁਧਾਰਾਂ ਪ੍ਰਤੀ ਜਿਸ ਤਰ੍ਹਾਂ ਦੀ ਆਸ਼ਾ ਪ੍ਰਗਟਾਈ ਗਈ ਸੀ, ਉਹਨੂੰ ਅਮਲੀ ਜਾਮਾ ਨਾ ਦਿੱਤੇ ਜਾਣ ਕਾਰਣ ਵੱਖ-ਵੱਖ ਸਮਿਆਂ ਦੌਰਾਨ ਅਲੱਗ-ਅਲੱਗ ਸੂਬਿਆਂ ਵਿਚ ਇਸ ਮੱਦ ਨੂੰ ਲੈ ਕੇ ਕਿਸਾਨਾਂ ਨੇ ਸੰਘਰਸ਼ ਸ਼ੁਰੂ ਕੀਤੇ। ਪੰਜਾਬ ਵਿਚ ਜ਼ਿਆਦਾਤਰ ਭੂਮੀ ਸੁਧਾਰਾਂ ਨੂੰ ਲੈ ਕੇ ਜਿਸ ਤਰ੍ਹਾਂ ਦੇ ਕਿਸਾਨੀ ਘੋਲਾਂ ਨੇ ਰੂਪ-ਰੇਖਾ ਅਖ਼ਤਿਆਰ ਕੀਤੀ, ਉਹਦਾ ਚਿਹਰਾ-ਮੋਹਰਾ ਨਕਸਲਬਾੜੀ ਲਹਿਰ ਦੇ ਬਿੰਬਾਂ ਦੇ ਰੂਪ ਵਿਚ ਰੂਪਮਾਨ ਹੋਇਆ। ਇਹ ਲਹਿਰ ਭਾਵੇਂ ਅਪਣੇ ਉਦੇਸ਼ਾਂ ਨੂੰ ਪੂਰਾ ਕਰਨ ਵਿਚ ਸਫਲ ਨਹੀਂ ਸੀ ਹੋ ਸਕੀ, ਪਰ ਇਹਨੇ ਕਿਸਾਨੀ ਸੰਘਰਸ਼ ਵਿਚ ਅਹਿਮ ਭੂਮਿਕਾ ਨਿਭਾਈ।

ਇਸੇ ਸੰਦਰਭ ਵਿਚ ਉੱਤਰੀ ਭਾਰਤ ਦੇ ਰਾਜਾਂ ਵਿਚ ਖ਼ਾਸ ਕਰਕੇ ਪੰਜਾਬ ਤੇ ਹਰਿਆਣੇ ਵਿਚ ਹਰੇ ਇਨਕਲਾਬ ਦੀ ਆਮਦ ਨਾਲ਼ ਨਵੇਂ ਕਿਸਾਨੀ ਸੰਘਰਸ਼ ਦੀ ਸ਼ੁਰੂਆਤ ਹੋਈ। ਇਹ ਸੰਘਰਸ਼ ਖੇਤੀਬਾੜੀ ਦੇ ਔਜ਼ਾਰਾਂ, ਸਬਸਿਡੀ ਤੇ ਹੋਰ ਲੋੜੀਂਦੀਆਂ ਸਹੂਲਤਾਂ ਜਿਵੇਂ ਕਿ ਖਾਦ ਤੇ ਬੀਅ ਆਦਿ ਨਾਲ਼ ਜੁੜ ਕੇ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਤੋਂ ਸਿੱਧੇ ਤੇ ਅਸਿੱਧੇ ਤੌਰ 'ਤੇ ਪ੍ਰਭਾਵਿਤ ਹੋਇਆ। ਆਜ਼ਾਦੀ ਤੋਂ ਬਾਅਦ ਕਿਸਾਨ ਲਹਿਰ ਨੂੰ ਰਾਜਨੀਤਿਕ ਪਾਰਟੀਆਂ ਤੋਂ ਵੀ ਹੁੰਗਾਰਾ ਮਿਲਣ ਲੱਗਿਆ। ਰਾਜਨੀਤਿਕ ਪਾਰਟੀਆਂ ਕਿਸਾਨੀ ਅੰਦੋਲਨ ਨਾਲ਼ ਸੰਬੰਧਤ ਮੁੱਦਿਆਂ ਨੂੰ ਲੈ ਕੇ ਚੋਣਾਂ ਦੌਰਾਨ ਅਪਣੇ ਚੋਣ ਮਨੋਰਥ ਪੱਤਰਾਂ ਵਿਚ ਉਨ੍ਹਾਂ ਦੀ ਅਗਵਾਈ ਕਰਦੀਆਂ ਨਜ਼ਰ ਆਉਣ ਲੱਗੀਆਂ। ਇਨ੍ਹਾਂ ਨੇ ਜਿਥੇ ਇਕ ਪਾਸੇ ਕਿਸਾਨ ਅੰਦੋਲਨ ਦੀ ਲਾਮਬੰਦੀ ਵਿਚ ਸਾਰਥਿਕ ਭੂਮਿਕਾ ਨਿਭਾਈ ਤੇ ਦੂਸਰੇ ਪਾਸੇ ਕਿਸਾਨੀ ਅੰਦੋਲਨ ਨੂੰ ਸਿੱਧਾ ਸਿਆਸੀ ਰੰਗ ਵੀ ਚਾੜ੍ਹਿਆ।

### 3. ਮੌਜੂਦਾ ਕਿਸਾਨੀ ਸੰਘਰਸ਼ ਵਿਚ ਸਿਆਸੀ ਪਾਰਟੀਆਂ ਦੀ ਭੂਮਿਕਾ ਕਿਹੋ ਜਿਹੀ ਹੈ?

ਮੌਜੂਦਾ ਕਿਸਾਨੀ ਸੰਘਰਸ਼ ਵਿਚ ਰਾਜਨੀਤਿਕ ਪਾਰਟੀਆਂ ਦੀ ਸਿੱਧੀ ਭੂਮਿਕਾ ਤਕਰੀਬਨ ਨਾ ਹੋਣ ਵਰਗੀ ਹੀ ਰਹੀ ਹੈ। ਇਹਦਾ ਮੁੱਖ ਕਾਰਣ 32 ਕਿਸਾਨ ਜੱਥੇਬੰਦੀਆਂ ਤੇ ਸੰਯੁਕਤ ਕਿਸਾਨ ਮੋਰਚੇ ਦੀਆਂ ਦੇਸ਼ ਪੱਧਰ 'ਤੇ ਲੱਗਭਗ 500 ਜੱਥੇਬੰਦੀਆਂ ਨੇ ਦਿੱਲੀ ਦੀਆਂ ਬਰੂਹਾਂ ਤੇ 26 ਨਵੰਬਰ ਨੂੰ ਵਿੱਢੇ ਕਿਸਾਨੀ ਸੰਘਰਸ਼ ਵਿਚ ਇਹ ਅਹਿਦ ਕਰ ਲਿਆ ਕਿ ਕਿਸੇ ਵੀ ਰਾਜਨੀਤਿਕ ਪਾਰਟੀ ਨੂੰ ਮੋਰਚੇ ਵਿਚ ਕਿਸੇ ਤਰ੍ਹਾਂ ਦੀ ਸ਼ਮੂਲੀਅਤ ਤੋਂ ਬਾਹਰ ਰੱਖਿਆ ਜਾਵੇਗਾ। ਆਈ ਡੀ ਸੀ, ਚੰਡੀਗੜ੍ਹ ਦੇ ਡਾਇਰੈਕਟਰ ਪ੍ਰਮੋਦ ਕੁਮਾਰ ਰਾਜਨੀਤਿਕ ਪਾਰਟੀਆਂ ਦੀ ਮੌਜੂਦਾ ਕਿਸਾਨੀ ਅੰਦੋਲਨ ਵਿਚ ਭੂਮਿਕਾ ਨੂੰ ਲੈ ਕੇ ਟਿੱਪਣੀ ਕਰਦੇ ਹੋਏ ਲਿਖਦੇ ਹਨ ਕਿ ਇਨ੍ਹਾਂ ਦਾ ਯੋਗਦਾਨ ਸਿਰਫ਼ ਪਿੜ ਤੋਂ ਬਾਹਰ ਰਹਿ ਕੇ ਕਿਸਾਨੀ ਅੰਦੋਲਨ ਦੀ ਹੌਸਲਾਅਫ਼ਜ਼ਾਈ ਕਰਨ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਹੈ। ਕਿਸਾਨ ਇਨ੍ਹਾਂ ਦੀ ਕਿਸੇ ਤਰ੍ਹਾਂ ਦੀ ਵੀ ਸ਼ਮੂਲੀਅਤ ਨੂੰ ਮੰਨਣ ਤੋਂ ਪੂਰਨ ਤੌਰ 'ਤੇ ਇਨਕਾਰ ਕਰਦੇ ਆ ਰਹੇ ਹਨ।

ਅਗਰ ਥੋੜ੍ਹੀ ਬਹੁਤ ਜਗ੍ਹਾ ਇਨ੍ਹਾਂ ਰਾਜਨੀਤਿਕ ਪਾਰਟੀਆਂ ਨੂੰ ਅਪਣਾ ਕੁਝ ਰੋਲ ਅਦਾ ਕਰਨ ਦੀ ਮਿਲ਼ੀ ਹੈ, ਉਹ ਹੈ- ਸਿਰਫ਼ 27 ਜਨਵਰੀ ਨੂੰ ਉੱਤਰ ਪ੍ਰਦੇਸ਼ ਦੇ ਗ਼ਾਜ਼ੀਪੁਰ ਵਾਲ਼ੇ ਦਿੱਲੀ ਬਾਰਡਰ 'ਤੇ ਕਿਸਾਨ ਆਗੂ ਰਾਕੇਸ਼ ਟਕੈਤ ਦੇ ਕਿਸਾਨ ਮੋਰਚੇ ਨੂੰ ਮੁੜ ਸੰਜੀਵ ਕਰਨ ਦੀ ਨਿਵੇਕਲੀ ਕਾਰਜਕਾਰੀ। ਕੁਝ ਰਾਜਨੀਤਿਕ ਪਾਰਟੀਆਂ ਉਨ੍ਹਾਂ ਨੂੰ ਇਸ ਦਲੇਰਾਨਾ ਹੰਭਲੇ ਦੇ ਲਈ ਸਨਮਾਨਿਤ ਕਰਨ ਵਾਸਤੇ ਉਥੇ ਪੁੱਜੀਆਂ। ਇਨ੍ਹਾਂ ਕੁਝ-ਕੁ ਪਾਰਟੀਆਂ, ਖ਼ਾਸ ਕਰਕੇ ਅਕਾਲੀ ਦਲ ਤੇ ਕਾਂਗਰਸ ਦੀ ਰਾਕੇਸ਼ ਟਕੈਤ ਨੂੰ ਸਨਮਾਨਿਤ ਕਰਨ ਉਪਰੰਤ ਹੋਰ ਕੋਈ ਵੀ ਭੂਮਿਕਾ ਸਾਹਮਣੇ ਨਹੀਂ ਆਈ। ਦਰਅਸਲ ਸੋਸ਼ਲ ਮੀਡੀਆ ਤੇ ਇਕ ਗੱਲ ਜੋ ਵਾਰ-ਵਾਰ ਦੁਹਰਾਈ ਜਾ ਰਹੀ ਹੈ, ਉਹ ਹੈ ਕਿਸਾਨਾਂ ਦਾ ਪੂਰਨ ਤੌਰ 'ਤੇ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਤੋਂ ਉਪਰਾਮ ਹੋਣਾ। ਕਿਸਾਨਾਂ ਨੂੰ ਹੁਣ ਇਹ ਸਾਫ਼-ਸਾਫ਼ ਦਿਸਣ ਲੱਗ ਪਿਆ ਹੈ ਕਿ

(ਬਾਕੀ ਅਗਲੇ ਸਫੇ 'ਤੇ)

# ਮੌਜੂਦਾ ਕਿਸਾਨ ਮੋਰਚਾ: ਵਿਰਾਸਤ ਤੇ ਭਵਿੱਖ

**(ਸਫਾ 13 ਦੀ ਬਾਕੀ)**

ਤਮਾਮ ਰਾਜਨੀਤਿਕ ਪਾਰਟੀਆਂ ਕਿਸਾਨੀ ਮੁੱਦੇ ਉਠਾ ਕੇ ਸਿਰਫ਼ ਵੋਟਾਂ ਬਟੋਰਨ ਮਗਰੋਂ ਨਜ਼ਰਅੰਦਾਜ਼ ਕਰਦੀਆਂ ਰਹੀਆਂ ਹਨ। ਕਿਸਾਨੀ ਮੁੱਦੇ ਉਵੇਂ ਦੇ ਉਵੇਂ ਹੀ ਬਣੇ ਰਹਿੰਦੇ ਹਨ, ਜਿਨ੍ਹਾਂ ਦਾ ਸਰਕਾਰਾਂ ਦੀ ਅਦਲਾ-ਬਦਲੀ ਦੌਰਾਨ ਕਿਸੇ ਤਰ੍ਹਾਂ ਦਾ ਹੱਲ ਸਾਹਮਣੇ ਨਹੀਂ ਆਉਂਦਾ। ਇਹੀ ਕਾਰਨ ਹੈ ਕਿ ਮੌਜੂਦਾ ਸੰਘਰਸ਼ ਦੌਰਾਨ ਕਿਸਾਨਾਂ ਨੇ ਰਾਜਨੀਤਿਕ ਪਾਰਟੀਆਂ ਨੂੰ ਪੂਰਨ ਤੌਰ 'ਤੇ ਬਾਹਰ ਰੱਖਣ ਦਾ ਫ਼ੈਸਲਾ ਕੀਤਾ। ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਹੋਂਦ ਵਿਚ ਆਉਣ ਉਪਰੰਤ ਜਿਸ ਤਰ੍ਹਾਂ ਲੋਕਾਂ ਵਿਚ ਨਵੇਂ ਬਦਲ ਦੀ ਉਮੰਗ ਉੱਠੀ ਸੀ, ਉਹ ਕੁਝ ਸਮੇਂ ਦੌਰਾਨ ਹੀ ਢਹਿਢੇਰੀ ਹੋਣ ਕਾਰਣ ਕਿਸਾਨਾਂ ਦਾ ਰਵਾਇਤੀ ਰਾਜਨੀਤਿਕ ਪਾਰਟੀਆਂ ਤੋਂ ਵਿਸ਼ਵਾਸ ਪੂਰਨ ਤੌਰ ਤੇ ਉਠ ਗਿਆ ਜਾਪਦਾ ਹੈ। ਜਿਸ ਦੀ ਭਰਵੀਂ ਨਿਸ਼ਾਨਦੇਹੀ ਦਿੱਲੀ ਬਾਰਡਰ ਤੇ ਸਿੰਘੂ ਮੋਰਚੇ ਦੀ ਵਿਸ਼ਵ ਪੱਧਰ ਤੇ ਬਣੀ ਪਛਾਣ ਦੀ ਕਿਸਾਨੀ ਸਟੇਜ ਤੋਂ ਕੀਤੇ ਐਲਾਨਾਂ ਤੋਂ ਸਾਫ਼-ਸਾਫ਼ ਦਿਸਦੀ ਹੈ। ਇਸ ਨਵੇਂ ਰੁਜਹਾਨ ਦਾ ਭਾਰਤੀ ਲੋਕਤੰਤਰ ਦੀ ਰਾਜ ਪ੍ਰਣਾਲੀ ਤੇ ਕਿਸ ਤਰ੍ਹਾਂ ਦਾ ਅਸਰ ਪੈਂਦਾ ਹੈ, ਇਹਦਾ ਅੰਦਾਜ਼ਾ ਲਾਉਣਾ ਅਜੇ ਸਮੇਂ ਤੋਂ ਪਹਿਲਾਂ ਦੀ ਗੱਲ ਕਰਨਾ ਹੋਵੇਗਾ।

### 4. ਕਿਸਾਨੀ ਲਹਿਰ ਵਿਚ ਦਲਿਤਾਂ ਦੀ ਕਿਹੋ-ਜਿਹੀ ਭੂਮਿਕਾ ਰਹੀ ਹੈ?

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਜਿਥੇ ਜ਼ਮੀਨ ਦੀ ਮਾਲਕੀ ਇਹਦੇ ਬਾਸ਼ਿੰਦਿਆਂ ਦੇ ਸਮਾਜੀ ਰੁਤਬੇ ਦੀ ਬਣਤਰ ਵਿਚ ਵਿਸ਼ੇਸ਼ ਥਾਂ ਹੈ। ਭਾਰਤ ਵਿਚ ਪੰਜਾਬ ਤੋਂ ਸਿਵਾਏ ਕੋਈ ਹੋਰ ਅਜਿਹਾ ਸੂਬਾ ਨਹੀਂ, ਜਿਥੇ ਅਨੁਸੂਚਿਤ ਜਾਤੀਆਂ ਨਾਲ਼ ਸੰਬੰਧਤ ਲੋਕਾਂ ਦੀ ਵਾਹੀਯੋਗ ਭੂਮੀ ਦੀ ਮਾਲਕੀ ਵਿਚ ਇੰਨਾ ਘੱਟ ਹਿੱਸਾ ਹੋਵੇ। ਅਨੁਸੂਚਿਤ ਜਾਤੀਆਂ ਦੀ ਪੰਜਾਬ ਦੀ ਕੁੱਲ ਵਸੋਂ ਦਾ ਤਕਰੀਬਨ 1/3 ਹਿੱਸਾ ਹੋਣ ਦੇ ਬਾਵਜੂਦ ਵੀ ਉਨ੍ਹਾਂ ਵਿਚੋਂ 5 ਪ੍ਰਤੀਸ਼ਤ ਤੋਂ ਘੱਟ ਲੋਕ ਵਾਹੀ ਨਾਲ਼ ਜੁੜੇ ਹੋਏ ਹਨ। ਇਨ੍ਹਾਂ ਦੇ ਹਿੱਸੇ ਵਾਹੀਯੋਗ ਜੋਤਾਂ ਦਾ 4.82 ਪ੍ਰਤੀਸ਼ਤ ਹਿੱਸਾ ਆਉਂਦਾ ਹੈ, ਜਿਹੜਾ ਕਿ ਪੰਜਾਬ ਦਾ ਸਾਰੇ ਵਾਹੀਯੋਗ ਖ਼ਿੱਤੇ ਦਾ 2.34 ਪ੍ਰਤੀਸ਼ਤ ਬਣਦਾ ਹੈ। ਨਤੀਜੇ ਵਜੋਂ ਅਨੁਸੂਚਿਤ ਜਾਤਾਂ ਦੇ 60 ਪ੍ਰਤੀਸ਼ਤ ਲੋਕ ਖੇਤੀ ਕਾਮਿਆਂ ਵਜੋਂ ਦਿਹਾੜੀ-ਦੱਪਾ ਕਰਕੇ ਅਪਣਾ ਜੀਵਨ ਨਿਰਬਾਹ ਕਰਨ ਲਈ ਮਜਬੂਰ ਹਨ। ਜਿਨ੍ਹਾਂ ਦੀ ਜ਼ਮੀਨ 'ਤੇ ਉਹ ਕੰਮ ਕਰਦੇ ਹਨ, ਉਹ ਲੋਕ ਅਕਸਰ ਜੱਟ ਭਾਈਚਾਰੇ ਦੇ ਹਨ। ਇਸ ਲਈ ਅਨੁਸੂਚਿਤ ਜਾਤੀ ਤੇ ਜੱਟ ਭਾਈਚਾਰੇ ਨਾਲ਼ ਸੰਬੰਧਤ ਲੋਕਾਂ ਵਿਚਕਾਰ ਇਹ ਰਿਸ਼ਤਾ ਬੇਜ਼ਮੀਨੇ ਕਿਰਤੀ ਤੇ ਜ਼ਿਮੀਦਾਰਾਂ ਦੀ ਸਰਦਾਰੀ ਵਿਚ ਤਬਦੀਲ ਹੋ ਕੇ ਐਸੇ ਪੈਦਾਵਾਰੀ ਰਿਸ਼ਤਿਆਂ ਵਿਚ ਰੂਪਮਾਨ ਹੁੰਦਾ ਹੈ, ਜੋ ਕੇ ਅਕਸਰ ਆਪਸੀ ਸਮਾਜੀ ਰਿਸ਼ਤਿਆਂ ਨਾਲ਼ੋਂ ਕਸ਼ਮਕਸ਼ ਵੱਲ ਜ਼ਿਆਦਾ ਝੁਕਾਅ ਰੱਖਦਾ ਹੈ। ਭਾਵੇਂ ਪਿਛਲੇ ਕੁਝ ਦਹਾਕਿਆਂ ਤੋਂ ਖ਼ਾਸ ਕਰਕੇ ਅਰਬ ਵੱਲ ਜਾਂ ਫਿਰ ਯੂਰਪੀ ਮੁਲਕਾਂ ਵੱਲ ਦਲਿਤ ਸਮਾਜ ਵੱਲੋਂ ਵਹੀਰਾਂ ਘੱਤਣ ਸਦਕਾ ਉਨ੍ਹਾਂ ਦੇ ਆਰਥਿਕ ਜੀਵਨ ਵਿਚ ਵਿਕਾਸ ਹੋਇਆ ਹੈ; ਪਰ ਫਿਰ ਵੀ ਉਨ੍ਹਾਂ ਦਾ ਬਹੁਤ ਸਾਰਾ ਹਿੱਸਾ ਅਪਣੇ ਜੀਵਨ ਨਿਰਬਾਹ ਲਈ ਖੇਤੀ ਦੇ ਕੰਮਕਾਰਾਂ ਰਾਹੀਂ ਜੀਵਨ ਨਿਰਬਾਹ ਲਈ ਬੇਵੱਸ ਰਹਿੰਦਾ ਹੈ। ਦਲਿਤ ਤੇ ਕਿਸਾਨੀ ਸਮਾਜ ਵਿਚ ਨਾਤਾ ਭੂਮੀਹੀਣ ਖੇਤੀ ਕਾਮੇ ਬਨਾਮ ਭੂਮੀਪਤੀ ਦਾ ਹੋ ਨਿਬੜਦਾ ਹੈ, ਜਿਹੜਾ ਉਨ੍ਹਾਂ ਦੇ ਆਪਸੀ ਵਿਰੋਧਾਂ ਕਾਰਣ ਖਿੱਚੋਤਾਣ ਵਾਲ਼ਾ ਬਣਿਆ ਰਹਿੰਦਾ ਹੈ। ਕਿਸਾਨੀ ਦਾ ਵੱਡਾ ਹਿੱਸਾ ਜੱਟ ਭਾਈਚਾਰੇ ਦਾ ਹੈ, ਜਿਨ੍ਹਾਂ ਨੂੰ ਵਾਹੀ ਵਿਚ ਪੁਸ਼ਤ-ਦਰ -ਪੁਸ਼ਤ ਸ਼ਮੂਲੀਅਤ ਕਾਰਣ ਪੂਰੀ ਮੁਹਾਰਤ ਹਾਸਿਲ ਹੈ। ਕਿਸਾਨੀ ਨਾਲ਼ ਸੰਬੰਧਤ ਇਸ ਸਮੁਦਾਇ ਦੀ ਪੰਜਾਬ ਦੀ ਕੁੱਲ ਵਸੋਂ ਵਿਚ ਵੀ ਤਕਰੀਬਨ 1/3 ਹਿੱਸਾ ਹੈ। ਦਲਿਤ ਸਮਾਜ ਤੇ ਜੱਟ ਭਾਈਚਾਰੇ ਨੂੰ ਜੇ ਮਿਲ਼ਾ ਦਿੱਤਾ ਜਾਵੇ, ਤਾਂ ਇਹ ਸਮੁੱਚੀ ਵਸੋਂ ਦਾ ਤਕਰੀਬਨ 60 ਪ੍ਰਤੀਸ਼ਤ ਹਿੱਸਾ ਬਣ ਜਾਂਦਾ ਹੈ, ਪਰ ਇਨ੍ਹਾਂ ਦਾ ਆਪਸ ਵਿਚ ਪੈਦਾਵਾਰ ਦੇ ਰਿਸ਼ਤਿਆਂ ਦੇ ਜ਼ਰੀਏ ਜਿਸ ਤਰ੍ਹਾਂ ਦਾ ਰਿਸ਼ਤਾ ਬਣਦਾ ਹੈ, ਉਸ ਕਰਕੇ ਇਹ ਇਕ ਧਿਰ ਨਾ ਹੋ ਕੇ ਦੋ ਧਿਰਾਂ - ਕਿਰਤੀ ਤੇ ਕਿਸਾਨ - ਵਿਚ ਵੰਡੇ ਜਾਂਦੇ ਹਨ।

ਜਿਥੋਂ ਤਕ ਮੌਜੂਦਾ ਕਿਸਾਨੀ ਸੰਘਰਸ਼ ਦੀ ਸਮਾਜਿਕ ਪੱਧਰ 'ਤੇ ਸ਼ਮੂਲੀਅਤ ਦੀ ਗੱਲ ਹੈ, ਉਥੇ ਇਹ ਅਕਸਰ ਦੇਖਣ ਨੂੰ ਮਿਲ਼ਦਾ ਹੈ ਕਿ ਕਿਰਤੀ-ਕਿਸਾਨ ਅਪਣੇ ਕਿੱਤੇ ਤੇ ਸੰਬੰਧਤ ਸਾਧਨਾਂ ਦੀ ਮਲਕੀਅਤ ਦੇ ਪੱਖ ਤੋਂ ਭਾਵੇਂ ਅਲੱਗ-ਅਲੱਗ ਹਨ, ਪਰ ਸਰਕਾਰ ਦੇ ਬਣਾਏ ਤਿੰਨਾਂ ਖੇਤੀ ਕਾਨੂੰਨਾਂ ਨੂੰ ਅਪਣੀ-ਅਪਣੀ ਹੋਂਦ ਦੀ ਲੜਾਈ ਸਮਝਦੇ ਹਨ। ਮਾਲਵੇ ਦੀ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ ਮੌਜੂਦਾ ਕਿਸਾਨ ਸੰਘਰਸ਼ ਨੂੰ ਅਪਣਾ ਪੂਰਾ ਸਮਰਥਨ ਦਿੱਤਾ ਹੈ। ਕਿਰਤੀਆਂ ਨੂੰ ਵੀ ਇਹ ਗੱਲ ਸਮਝ ਪੈ ਰਹੀ ਹੈ ਕਿ ਜੇ ਖੇਤੀ ਦਾ ਨਿਘਾਰ ਹੁੰਦਾ ਹੈ, ਤਾਂ ਉਸ ਨਾਲ਼ ਸੰਬੰਧਤ ਦਿਹਾੜੀ-ਦੱਪੇ ਦਾ ਕਾਰੋਬਾਰ ਵੀ ਖ਼ਤਮ ਹੋ ਜਾਂਦਾ ਹੈ। ਜਿਸ ਕਰਕੇ ਉਹ ਅਪਣੇ ਆਰਥਿਕ ਸ਼੍ਰੇਣੀ ਦੇ ਪੱਧਰ 'ਤੇ ਜ਼ਿਮੀਂਦਾਰ ਵਰਗ ਨਾਲ਼ ਵਿਰੋਧਾਭਾਸ ਨੂੰ ਫ਼ਿਲਹਾਲ ਇਕ ਪਾਸੇ ਰੱਖ ਕੇ ਖੇਤੀ ਕਾਨੂੰਨ ਨਾਲ਼ ਸੰਬੰਧਤ ਕਿਰਤੀ ਕਿਸਾਨ ਦੇ ਸਾਂਝੇ ਅੰਦੋਲਨ ਵਿਚ ਪੂਰੀ ਸ਼ਮੂਲੀਅਤ ਕਰ ਰਹੇ ਹਨ।

### 5. ਅੰਤਰਰਾਸ਼ਟਰੀ ਨੀਤੀਆਂ ਦਾ ਪੰਜਾਬ ਦੀ ਕਿਸਾਨ ਲਹਿਰ ਨਾਲ਼ ਕੀ ਰਿਸ਼ਤਾ ਹੈ?

ਦੂਸਰੇ ਵਿਸ਼ਵ ਯੁੱਧ ਦੇ ਅਖ਼ੀਰਲੇ ਦੋ ਸਾਲਾਂ ਦੌਰਾਨ ਇਸ ਯੁੱਧ ਦੀ ਸਮਾਪਤੀ ਤੋਂ ਬਾਅਦ ਅੰਤਰਰਾਸ਼ਟਰੀ ਵਪਾਰ ਸੰਬੰਧ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ ਤੇ ਉਨ੍ਹਾਂ ਨੂੰ ਕਿਸ ਤਰ੍ਹਾਂ ਯੂਰਪੀਅਨ ਤੇ ਅਮਰੀਕਨ ਜਗਤ ਵਾਸਤੇ ਲਾਹੇਵੰਦ ਬਣਾਉਣਾ ਹੈ, ਇਸ ਬਾਰੇ ਅਮਰੀਕਾ ਵਿਚ ਬ੍ਰਿਟਿਨ ਵੂਡਜ਼ ਸੰਮੇਲਨ ਹੋਇਆ ਸੀ। ਇਸ ਇਜਲਾਸ ਨੇ ਬ੍ਰਿਟਿਨ ਵੂਡਜ਼ ਅੰਤਰ-ਰਾਸ਼ਟਰੀ ਆਰਥਿਕ ਸੰਸਥਾਵਾਂ ਜਿਵੇਂ ਕਿ ਅੰਤਰ ਰਾਸ਼ਟਰੀ ਮੋਨੀਟਰੀ ਫ਼ੰਡ ਤੇ ਵਿਸ਼ਵ ਬੈਂਕ ਆਦਿ ਨੂੰ ਹੋਂਦ ਵਿਚ ਲਿਆਂਦਾ। ਇਸੇ ਕੜੀ ਵਿਚ ਗੈਟ ਤੇ ਬਾਅਦ ਵਿਚ ਵਿਸ਼ਵ ਵਪਾਰ ਸੰਗਠਨ ਅੰਤਰਰਾਸ਼ਟਰੀ ਵਪਾਰ ਸੰਬੰਧੀ ਸੰਸਥਾਵਾਂ ਹੋਂਦ ਵਿਚ ਆਈਆਂ। ਇਨ੍ਹਾਂ ਸੰਸਥਾਵਾਂ ਨੇ ਵਿਸ਼ਵ ਪੱਧਰ 'ਤੇ ਵਣਜ ਤੇ ਵਪਾਰ ਨੂੰ ਅਪਣੇ ਲਾਹੇਵੰਦ ਤਰੀਕੇ ਨਾਲ਼ ਚਲਾਉਣ ਲਈ ਇਕਹਰੀ ਅੰਤਰਰਾਸ਼ਟਰੀ ਮੰਡੀ ਸਥਾਪਤ ਕਰਨ ਦਾ ਸੰਕਲਪ ਲਿਆ। IMF ਤੇ WTO ਦੋ ਅਜਿਹੀਆਂ ਅੰਤਰਰਾਸ਼ਟਰੀ ਵਪਾਰ ਸੰਸਥਾਵਾਂ ਹਨ, ਜਿਨ੍ਹਾਂ ਦਾ ਮੌਜੂਦਾ ਭਾਰਤੀ ਕਿਸਾਨੀ ਸੰਘਰਸ਼ ਵਿਚ ਸਿੱਧੇ ਤੌਰ 'ਤੇ ਦਖ਼ਲਅੰਦਾਜ਼ੀ ਵਾਲ਼ਾ ਸੁਰ ਆਮ ਨਜ਼ਰ ਆਉਂਦਾ ਹੈ। ਪ੍ਰਸਾਰਨ ਮਹਿਕਮੇ ਦੇ ਡਾਇਰੈਕਟਰ ਗੈਰੀ ਰਾਈਸ ਨੇ ਭਾਰਤ ਸਰਕਾਰ ਦੇ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ 'ਇਹ ਬਿੱਲ ਭਾਰਤ ਵਿਚ ਖੇਤੀ ਸੁਧਾਰਾਂ ਵੱਲ ਪੁੱਟਿਆ ਗਿਆ ਸੁਹਿਰਦਤਾ ਪੂਰਵਕ ਕਦਮ ਹੈ'।

ਉਨ੍ਹਾਂ ਨੇ ਇਹ ਵੀ ਕਿਹਾ ਕਿ, 'ਇਹ ਕਾਨੂੰਨ ਭਾਰਤੀ ਕਿਸਾਨਾਂ ਨੂੰ ਅਪਣੀਆਂ ਜਿਣਸਾਂ ਦੀ ਖ਼ਰੀਦੋ-ਫ਼ਰੋਖ਼ਤ ਲਈ ਵਪਾਰਕ ਵਿਚੋਲਿਆਂ ਤੋਂ ਕੇਵਲ ਰਾਹਤ ਹੀ ਨਹੀਂ ਦਵਾਉਂਦੇ, ਬਲਕਿ ਉਨ੍ਹਾਂ ਦੀ ਪੈਦਾਵਾਰ ਵਿਚ ਵਾਧਾ ਕਰਦੇ ਹੋਏ ਪੇਂਡੂ ਵਿਕਾਸ ਦੇ ਪ੍ਰਤੀ ਮਦਦਗਾਰ ਸਿੱਧ ਹੋਣਗੇ'। ਇਹਦੇ ਨਾਲ਼ ਹੀ ਉਨ੍ਹਾਂ ਨੇ ਇਸ ਗੱਲੋਂ ਵੀ ਚੇਤੰਨ ਕੀਤਾ ਕਿ ਸਰਕਾਰ ਨੂੰ ਖ਼ਾਸ ਤੌਰ 'ਤੇ ਉਨ੍ਹਾਂ ਕਿਸਾਨਾਂ ਦੀ ਸ਼ੁਰੂ-ਸ਼ੁਰੂ ਵਿਚ ਮਦਦ ਕਰਨੀ ਪਵੇਗੀ, ਜਿਨ੍ਹਾਂ ਤੇ ਇਨ੍ਹਾਂ ਕਾਨੂੰਨਾਂ ਦਾ ਮਾਰੂ ਅਸਰ ਪੈਣ ਵਾਲ਼ਾ ਹੈ। ਜਿਥੋਂ ਤਕ ਸੰਘਰਸ਼ ਕਰ ਰਹੇ ਕਿਸਾਨਾਂ ਦਾ ਵਿਚਾਰ ਹੈ ਉਹ ਇਸ ਗੱਲ ਤੋਂ ਭਲੀਭਾਂਤੀ ਜਾਣੂ ਹਨ ਕਿ ਇਹ ਤਿੰਨੋਂ ਕਾਨੂੰਨ ਘੱਟੋ-ਘੱਟ ਸਮਰਥਨ ਮੁੱਲ ਦੀ ਪ੍ਰਣਾਲੀ ਨੂੰ ਤੋੜ ਕੇ ਤੇ ਪ੍ਰਚਲਿਤ ਕਿਸਾਨ ਮੰਡੀ ਢਾਂਚੇ ਨੂੰ ਤਬਾਹ ਕਰਕੇ ਉਨ੍ਹਾਂ ਨੂੰ ਵਿਸ਼ਾਲ ਨਿਜੀ ਅਦਾਰਿਆਂ ਦੇ ਮਾਲਕਾਂ ਦੇ ਅਧੀਨ ਕਰਨ ਦੇ ਮਨਸੂਬੇ ਹਨ। ਕਿਸਾਨ ਇਸ ਗੱਲ 'ਤੇ ਅਡੋਲ ਖੜ੍ਹੇ ਹਨ ਕਿ ਉਨ੍ਹਾਂ ਦਾ ਹਿੱਤ ਇਨ੍ਹਾਂ ਤਿੰਨਾਂ ਕਾਨੂੰਨਾਂ ਨੂੰ ਪੂਰਨ ਤੌਰ 'ਤੇ ਰੱਦ ਕਰਨ ਵਿਚ ਹੈ। ਜਿਥੋਂ ਤਕ ਇਨ੍ਹਾਂ ਕਾਨੂੰਨਾਂ ਦੇ ਰੱਦ ਹੋਣ ਦਾ ਅੰਤਰਰਾਸ਼ਟਰੀ ਵਪਾਰ ਸੰਬੰਧਤ ਮੰਡੀ ਨਾਲ਼ ਸੰਬੰਧ ਹੈ, ਉਸ ਬਾਰੇ ਂਿ ਤੇ ੱੌ ਵਰਗੇ ਅੰਤਰਰਾਸ਼ਟਰੀ ਵਪਾਰਕ ਅਦਾਰਿਆਂ ਦਾ ਅਜਿਹਾ ਮੰਨਣਾ ਹੈ ਕਿ ਘੱਟੋ-ਘੱਟ ਨਿਰਧਾਰਿਤ ਮੁੱਲ ਵਰਗੀ ਭਾਰਤੀ ਵਿਵਸਥਾ ਨਾਲ਼ ਘਰੇਲੂ ਤੇ ਵਿਸ਼ਵ ਪੱਧਰ ਤੇ ਕੀਮਤਾਂ ਵਿਚ ਅੜਚਨ ਪੈਦਾ ਹੁੰਦੀ ਹੈ। ਇਹ ਅੰਤਰਰਾਸ਼ਟਰੀ ਵਪਾਰਕ ਅਦਾਰੇ ਬਨਾਉਟੀ ਤੌਰ ਤੇ ਖੇਤੀ ਜਿਨਸਾਂ ਦੀਆਂ ਕੀਮਤਾਂ ਵਿਚ ਗਿਰਾਵਟ ਲਿਆ ਕੇ ਭਾਰਤ ਦੀ ਘੱਟੋ-ਘੱਟ ਸਮਰਥਨ ਮੁੱਲ ਦੀ ਵਿਵਸਥਾ ਨੂੰ ਖੜੋਤ ਲਾਉਣ 'ਤੇ ਤੁਲੇ ਹੋਏ ਹਨ। ਜਿਹਦੇ ਤਹਿਤ ਇਹ ਇਨ੍ਹਾਂ ਤਿੰਨਾਂ ਕਾਨੂੰਨਾਂ ਨੂੰ ਬਹਾਲ ਰੱਖਣ ਦੀ ਪੁਰਜ਼ੋਰ ਵਕਾਲਤ ਕਰ ਰਹੇ ਹਨ। ਂਿ ਦੀ ਮੁੱਖ ਆਰਥਿਕ ਮਾਹਰ ਗੀਤਾ ਗੋਪੀਨਾਥ ਨੇ ਵੀ ਅਪਣੀ ਹਾਜ਼ਰੀ ਇਨ੍ਹਾਂ ਤਿੰਨਾਂ ਕਾਨੂੰਨਾਂ ਦੇ ਹੱਕ ਵਿਚ ਲਾਉਂਦੇ ਹੋਏ ਇਨ੍ਹਾਂ ਨੂੰ ਭਾਰਤੀ ਖੇਤੀਬਾੜੀ ਦੇ ਪ੍ਰਬੰਧ ਵਿਚ ਲੋੜੀਂਦੇ ਸੁਧਾਰਾਂ ਵਜੋਂ 'ਸ਼ੁਭ ਸ਼ੁਰੂਆਤ' ਦਰਸਾਇਆ ਹੈ। ਸੰਖੇਪ ਵਿਚ ਅੰਤਰਰਾਸ਼ਟਰੀ ਆਰਥਿਕ ਨੀਤੀਆਂ ਮੌਜੂਦਾ ਕਿਸਾਨੀ ਅੰਦੋਲਨ ਦੇ ਵਿਰੋਧ ਵਿਚ ਭੁਗਤ ਰਹੀਆਂ ਹਨ। ਦੁਨੀਆਭਰ ਦੀਆਂ ਖੱਬੇਪੱਖੀ ਧਿਰਾਂ ਇਹਨੂੰ ਵਿਸ਼ਵ ਪੂੰਜੀਵਾਦ ਜਾਂ ਕੌਰਪੋਰੇਟ ਪੂੰਜੀਵਾਦ ਨਾਲ਼ ਕਿਰਤੀਆਂ ਦੀ ਸਿੱਧੀ ਟੱਕਰ ਆਖ ਰਹੀਆਂ ਹਨ।

### 6. ਪੰਜਾਬ ਦੀ ਕਿਸਾਨ ਲਹਿਰ ਵਿਚ ਧਰਮ ਦਾ ਕੀ ਰੋਲ ਰਿਹਾ ਹੈ?

ਧਰਮ ਭਾਰਤੀ ਜੀਵਨ ਦਾ ਅਨਿਖੜਵਾਂ ਅੰਗ ਰਿਹਾ ਹੈ। ਪੰਜਾਬ ਨੂੰ ਗੁਰੂਆਂ ਦੀ ਧਰਤੀ ਕਰਕੇ ਜਾਣਿਆ ਜਾਂਦਾ ਹੈ। ਇਸ ਖ਼ਿੱਤੇ ਨੂੰ ਵਿਸ਼ਵ ਦੇ ਸਭ ਤੋਂ ਨਵੇਂ ਧਰਮ ਦੇ ਆਗਮਨ ਦਾ ਸਥਾਨ ਹੋਣ ਦਾ ਵੀ ਮਾਣ ਪ੍ਰਾਪਤ ਹੈ। ਯੁਰੋਸ਼ਲਮ ਤੋਂ ਬਾਅਦ ਅਗਰ ਕੋਈ ਦੁਨੀਆ ਵਿਚ ਪਵਿੱਤਰ ਅਸਥਾਨ ਹੈ; ਜਿਥੋਂ ਧਰਮ ਦਾ ਆਗਮਨ ਸ਼ੁਰੂ ਹੁੰਦਾ ਹੈ, ਤਾਂ ਉਹ ਪੰਜਾਬ ਹੀ ਹੈ। ਵੇਦ ਇਸ ਧਰਤੀ 'ਤੇ ਹੀ ਰਚੇ ਗਏ। ਪਾਣਿਨੀ ਦਾ ਅਸ਼ਟਾਧਿਯਾਯ ਤੇ ਪਤੰਜਲੀ ਦਾ ਯੋਗ ਸੂਤ੍ਰ ਵੀ ਇਥੇ ਹੀ ਰਚੇ ਗਏ। ਗੀਤਾ ਵੀ ਇਥੇ ਹੀ ਉਚਾਰੀ ਗਈ। ਸੂਫ਼ੀ ਸਿਲਸਲਿਆਂ ਦਾ

ਆਗਮਨ ਵੀ ਇਥੋਂ ਸ਼ੁਰੂ ਹੁੰਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਨੂੰ ਸੰਪਾਦਨ ਕਰਨ ਦੇ ਸਥਾਨ ਦਾ ਸਿਹਰਾ ਵੀ ਇਸ ਪਵਿੱਤਰ ਧਰਤੀ ਨੂੰ ਜਾਂਦਾ ਹੈ। ਆਜ਼ਾਦੀ ਦੀ ਲਹਿਰ ਦੌਰਾਨ ਪੱਛਮੀ ਬੰਗਾਲ ਤੋਂ ਬਾਅਦ ਬ੍ਰਹਮੋ ਸਮਾਜ ਨੂੰ ਪੰਜਾਬ ਵਿੱਚੋਂ ਹੀ ਭਰਵਾਂ ਹੁੰਗਾਰਾ ਮਿਲਿਆ ਸੀ। ਆਰੀਆ ਸਮਾਜ ਲਹਿਰ, ਅਹਿਮਦੀਆ ਲਹਿਰ ਤੇ ਸਿੰਘ ਸਭਾ ਲਹਿਰ - ਜਿਨ੍ਹਾਂ ਦਾ ਸਮਾਜਿਕ ਕ੍ਰਾਂਤੀ ਵਿਚ ਅਹਿਮ ਸਥਾਨ ਹੈ - ਦੀ ਸ਼ੁਰੂਆਤ ਵੀ ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ ਜਾਣੇ ਜਾਂਦੇ ਇਸ ਖ਼ਿੱਤੇ ਤੋਂ ਹੋਈ। ਉੱਤਰ ਪੱਛਮੀ ਭਾਰਤ ਵਿਚ ਦਲਿਤ ਸਮਾਜ ਦੀ ਆਦਿ ਧਰਮ ਲਹਿਰ ਵੀ ਇਥੇ ਹੀ ਉਪਜੀ। ਅਗਰ ਦੇਖਿਆ ਜਾਵੇ ਤਾਂ ਸਿੱਖ ਧਰਮ ਅਪਣੇ-ਆਪ ਵਿਚ ਸੰਪੂਰਨ ਸਮਾਜਿਕ ਇਨਕਲਾਬ ਹੈ; ਜਿਹਨੇ ਮਨੁੱਖਤਾ ਨੂੰ ਅਖੌਤੀ ਧਾਰਮਿਕ ਵਹਿਮਾਂ, ਪਰ ਇਹਦੀ ਕਾਰਜਸ਼ੈਲੀ ਵਿਚ ਸਿੱਖ ਫ਼ਲਸਫ਼ੇ ਦੇ ਮਨੁੱਖੀ ਬਰਾਬਰੀ ਦੇ ਸਿਧਾਂਤਾਂ 'ਤੇ ਚੱਲਣ ਦਾ ਅਹਿਦ ਇਹਨੂੰ ਕਿਸਾਨਾਂ ਤੇ ਮਜ਼ਦੂਰਾਂ ਦੀ ਹਰਮਨ ਪਿਆਰੀ ਸੰਸਥਾ ਵਜੋਂ ਪੇਸ਼ ਕਰਦਾ ਹੈ। ਪੰਜਾਬ ਕਿਸਾਨ ਸਭਾ ਦੀ ਅਗਵਾਈ ਹੇਠ ਚੱਲੇ ਚੜ੍ਹਿਕ ਦਾ ਮੋਰਚਾ, ਰਿਆਸਤ ਕਲਸੀਆ ਸੰਘਰਸ਼, ਫ਼ਤਿਹਗੜ੍ਹ ਕੋਰੋਟਾਣਾ ਮੋਰਚਾ, ਅੰਮ੍ਰਿਤਸਰ ਮੋਰਚਾ ਆਦਿ ਦੀ ਸਫਲਤਾ ਦਾ ਸਿਹਰਾ ਸਿੱਖ ਧਰਮ ਵਿਚ ਦਰਸਾਏ ਮਨੁੱਖੀ ਬਰਾਬਰੀ ਤੇ ਬੇਇਨਸਾਫ਼ੀ ਵਿਰੁੱਧ ਡਟ ਕੇ ਖੜ੍ਹਨ ਵਾਲ਼ੇ ਸਿਧਾਂਤਾਂ ਪ੍ਰਤੀ ਪ੍ਰਣਾਏ ਹੋਏ ਲੋਕਾਂ ਦੀ ਇਨ੍ਹਾਂ ਸਾਰੇ ਮੋਰਚਿਆਂ ਵਿਚ ਭਰਵੀਂ ਸ਼ਮੂਲੀਅਤ ਸਿਰ ਬੱਝਦਾ ਹੈ। ਸੰਗਤ, ਲੰਗਰ ਤੇ ਪੰਗਤ ਮੌਜੂਦਾ ਕਿਸਾਨੀ ਸੰਘਰਸ਼ ਵਿਚ ਜੁੜਦੇ ਵਿਸ਼ਾਲ ਇਕੱਠਾਂ ਦੇ ਸੁਨਿਹਰੀ ਬਿੰਬ ਹਨ। ਦਿੱਲੀ ਦੇ ਸਿੰਘੂ ਬਾਰਡਰ 'ਤੇ ਨਿਰੰਤਰ ਚੱਲ ਰਹੇ ਕਿਸਾਨ ਮੋਰਚੇ 'ਤੇ ਢਾਡੀਆਂ ਦੇ ਇਤਿਹਾਸਕ ਪ੍ਰਸੰਗ ਸੁਣਾ ਕੇ ਉਥੇ ਜੁੜੇ ਇਕੱਠ ਨੂੰ ਸਿੱਖ ਵਿਰਾਸਤ ਦੇ ਵੱਖ-ਵੱਖ ਪੱਖਾਂ ਤੋਂ ਜਾਣੂ ਕਰਵਾਉਣ ਲਈ ਪੰਜਾਬੀ ਗਾਇਕ ਖ਼ਾਸ ਕਰਕੇ ਕੰਵਰ ਗਰੇਵਾਲ ਦੇ ਸਿੱਖੀ ਸਿਧਾਂਤਾਂ ਦੇ ਸੰਕੇਤਾਂ ਨਾਲ਼ ਭਰੇ ਗੀਤਾਂ ਰਾਹੀਂ ਇਕੱਠ ਦਾ ਮਨੋਬਲ ਬਣਾਏ ਰੱਖਣਾ ਕਿਸਾਨ ਲਹਿਰ ਵਿਚ ਧਰਮ ਦੀ ਸਾਰਥਿਕ ਭੂਮਿਕਾ ਦੀ ਨਿਸ਼ਾਨਦੇਹੀ ਕਰਦਾ ਹੈ। ਕਿਸਾਨ ਮੋਰਚੇ ਵਿਚ ਵੜੇ ਹੁੱਲੜਬਾਜਾਂ ਦੇ ਕੀਤੇ ਕਿਸਾਨਾਂ 'ਤੇ ਲਾਠੀਆਂ ਨਾਲ਼ ਹਮਲੇ ਦੌਰਾਨ ਵਾਹਿਗੁਰੂ ਦਾ ਜਾਪ ਕਰਨਾ ਮੌਜੂਦਾ ਕਿਸਾਨ ਸੰਘਰਸ਼ ਵਿਚ ਧਰਮ ਦੇ ਡੂੰਘੇ ਅਕਸ ਦੀ ਨਿਸ਼ਾਨੀ ਹੈ। ਇਥੇ ਇਹ ਦਰਸਾਉਣਾ ਵਾਜਿਬ ਹੈ ਕਿ ਸਿੱਖ ਧਰਮ ਦੇ ਦਾਇਰੇ ਦੀਆਂ ਹੱਦਾਂ ਧਾਰਮਿਕ ਸਥਾਨਾਂ ਤਕ ਮਹਿਦੂਦ ਨਹੀਂ ਹਨ। ਇਸ ਦੀ ਅਸਲ ਪਛਾਣ ਦਾ ਚਿੰਨ੍ਹ ਇਹ ਦੀ ਪ੍ਰਣਾਈ ਲੋਕਾਈ ਵਿਚ ਆਪਸੀ ਪ੍ਰੇਮ ਤੇ ਤਸ਼ੱਦਦ ਵਿਰੁੱਧ ਡਟ ਕੇ ਖੜ੍ਹਨ ਤੇ ਮਾਨਸ ਕੀ ਜਾਤ ਸਭ ਏਕੋ ਪਹਿਚਾਨਬੋ ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਣ ਨਾਲ਼ ਸੰਬੰਧ ਰੱਖਦਾ ਹੈ।



Harsa Chheena Mogha agitation led by Punjab kisan sabha's Achhar Singh Chheena, Sept 1946. Pic by Margaret White-Bourke



ਹਲ਼ਵਾਹਕ ਬਾਬਾ ਗੁਰੂ ਨਾਨਕ. ਹਰਜਿੰਦਰ ਸਿੰਘ ਸਿੱਧਾਰਥ ਦੀ ਬਣਾਈ ਡਰਾਇੰਗ

ਵਿਤਕਰਿਆਂ ਤੇ ਮਨਆਈਆਂ ਮਨੌਤਾਂ ਤੋਂ ਖ਼ਲਾਸੀ ਦਾ ਰਸਤਾ ਦਰਸਾ ਕੇ ਬਰਾਬਰੀ, ਆਪਸੀ ਸਾਂਝ ਤੇ ਸਰਬਹਿੱਤ ਲਈ ਜੀਵਨ ਜੀਊਣ ਦੀ ਜਾਚ ਦੱਸੀ। ਇਹ ਇਸ ਦੇ ਸਰਬਤ ਦਾ ਭਲਾ ਸਿਧਾਂਤ ਦੀ ਖ਼ੂਬੀ ਰਹੀ ਹੈ ਕਿ ਸਮਾਜ ਦੀਆਂ ਹੇਠਲੀਆਂ ਸਤ੍ਹਾ 'ਤੇ ਕਿਸੇ ਤਰ੍ਹਾਂ ਜੀਵਨ ਕਟੀ ਕਰ ਰਹੇ ਲੋਕਾਂ ਨੇ ਇਸ ਵੱਲ ਵਹੀਰਾਂ ਘੱਤਣੀਆਂ ਸ਼ੁਰੂ ਕਰ ਦਿੱਤੀਆਂ। ਇਸ ਵਿਸ਼ਵ ਦੇ ਸਭ ਤੋਂ ਨਵੇਂ ਧਰਮ ਨੇ ਇਸ ਖਿੱਤੇ ਵਿਚ ਪ੍ਰਭੂ ਭਗਤੀ ਤੇ ਕਿਰਤ ਨੂੰ ਇੱਕ ਦੂਸਰੇ ਦੇ ਪੂਰਕ ਦੇ ਤੌਰ 'ਤੇ ਪੇਸ਼ ਕੀਤਾ। ਕਿਰਤ ਦੀ ਦੁਨਿਆਵੀ ਤੇ ਅਲੌਕਿਕ ਪੱਧਰ 'ਤੇ ਉੱਚਤਾ ਰਾਹੀਂ ਸਿੱਖ ਧਰਮ ਨੇ ਵਰਣ-ਵਿਵਸਥਾ ਦੇ ਸਿਧਾਂਤ ਤੋਂ ਅਲੱਗ ਇੱਕੋ ਪੰਗਤ ਦੇ ਸਿਧਾਂਤ ਤੇ ਨਵੇਂ ਸਮਾਜ ਦੀ ਨੀਂਹ ਰੱਖੀ। ਇਹ ਇਸ ਧਰਮ ਦੀ ਅਦੁੱਤੀ ਦੇਣ ਹੈ ਕਿ ਇਹਨੇ ਵਾਹਿਗੁਰੂ ਨੂੰ ਬਾਹਰਵਾਰ ਜੰਗਲਾਂ ਬੀਆਬਾਨਾਂ ਵਿਚ ਢੂੰਡਣ ਦੀ ਬਜਾਏ ਉਹਨੂੰ ਸੰਗਤ ਦੇ ਪਿਆਰ ਵਿੱਚੋਂ ਦੀਦਾਰ ਹੋਣ ਦੀ ਸੂਝ ਦਿੱਤੀ।

ਮੌਜੂਦਾ ਕਿਸਾਨ ਸੰਘਰਸ਼ ਦੌਰਾਨ ਇਕ ਵਾਕਿਆ ਜੋ ਸੋਸ਼ਲ ਮੀਡੀਆ 'ਤੇ ਬਹੁਤ ਹੀ ਵਾਇਰਲ ਹੋਇਆ ਉਹ ਹੈ ਮਾਲਵੇ ਦੇ ਬਾਰਡਰ ਇਲਾਕੇ ਤੋਂ ਇੱਕ ਖੇਤ ਮਜ਼ਦੂਰ ਦਾ ਸਾਇਕਲ 'ਤੇ ਸਿੰਘੂ ਬਾਰਡਰ ਪਹੁੰਚਣਾ। ਉਹਨੂੰ ਪੁੱਛਣ 'ਤੇ ਕਿ ਤੁਹਾਡਾ ਇਥੇ ਆਉਣ ਦਾ ਕੀ ਮੰਤਵ ਹੈ ਤਾਂ ਉਹਦਾ ਇਹ ਦੱਸਣਾ ਕਿ "ਮੈਂ ਸੁਣਦਾ ਆ ਰਿਹਾ ਹਾਂ ਕਿ ਬਾਬਾ ਨਾਨਕ ਦੇ ਦਰਸ਼ਨ ਸੰਗਤ ਵਿਚ ਹੁੰਦੇ ਹਨ। ਇਥੇ ਤਾਂ ਇੰਨੀ ਵੱਡੀ ਸੰਗਤ ਜੁੜੀ ਹੋਈ ਹੈ, ਜਿਸ ਵਿਚ ਮੈਨੂੰ ਪੂਰਨ ਆਸ ਹੈ ਕਿ ਬਾਬਾ ਨਾਨਕ ਜ਼ਰੂਰ ਹੋਣਗੇ; ਮੈਂ ਉਨ੍ਹਾਂ ਨੂੰ ਨਤਮਸਤਕ ਹੋਣ ਆਇਆ ਹਾਂ।" ਇਹ ਵਾਕਿਆ ਸਿੱਖ ਧਰਮ ਦੇ ਭਰਾਤਰੀ ਭਾਵ ਵਾਲ਼ੇ ਸਮਾਜ ਦੀ ਸਿਰਜਣਾ ਨੂੰ ਦਰਸਾਉਂਦਾ ਹੈ। 'ਪਗੜੀ ਸੰਭਾਲ ਜੱਟਾ' ਕਿਸਾਨ ਲਹਿਰ 1907 ਤੋਂ ਲੈ ਕੇ ਮੌਜੂਦਾ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਚੱਲ ਰਹੇ ਕਿਸਾਨ ਸੰਘਰਸ਼ ਵਿਚ ਗੁਰੂ ਸਾਹਿਬਾਨ ਦੇ ਫ਼ਲਸਫ਼ੇ 'ਤੇ ਆਧਾਰਿਤ ਜੀਵਨ ਸਿਧਾਂਤਾਂ ਦੀ ਪ੍ਰੋੜ੍ਹਤਾ ਲਗਾਤਾਰ ਦੇਖੀ ਜਾ ਸਕਦੀ ਹੈ। ਆਜ਼ਾਦੀ ਤੋਂ ਪਹਿਲਾਂ ਦੇ ਵੇਲੇ ਦੇ ਸਾਰੇ ਕਿਸਾਨੀ ਘੋਲਾਂ ਦੀ ਅਗਵਾਈ 1937 ਦੇ ਦੌਰਾਨ ਹੋਂਦ ਵਿਚ ਆਈ ਪੰਜਾਬ ਕਿਸਾਨ ਸਭਾ ਨੇ ਕੀਤੀ। ਪੰਜਾਬ ਕਿਸਾਨ ਸਭਾ ਦਾ ਪਿਛੋਕੜ ਕਿਰਤੀ ਅਖ਼ਬਾਰ ਤੇ ਕਿਰਤੀ ਕਿਸਾਨ ਪਾਰਟੀ ਨਾਲ਼ ਸੰਬੰਧਤ ਸੀ। ਪੰਜਾਬ ਕਿਸਾਨ ਸਭਾ ਭਾਵੇਂ ਕਮਿਊਨਿਸਟ ਵਿਚਾਰਧਾਰਾ ਨੂੰ ਪ੍ਰਣਾਈ ਹੋਈ ਸੀ,

### 7. ਮੌਜੂਦਾ ਕਿਸਾਨ ਲਹਿਰ ਵਿਚ ਨੌਜਵਾਨਾਂ ਤੇ ਔਰਤਾਂ ਦਾ ਕੀ ਰੋਲ ਹੈ ਤੇ ਇਹਦਾ ਉਨ੍ਹਾਂ ਦੀ ਸਿਆਸੀ ਸੂਝ 'ਤੇ ਕੀ ਅਸਰ ਪੈ ਰਿਹਾ ਹੈ?

ਮੌਜੂਦਾ ਕਿਸਾਨ ਲਹਿਰ ਵਿਚ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਨੌਜਵਾਨਾਂ ਨੇ ਭਰਵੀਂ ਸ਼ਿਰਕਤ ਕਰਕੇ ਅਪਣੇ ਹੱਕਾਂ ਪ੍ਰਤੀ ਸੂਝਵਾਨ ਹੋਣ ਦਾ ਸਬੂਤ ਦਿੱਤਾ ਹੈ। ਇਸ ਖ਼ਿੱਤੇ ਦੇ ਸੰਘਰਸ਼ਮਈ ਇਤਿਹਾਸ ਵਿਚ ਨੌਜਵਾਨਾਂ ਨੇ ਹਮੇਸ਼ਾ ਹੀ ਪਹਿਲਕਦਮੀ ਕੀਤੀ ਹੈ, ਜਿਹਦੀ ਸ਼ਾਨਾਮੱਤੀ ਸ਼ੁਰੂਆਤ ਚਮਕੌਰ ਦੀ ਗੜ੍ਹੀ ਵਿਖੇ ਘਮਸਾਨ ਦੇ ਯੁੱਧ ਦੌਰਾਨ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤੋਂ ਆਸ਼ੀਰਵਾਦ ਲੈ ਕੇ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦਾ ਲੜਦਿਆਂ ਬੀਰਗਤੀ ਨੂੰ ਪ੍ਰਾਪਤ ਹੋਣ ਵਿਚ ਦੇਖੀ ਜਾ ਸਕਦੀ ਹੈ। ਇਸ ਤੋਂ ਪਹਿਲਾਂ ਇਸ ਦਾ ਅਕਸ ਗੁਰੂ ਗੋਬਿੰਦ ਸਿੰਘ ਜੀ ਦਾ ਨੌਜਵਾਨ ਅਵਸਥਾ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਅਪਣੇ ਪਿਤਾ ਤੇ ਨੌਵੇਂ ਗੁਰੂ ਤੇਗ਼ ਬਹਾਦਰ ਜੀ ਨੂੰ ਮੁਗ਼ਲ ਤਸ਼ੱਦਦ ਵਿਰੁੱਧ ਬਲੀਦਾਨ ਦੇਣ ਲਈ ਕਹਿਣ ਵਿਚ ਦੇਖਿਆ ਜਾ ਸਕਦਾ ਹੈ। ਜਿਹੜੇ ਨੌਜਵਾਨ ਸਮਾਜ ਦੀ ਬਰਾਬਰੀ ਤੇ ਨਿਆਂਪੱਖੀ ਵਿਧਾਨ ਦੇ ਸਿਧਾਂਤ ਨੂੰ ਅਪਨਾਅ ਕੇ ਸੰਘਰਸ਼ਸ਼ੀਲ ਹੋ ਜਾਂਦੇ ਹਨ, ਉਨ੍ਹਾਂ ਦਾ ਰੁਤਬਾ ਪੰਜਾਬੀ ਸਮਾਜ ਵਿਚ ਨੌਜਵਾਨ ਹੁੰਦੇ ਹੋਏ ਵੀ 'ਬਾਬਿਆਂ' ਵਾਲ਼ਾ ਬਣ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੇ ਨਾਮ ਨਾਲ਼ ਬਾਬਾ ਸ਼ਬਦ ਦਾ ਜੁੜਨਾ ਉਨ੍ਹਾਂ ਦੇ ਸਮਾਜ ਪ੍ਰਤੀ ਸੂਝਵਾਨ ਹੋਣ ਤੇ ਉਹਦੀ ਭਲਾਈ ਲਈ ਜੀਵਨ ਨਿਛਾਵਰ ਕਰ ਦੇਣ ਦਾ ਪ੍ਰਤੀਕ ਹੈ। ਗ਼ਦਰ ਲਹਿਰ ਦੇ ਸਾਰੇ ਕਾਰਕੁੰਨ ਨੌਜਵਾਨ ਸਨ, ਪਰ ਉਨ੍ਹਾਂ ਨੂੰ ਗ਼ਦਰੀ ਬਾਬਿਆਂ ਦੇ ਨਾਮ ਨਾਲ਼ ਯਾਦ ਕਰਨਾ ਉਨ੍ਹਾਂ ਦੀ ਛੋਟੀ ਉਮਰੇ ਉਚਿੱਤ ਸਮਾਜੀ ਸੋਚ ਵਲ ਇਸ਼ਾਰਾ ਹੈ। ਸ਼ਹੀਦ ਭਗਤ ਸਿੰਘ ਹਮੇਸ਼ਾ ਲਈ ਨੌਜਵਾਨਾਂ ਦਾ ਰਾਹ ਦਸੇਰਾ ਬਣਿਆ ਰਹੇਗਾ।

ਪੰਜਾਬ ਦੀ ਕਿਸਾਨੀ ਲਹਿਰ ਦੀ ਇਹ ਖ਼ਾਸੀਅਤ ਰਹੀ ਹੈ ਕਿ ਇਸ ਵਿਚ ਆਜ਼ਾਦੀ ਤੋਂ ਪਹਿਲਾਂ ਤੇ ਬਾਅਦ ਦੇ ਸਾਰੇ ਕਿਸਾਨੀ ਸੰਘਰਸ਼ਾਂ ਵਿਚ ਨੌਜਵਾਨ ਮਰਦਾਂ ਤੇ ਔਰਤਾਂ ਦੀ ਭਰਵੀਂ ਸ਼ਮੂਲੀਅਤ ਰਹੀ ਹੈ। ਚੜ੍ਹਿਕ ਦੇ ਮੋਰਚੇ ਵਿਚ ਬੀਬੀ ਰਘਬੀਰ ਕੌਰ ਦੀ ਅਗਵਾਈ ਹੇਠ ਔਰਤਾਂ ਨੇ ਭਰਵੀਂ ਸ਼ਮੂਲੀਅਤ ਕੀਤੀ ਸੀ। ਇਸ ਸੰਘਰਸ਼ ਦੌਰਾਨ 100 ਔਰਤਾਂ ਨੇ ਪੁਲਿਸ ਤਸ਼ੱਦਦ ਦਾ ਅਮਨ ਅਮਾਨ ਨਾਲ਼ ਸਾਹਮਣਾ ਕਰਦੇ ਹੋਏ

**(ਬਾਕੀ ਅਗਲੇ ਸਫੇ 'ਤੇ)**

# ਮੌਜੂਦਾ ਕਿਸਾਨ ਮੋਰਚਾ: ਵਿਰਾਸਤ ਤੇ ਭਵਿੱਖ

(ਸਫਾ 14 ਦੀ ਬਾਕੀ)

ਇਸ ਮੋਰਚੇ ਦੇ ਫ਼ਤਿਹ ਹੋਣ ਵਿਚ ਯਾਦਗਾਰ ਹਿੱਸਾ ਪਾਇਆ ਸੀ। ਕਾਮਰੇਡ ਸੁਸ਼ੀਲਾ ਚੈਨ ਦਾ ਕੋਰੋਟਾਣਾ ਇਜਲਾਸ ਸੰਘਰਸ਼ (20-22 ਸਤੰਬਰ 1941) ਦੌਰਾਨ ਪਾਇਆ ਯੋਗਦਾਨ ਔਰਤਾਂ ਦੀ ਕਿਸਾਨ ਅੰਦੋਲਨ ਵਿਚ ਸ਼ਮੂਲੀਅਤ ਦਾ ਪੁਖ਼ਤਾ ਸਬੂਤ ਹੈ। ਇਸੇ ਤਰ੍ਹਾਂ ਖ਼ੁਸ਼ਹੈਸੀਅਤੀ ਟੈਕਸ ਵਿਰੋਧੀ ਮੋਰਚੇ ਦੌਰਾਨ ਲੁਧਿਆਣੇ ਦੇ ਐਤੀਆਣਾ ਪਿੰਡ ਵਿਖੇ ਕਿਸਾਨੀ ਘੋਲ ਦੌਰਾਨ ਸ਼ਾਂਤੀਪੂਰਵਕ ਹਿੱਸਾ ਲੈਂਦਿਆਂ ਪੁਲਿਸ ਦੀ ਕੀਤੀ ਗੋ.ਲੀਬਾਰੀ ਦੌਰਾਨ ਮਾਤਾ ਚੰਦ ਕੌਰ ਤੇ ਮਾਈ ਬਚਨ ਕੌਰ ਦਾ ਸ਼ਹੀਦੀ ਪਾ ਜਾਣਾ ਤੇ ਜਿਹੜੇ 12 ਜਣੇ ਜ਼ਖ਼ਮੀ ਹੋਏ ਸਨ, ਉਨ੍ਹਾਂ ਵਿਚ ਪੰਜ ਔਰਤਾਂ ਦੀ ਸ਼ਮੂਲੀਅਤ ਤੇ ਇਸ ਸਾਕੇ ਤੋਂ ਇਕ ਹਫ਼ਤਾ ਬਾਅਦ ਪਿੰਡ ਨਰੜੂ ਵਿਖੇ ਚਾਰ ਮਰਦ ਤੇ ਇਕ ਔਰਤ ਦਾ ਪੁਲਿਸ ਗੋ.ਲੀ ਲੱਗਣ ਨਾ.ਲ ਸ਼ਹੀਦ ਹੋ ਜਾਣਾ ਕਿਸਾਨੀ ਘੋ.ਲ ਵਿਚ ਨੌਜਵਾਨਾਂ ਤੇ ਔਰਤਾਂ ਦੀ ਭਰਵੀਂ ਹਿੱਸੇਦਾਰੀ ਦਾ ਸਬੂਤ ਹੈ। ਮੌਜੂਦਾ ਦਿੱਲੀ ਦੀਆਂ ਬਰੂਹਾਂ 'ਤੇ ਜੰਮੇ ਹੋਏ ਰਾਸ਼ਟਰੀ ਪੱਧਰ ਦੇ ਕਿਸਾਨੀ ਘੋਲ ਵਿਚ ਇਕ ਵਾਰ ਫਿਰ ਮਨੁੱਖੀ ਸੈਲਾਬ ਵਿਚ ਨੌਜਵਾਨਾਂ ਤੇ ਮੁਟਿਆਰਾਂ ਦੀ ਭਰਵੀਂ ਸ਼ਮੂਲੀਅਤ ਇਨ੍ਹਾਂ ਦੇ ਸ਼ਲਾਘਾਯੋਗ ਰੋਲ ਦੀ ਮੂੰਹ-ਬੋਲਦੀ ਤਸਵੀਰ ਹੈ। ਬਲਵੀਰ ਸਿੰਘ ਰਾਜੇਵਾਲ ਸਿੰਘੂ ਮੋਰਚੇ ਦੀ ਸਟੇਜ ਤੋਂ ਇਨ੍ਹਾਂ ਨੌਜਵਾਨਾਂ ਤੇ ਮੁਟਿਆਰਾਂ ਦੇ ਪਾਏ ਜਾ ਰਹੇ ਯੋਗਦਾਨ ਬਾਰੇ ਚਰਚਾ ਅਕਸਰ ਕਰਦੇ ਹਨ ਕਿ ਕਿਵੇਂ ਨੌਜਵਾਨ ਦਿੱਲੀ ਮੋਰਚੇ ਵਿਚ ਰੁੱਝੇ ਲੰਗਰ, ਸਫ਼ਾਈ ਤੇ ਹੋਰ ਤਮਾਮ ਦੇਖਭਾਲ ਦੇ ਕਾਰਜਾਂ ਵਿਚ ਅਪਣੀ ਅਨੋਖੀ ਪਛਾਣ ਬਣਾਈ ਬੈਠੇ ਹਨ। ਬਹੁਤ ਸਾਰੇ ਨੌਜਵਾਨਾਂ ਨੇ ਅਪਣੀ ਕਿਤਾਬਾਂ ਕਾਪੀਆਂ ਸਮੇਤ ਉਥੇ ਡੇਰੇ ਲਾਏ ਹੋਏ ਹਨ। ਨੌਜਵਾਨਾਂ ਦੀ ਸ਼ਮੂਲੀਅਤ ਨੇ ਅਪਣੇ ਸੁਚੱਜੇ ਤੇ ਸ਼ਾਂਤਮਈ ਵਰਤਾਰੇ ਨਾ.ਲ ਪੰਜਾਬ ਦੀ ਜਵਾਨੀ 'ਤੇ ਨਸ਼ੱਈ ਹੋਣ ਦਾ ਕਲੰਕ ਧੋ ਦਿੱਤਾ ਹੈ। ਇਸ ਮੋਰਚੇ ਵਿਚ ਨੌਜਵਾਨ ਸੰਗੀਤਕਾਰ ਜਿਸ ਤਰ੍ਹਾਂ ਦੀ ਪੇਸ਼ਕਾਰੀ ਕਰ ਰਹੇ ਹਨ, ਉਹ ਪੰਜਾਬ ਦੀ ਜਵਾਨੀ ਬਾਰੇ ਜੋ ਗ਼ਲਤ ਧਾਰਣਾ ਬਣੀ ਹੋਈ ਸੀ, ਉਹਨੂੰ ਇਕ ਸਿਰਿਓਂ ਹੀ ਰੱਦ ਕਰ ਦਿੰਦੀ ਹੈ। ਸੋਸ਼ਲ ਮੀਡੀਆ 'ਤੇ ਨੌਜਵਾਨਾਂ ਦੀਆਂ ਟਿੱਪਣੀਆਂ ਤੇ ਉਨ੍ਹਾਂ ਨਾ.ਲ ਵੱਖ-ਵੱਖ ਚੈਨਲਾਂ 'ਤੇ ਪ੍ਰਸਾਰਿਤ ਕੀਤੀ ਜਾਂਦੀ ਬਾਤਚੀਤ ਤੋਂ ਇਹ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅੱਜ ਦੀ ਯੂਥ ਸਿਆਸਤ ਬਾਰੇ ਸਮਾਜ-ਪੱਖੀ ਉਸਾਰੂ ਵਿਚਾਰਾਂ ਵਾ.ਲੀ ਹੈ। ਇਹਦੇ ਭਾਰਤੀ ਰਾਜਨੀਤੀ ਵਿਚ ਵਧੀਆ ਆਸਾਰ ਪੈਦਾ ਹੋਣ ਦੇ ਸੰਕੇਤ ਹਨ। ਇਹ ਆਮ ਸੁਣਨ ਰਹੇ ਹਾਂ ਕਿ ਨੌਜਵਾਨ ਲੜਕੇ ਤੇ ਲੜਕੀਆਂ ਦੇ ਮਾਪੇ ਉਨ੍ਹਾਂ ਦੀ ਮੌਜੂਦਾ ਕਿਸਾਨ ਸੰਘਰਸ਼ ਵਿਚ ਸ਼ਾਮਿਲ ਹੋਣ ਦਾ ਹਾਂਪੱਖੀ ਹੁੰਗਾਰਾ ਭਰ ਰਹੇ ਹਨ। ਇਹ ਅਪਣੇ-ਆਪ ਵਿਚ ਬਹੁਤ ਹੌਸਲੇ ਵਾ.ਲੀ ਗੱਲ ਹੈ ਕਿ ਹੁਣ ਤਕ 200 ਤੋਂ ਵੱਧ ਕੁਰਬਾਨੀਆਂ ਦੇ ਬਾਵਜੂਦ ਵੀ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਤੋਂ ਨੌਜਵਾਨਾਂ ਦੇ ਦਿੱਲੀ ਵਲ ਵਹਾਅ ਵਿਚ ਕੋਈ ਕਮੀ ਨਹੀਂ ਦਿਸਦੀ। ਇਸ ਸੰਘਰਸ਼ ਨੇ ਨੌਜਵਾਨਾਂ ਤੇ ਔਰਤਾਂ ਨੂੰ ਰਾਜਨੀਤੀ ਵਿਚ ਜ਼ਿੰਮੇਵਾਰਾਨਾ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ ਹੈ, ਇਹਦੇ ਆਉਣ ਵਾ.ਲੇ ਸਮੇਂ ਵਿਚ ਉਨ੍ਹਾਂ ਦੀ ਰਾਜਨੀਤਿਕ ਪਿੜ ਵਿਚ ਭਾਰੀ ਸ਼ਮੂਲੀਅਤ ਦੀ ਉਮੀਦ ਹੈ।

### 8. ਇਸ ਲਹਿਰ ਦਾ ਭਾਰਤੀ ਰਾਜਨੀਤੀ 'ਤੇ ਕੀ ਅਸਰ ਪਵੇਗਾ?

ਮੌਜੂਦਾ ਕਿਸਾਨ ਸੰਘਰਸ਼ ਅਪਣੇ ਸ਼ੁਰੂ ਦੇ ਦਿਨਾਂ ਦੌਰਾਨ ਪੰਜਾਬ ਤਕ ਹੀ ਸੀਮਿਤ ਰਹਿੰਦਾ ਹੈ, ਜੋ ਕਿ 25 ਨਵੰਬਰ ਨੂੰ ਪੰਜਾਬ ਤੇ ਹਰਿਆਣਾ ਦੇ ਸ਼ੰਭੂ ਬੈਰੀਅਰ ਤੋਂ ਦਿੱਲੀ ਵਲ ਮਾਰਚ ਕਰਦੇ ਹੋਏ ਸਹਿਜੇ-ਸਹਿਜੇ ਰਾਸ਼ਟਰੀ ਕਿਸਾਨ ਅੰਦੋਲਨ ਵਿਚ ਤਬਦੀਲ ਹੋ ਜਾਂਦਾ ਹੈ। ਦਿੱਲੀ ਦੀਆਂ ਬਰੂਹਾਂ ਤੇ ਪਹੁੰਚਣ ਤੋਂ ਪਹਿਲਾਂ ਇਸ ਕਿਸਾਨੀ ਘੋਲ ਨੇ ਪੰਜਾਬ ਦੀਆਂ ਰੇਲ ਲਾਈਨਾਂ, ਪੈਟਰੋਲ ਪੰਪਾਂ ਤੇ ਟੋਲ ਪਲਾਜ਼ਿਆਂ 'ਤੇ ਸ਼ਾਂਤੀਪੂਰਵਕ ਧਰਨਿਆਂ ਰਾਹੀਂ ਅਪਣੀ ਰਾਸ਼ਟਰੀ ਪੱਧਰ 'ਤੇ ਹੀ ਨਹੀਂ, ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਪਸਰੇ ਭਾਰਤੀ ਡਾਇਸਪੋਰਾ ਵਿਚ ਪਛਾਣ ਬਣਾ ਲਈ ਸੀ। ਇਹਦੀ ਰੰਗਤ ਦਿੱਲੀ ਦੇ ਸਿੰਘੂ, ਟਿਕਰੀ, ਗ਼ਾਜ਼ੀਪੁਰ ਤੇ ਸ਼ਾਹਬਾਦ ਬਾਰਡਰਾਂ 'ਤੇ ਪਹੁੰਚਣ ਉਪਰੰਤ ਹੋਰ ਗੂੜ੍ਹੀ ਹੋਈ। ਕਿਸਾਨ ਮੋਰਚੇ 'ਤੇ ਦਿੱਲੀ ਪਹੁੰਚਦੇ ਸਾਰ ਹੀ ਸੌੜੀ ਰਾਜਨੀਤੀ ਸ਼ੁਰੂ ਹੋ ਗਈ। ਰਾਸ਼ਟਰੀ ਮੀਡੀਆ ਵਿਚ ਕਿਸਾਨ ਅੰਦੋਲਨ ਬਾਬਤ ਤਰ੍ਹਾਂ-ਤਰ੍ਹਾਂ ਦੀਆਂ ਦੂਸ਼ਣਬਾਜ਼ੀਆਂ ਤੇ ਤਨਜ਼ ਕੱਸਣ ਦੇ ਰੁਜਹਾਨ ਨੇ ਕਿਸਾਨ ਅੰਦੋਲਨਕਾਰੀਆਂ ਨੂੰ ਰਾਸ਼ਟਰੀ ਮੀਡੀਆ ਨੂੰ ਪਰ੍ਹਾਂ ਰੱਖਣ ਲਈ ਮਜਬੂਰ ਕਰ ਦਿੱਤਾ। ਕਿਸਾਨ ਅੰਦੋਲਨਕਾਰੀਆਂ ਨੇ ਅਪਣੀ ਗੱਲ ਸਹੀ ਤਰੀਕੇ ਨਾ.ਲ ਲੋਕਾਂ ਤਕ ਪਹੁੰਚਾਉਣ ਲਈ ਸ਼ੋਸ਼ਲ ਮੀਡੀਆ ਦੀ ਓਟ ਲਈ ਤੇ ਨਾ.ਲ ਹੀ ਅਪਣਾ ਅਲੱਗ ਸ਼ੋਸ਼ਲ ਨੈੱਟਵਰਕ ਬਣਾ ਕੇ ਰਾਸ਼ਟਰੀ ਮੀਡੀਆ ਦੀ ਵਿਰੋਧੀ ਸੁਰ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ। 'ਟਰਾਲੀ ਟਾਈਮਜ਼' ਨਾਂ ਦਾ ਅਖ਼ਬਾਰ ਇਸ ਉਦਮ ਦੀ ਨਿਵੇਕਲੀ ਪਛਾਣ ਬਣ ਗਿਆ। ਇਹ ਇਸ ਕਿਸਾਨ ਲਹਿਰ ਦੀ ਖ਼ਾਸੀਅਤ ਕਹੀ ਜਾ ਸਕਦੀ ਹੈ ਕਿ ਜਿਥੇ ਇਹਨੇ ਬਣਾਏ ਗਏ ਤਿੰਨਾਂ ਖੇਤੀ ਕਾਨੂੰਨਾਂ ਨੂੰ ਵਾਪਸ ਕਰਨ ਲਈ ਸੰਘਰਸ਼ ਵਿੱਢਿਆ ਉਥੇ ਭਾਰਤੀ ਲੋਕਤੰਤਰ ਵਿਚ ਮੀਡੀਆ ਦੇ ਜ਼ਿੰਮੇਵਾਰਨਾ ਰੋਲ ਨੂੰ ਵੀ ਲੋਕਾਂ ਸਾਹਮਣੇ ਰੱਖਿਆ।

ਲੋਕਾਂ ਤਕ ਇਸ ਗੱਲ ਦੀ ਪਹੁੰਚ ਕਰਵਾਈ ਕਿ ਲੋਕਤੰਤਰ ਦੇ ਚੌਥੇ ਥੰਮ੍ਹ ਵਜੋਂ ਜਾਣੇ ਜਾਂਦੇ ਮੀਡੀਆ ਦੀ ਸੁਰ ਜੇ ਰਾਜਤੰਤਰ ਦੀ ਬੋਲੀ 'ਤੇ ਉਸਰੇਗੀ, ਤਾਂ ਲੋਕਤੰਤਰ ਮਹਿਜ਼ ਗੱਲੀਂਬਾਤੀਂ ਹੀ ਲੋਕਾਂ ਦਾ, ਲੋਕਾਂ ਵੱਲੋਂ ਤੇ ਲੋਕਾਂ ਲਈ ਚੁਣੀ ਹੋਈ ਸਰਕਾਰ ਦਾ ਮੁਖੌਟਾ ਬਣ ਕੇ ਰਹਿ ਜਾਵੇਗਾ। ਮੌਜੂਦਾ ਕਿਸਾਨ ਅੰਦੋਲਨ ਨੇ ਮੀਡੀਆ ਨੂੰ ਉਹਦੇ ਜ਼ਿੰਮੇਵਾਰਾਨਾ ਕਿਰਦਾਰ ਦੀ ਗੁਹਾਰ ਲਾਉਂਦੇ ਹੋਏ ਅਪਣੀ ਵੱਖਰੀ ਸੱਚੀ-ਸੁੱਚੀ ਪਛਾਣ ਦਾ ਅਹਿਦ ਜ਼ਿੰਦਾ ਰੱਖਿਆ। ਭਾਵੇਂ ਗਣਤੰਤਰ ਦਿਵਸ 'ਤੇ ਕੁਝ ਸ਼ਰਾਰਤੀ ਅਨਸਰਾਂ ਨੇ ਅੱਡੀ-ਚੋਟੀ ਦਾ ਜ਼ੋਰ ਲਾ ਕੇ ਇਸ ਲੋਕਪੱਖੀ ਤੇ ਲੋਕਤੰਤਰਿਕ ਧਾਰਨਾਵਾਂ 'ਤੇ ਆਧਾਰਿਤ ਕਿਸਾਨੀ ਘੋਲ ਨੂੰ ਮਾਉਵਾਦੀਏ, ਖ਼ਾਲਸਤਾਨੀਏ, ਦੇਸ਼ਧਰੋਹੀ ਤੇ ਟੁੱਕੜੇ-ਟੁੱਕੜੇ ਗੈਂਗ ਆਦਿ ਦੇ ਭੈੜੇ-ਭੈੜੇ ਲਕਬਾਂ ਨਾ.ਲ ਗਰਦਾਨ ਕੇ ਫੇਲ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਇਹਦੀ ਸੁਚੇਤ ਤੇ ਤਜਰਬੇਕਾਰ ਲੀਡਰਸ਼ਿਪ ਨੇ ਇਹਨੂੰ ਅਜਿਹੀ ਸੰਕਟਮਈ ਘੜੀ ਵਿੱਚੋਂ ਵਾ.ਲ-ਵਾ.ਲ ਬਚਾ ਕੇ ਪਹਿਲਾਂ ਨਾ.ਲੋਂ ਕਈ ਗੁਣਾਂ ਵੱਧ ਜੋਸ਼ ਤੇ ਹੋਸ਼ ਸਦਕਾ ਵਿਰੋਧੀਆਂ ਦੇ ਸਾਹਮਣੇ ਲਿਆ ਖੜ੍ਹਾ ਕੀਤਾ। ਜਿਸ ਤਰ੍ਹਾਂ ਦੇ ਹਾਲਾਤ ਬਣ ਰਹੇ ਨੇ, ਉਹਨੂੰ ਭਾਂਪਦਿਆਂ ਇਹ ਕਹਿਣਾ ਕੁਥਾਂ ਨਹੀਂ ਕਿ ਮੌਜੂਦਾ ਕਿਸਾਨ ਅੰਦੋਲਨ ਮਹਿਜ਼ ਖੇਤੀ ਕਾਨੂੰਨਾਂ ਤਕ ਸੀਮਿਤ ਨਾ ਰਹਿ ਕੇ ਆਉਣ ਵਾ.ਲੇ ਸਮੇਂ ਦੌਰਾਨ ਭਾਰਤ ਦੀ ਸਮੁੱਚੀ ਰਾਜਨੀਤੀ 'ਤੇ ਡੂੰਘਾ ਅਸਰ ਪਵੇਗਾ। ਇਹ


ਬਰਨਾ.ਲੇ ਵਿਚ ਖੇਤ ਮਜ਼ਦੂਰ ਬੀਬੀਆਂ. ਫ਼ੋਟੋਕਾਰ ਰਣਦੀਪ ਮੱਦੋਕੇ

ਅੰਦੋਲਨ ਨਵੇਂ ਰਾਜਨੀਤਿਕ ਬਦਲ ਵਲ ਵੀ ਇਸ਼ਾਰਾ ਕਰਦਾ ਦਿਖਾਈ ਦਿੰਦਾ ਹੈ, ਜਿਹਦਾ ਮੁੱਖ ਬਿੰਦੂ ਭਾਰਤ ਵਿਚ ਲੋਕਤੰਤਰੀ ਨਿਜ਼ਾਮ ਨੂੰ ਮਜ਼ਬੂਤ ਕਰਨ 'ਤੇ ਕੇਂਦਰਿਤ ਹੈ।

### 9. ਕੀ ਮੌਜੂਦਾ ਕਿਸਾਨੀ ਲਹਿਰ ਦੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਪਛਾਣ ਬਣ ਰਹੀ ਹੈ?

ਆਜ਼ਾਦੀ ਘੁਲਾਟੀਆਂ ਦੇ ਇਤਿਹਾਸ ਬਾਰੇ ਡੂੰਘੀ ਸਮਝ ਰੱਖਣ ਵਾ.ਲੇ ਗੁਰਦੇਵ ਸਿੰਘ ਸਿੱਧੂ ਅਪਣੇ ਲੇਖ 'ਕਿਸਾਨ ਸੰਘਰਸ਼' (ਪੰਜਾਬੀ ਟ੍ਰਿਬਿਊਨ, 27 ਦਸੰਬਰ 2020) ਦੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਬਣ ਰਹੀ ਪਛਾਣ ਬਾਰੇ ਲਿਖਦੇ ਹਨ ਕਿ 'ਨਿਰਸੰਦੇਹ ਭਾਰਤ ਦੀ ਭਵਿੱਖ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਵਾ.ਲਾ ਇਹ ਅੰਦੋਲਨ ਅੰਦੋਲਨਕਾਰੀਆਂ ਦੀ ਗਿਣਤੀ; ਉਨ੍ਹਾਂ ਵਿਚ ਲਿੰਗ, ਉਮਰ, ਧਰਮ, ਇਲਾਕੇ, ਬੋਲੀ, ਸਭਿਆਚਾਰ ਆਦਿ ਦੇ ਵਖਰੇਵੇਂ, ਸੰਘਰਸ਼ ਦੀ ਮਿਆਦ ਤੇ ਸ਼ਾਂਤਮਈ ਸਹਿਜ-ਵਤੀਰੇ ਆਦਿ ਜਿਹੇ ਨਿਵੇਕਲੇ ਲੱਛਣਾਂ ਕਾਰਣ ਫ਼ਰਾਂਸ ਦੇ ਕਿਸਾਨ ਵਿਦਰੋਹ (1358 ਈ.) ਤੇ ਇੰਗਲੈਂਡ ਦੇ ਕਿਸਾਨ ਵਿਦਰੋਹ (1381 ਈ.) ਵਾਂਗ ਵਿਸ਼ਵ ਇਤਿਹਾਸ ਵਿਚ ਅਪਣੀ ਖ਼ਾਸ ਥਾਂ ਬਣਾ ਚੁੱਕਾ ਹੈ। ਫਲਸਰੂਪ ਦੁਨੀਆ ਵਿਚ ਜਿਥੇ ਕਿਤੇ ਵੀ ਦੱਬੇ-ਕੁਚਲੇ ਲੋਕ ਅਪਣੇ ਹੱਕਾਂ ਦੀ ਰਾਖੀ ਲਈ ਉੱਠਣਗੇ, ਉਥੇ ਪ੍ਰੇਰਣਾ ਲੈਣ ਵਾਸਤੇ ਯਕੀਨਨ ਇਸ ਅੰਦੋਲਨ ਦੀ ਚਰਚਾ ਛਿੜੇਗੀ'। ਜਿਵੇਂ ਕਿ ਆਜ਼ਾਦੀ ਤੋਂ ਪਹਿਲੇ ਕਿਸਾਨ ਘੋਲਾਂ ਖ਼ਾਸ ਕਰਕੇ 'ਪਗੜੀ ਸੰਭਾਲ ਜੱਟਾ', ਬਾਰ ਦੀ ਮੁਜ਼ਾਰਾ ਲਹਿਰ, ਤੇ ਅੰਮ੍ਰਿਤਸਰ ਮੋਰਚਾ ਆਦਿ ਨੇ ਇਸ ਖ਼ਿੱਤੇ ਦੇ ਲੋਕਾਂ ਅੰਦਰ ਬਰਤਾਨਵੀ ਰਾਜ ਦਾ ਤਖ਼ਤਾ ਪਲਟਣ ਵਾਸਤੇ ਚੇਤਨਾ ਦਾ ਪ੍ਰਸਾਰ ਕੀਤਾ ਸੀ; ਉਸੇ ਤਰ੍ਹਾਂ ਮੌਜੂਦਾ ਕਿਸਾਨ ਸੰਘਰਸ਼ ਰਾਸ਼ਟਰੀ ਪੱਧਰ ਤੇ ਕਿਸਾਨਾਂ, ਕਿਰਤੀਆਂ, ਨੌਜਵਾਨਾਂ, ਔਰਤਾਂ ਤੇ ਹੋਰ ਵੱਖ-ਵੱਖ ਸਿਵਲ ਸੁਸਾਇਟੀ ਦੇ ਹੋਰ ਵੱਖ-ਵੱਖ ਅਦਾਰਿਆਂ ਵਿਚ ਨਵੀਂ ਜਾਗ੍ਰਿਤੀ ਦਾ ਬਿਗਲ ਵਜਾ ਕੇ ਇਹਦੀ ਨਿਵੇਕਲੀ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਪਛਾਣ ਬਣਾਉਣ ਵਿਚ ਸਾਰਥਿਕ ਸਿੱਧ ਹੋ ਰਿਹਾ ਜਾਪਦਾ ਹੈ। ਵਿਸ਼ਵ ਪੱਧਰ 'ਤੇ ਮਾਨਤਾ-ਪ੍ਰਾਪਤ ਵਾਤਾਵਰਣ ਕਾਰਕੁੰਨਾਂ ਗ੍ਰੇਟਾ ਥਨਬਰਗ, ਬੈਨਿਸੇ ਨਕਤੇ ਤੇ ਲੀਸੀਪ੍ਰੀਆ ਕੰਗੂਜਮ, ਵਿਸ਼ਵ ਪ੍ਰਸਿੱਧ ਪੌਪ ਗਾਇਕਾ ਰਿਹਾਨਾ, ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ, ਨੀਨਾ ਹੈਰਿਸ (ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਭਤੀਜੀ) ਤੇ ਮੀਆਂ ਖ਼ਲੀਫ਼ਾ (ਸਾਬਕਾ ਐਡਲਟ ਇੰਟਰਟੇਨਰ), ਨੋਬੇਲ ਪੁਰਸਕਾਰ ਜੇਤੂ ਅਰਥਸ਼ਾਸਤਰੀ ਅਮ੍ਰਿਤੀਆ ਸੇਨ ਹੁਰਾਂ ਦੀਆਂ ਟਿੱਪਣੀਆਂ ਇਸ ਅੰਦੋਲਨ ਦੀ ਬਣ ਰਹੀ ਅੰਤਰਰਾਸ਼ਟਰੀ ਪਛਾਣ ਹੈ।

ਜਿਥੋਂ ਤੱਕ ਰਾਸ਼ਟਰੀ ਪੱਧਰ 'ਤੇ ਇਸ ਕਿਸਾਨੀ ਲਹਿਰ ਦੀ ਉਸਰ ਰਹੀ ਪਛਾਣ ਦਾ ਸਵਾਲ ਹੈ, ਉਸ ਬਾਰੇ ਗੁਰਬਚਨ ਅਪਣੇ ਲੇਖ 'ਕਿਸਾਨ ਮੋਰਚੇ ਦੀਆਂ ਅੰਤਰ-ਤੇਹਾਂ' (ਪੰਜਾਬੀ ਟ੍ਰਿਬਿਊਨ, 21 ਮਾਰਚ 2021) ਵਿਚ ਲਿਖਦੇ ਹਨ ਕਿ ਇਹਦੇ ਨਵੇਂ ਫ਼ਲਸਫ਼ੇ ਦੀਆਂ ਜੜ੍ਹਾਂ ਬਾਬੇ ਨਾਨਕ ਦੇ ਮਨੁੱਖੀ ਬਰਾਬਰੀ ਦੇ ਸਿਧਾਂਤ ਵਿਚ ਸਮੋਈਆਂ ਹੋਈਆਂ ਹਨ। ਇਹ ਫ਼ਲਸਫ਼ਾ ਕਿਰਤ ਕਰਨ ਤੇ ਵੰਡ ਕੇ ਛਕਣ ਨੂੰ ਪ੍ਰਣਾਇਆ ਹੋਇਆ, ਕਾਰਪੋਰੇਟ ਵਰਲਡ ਦੇ ਅੱਤ ਦੇ ਲੋਭੀ ਸਿਧਾਂਤਾਂ ਵਿਰੁੱਧ ਨਵੀਂ ਸੋਚ ਨੂੰ ਅਨਿਆਂ ਦੇ ਵਿਰੁੱਧ ਖੜਨ ਤੇ ਕਿਰਤੀ ਦੀ ਕਿਰਤ ਦਾ ਸਹੀ ਮੁੱਲ ਪਾਉਣ ਦਾ ਨਵਾਂ ਬਿਰਤਾਂਤ ਸਿਰਜਦਾ ਹੈ। ਇਸ ਅੰਦੋਲਨ ਸਦਕਾ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਦੀ ਵਸੋਂ ਦੇ ਵੱਖ-ਵੱਖ ਕਿੱਤਿਆਂ ਉੱਤੇ ਆਧਾਰਿਤ ਵਰਗਾਂ ਵਿਚ ਹੋਈ ਲਾਮਬੰਦੀ ਨੂੰ ਇਸੇ ਸੰਦਰਭ ਵਿਚ ਵਾਚਦਿਆਂ ਗੁਰਦੇਵ ਸਿੰਘ ਸਿੱਧੂ ਅਪਣੇ ਲੇਖ 'ਕਿਸਾਨ ਮੋਰਚਿਆਂ ਦਾ ਇਤਿਹਾਸ' (ਪੰਜਾਬੀ ਟ੍ਰਿਬਿਊਨ, 22 ਨਵੰਬਰ 2020) ਵਿਚ ਦਰਸਾਉਂਦੇ ਹਨ ਕਿ ਇਸ ਸੰਘਰਸ਼ ਨੇ ਵੱਖ-ਵੱਖ ਕਿੱਤਿਆਂ ਵਾ.ਲੇ ਲੋਕਾਂ ਵਿਚ ਆਪਸੀ ਸੰਜੋਗ ਨੂੰ ਭਾਵੇਂ ਆਰਜ਼ੀ ਹੀ ਸਹੀ, ਮੁੜ ਸੁਰਜੀਤ ਕੀਤਾ। ਉਨ੍ਹਾਂ ਨੇ ਇਸ ਅੰਦੋਲਨ ਵਿੱਚੋਂ ਪੈਦਾ ਹੋਈ ਨਵੀਂ ਤੇ ਸੁਹਿਰਦ ਲੀਡਰਸ਼ਿਪ ਨੂੰ ਵਰਤਮਾਨ ਸਿਆਸਤ ਨੂੰ ਮਾਤ ਦੇਣ ਦਾ ਸ਼ੁੱਭ ਸੰਕੇਤ ਦਰਸਾਇਆ ਹੈ। ਇਵੇਂ ਹੀ ਚਰੰਜੀ ਲਾਲ ਕੰਗਣੀਵਾ.ਲ ਨੇ ਅਪਣੇ ਲੇਖ 'ਗਾਥਾ ਦੋ ਕਿਸਾਨੀ ਘੋ.ਲਾਂ ਦੀ' (ਨਵਾਂ ਜ਼ਮਾਨਾ, 13 ਦਸੰਬਰ 2020) ਵਿਚ ਇਸ ਸੰਘਰਸ਼ ਦਾ ਦੁਨੀਆ ਭਰ ਦੇ ਇਨਸਾਫ਼ਪਸੰਦਾਂ ਤੇ ਜਮਹੂਰੀਪਸੰਦਾਂ ਦੇ ਧਿਆਨ ਨੂੰ ਅਪਣੇ ਵੱਲ ਖਿੱਚਣ ਦਾ ਜ਼ਿਕਰ ਕੀਤਾ ਹੈ। ਉਹ ਇਸ ਮੌਜੂਦਾ ਸੰਘਰਸ਼ ਦੀ ਬਣ ਰਹੀ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਪਛਾਣ ਉੱਤੇ ਟਿੱਪਣੀ ਕਰਦੇ ਹੋਏ ਲਿਖਦੇ ਹਨ ਕਿ ਇਸ ਸੰਘਰਸ਼ ਨੇ 'ਨਾ ਕੇਵਲ ਪੰਜਾਬ ਸਗੋਂ ਸਮੁੱਚੇ ਭਾਰਤੀ ਸੰਘਰਸ਼ ਲਈ ਨਵੇਂ ਰਾਹ ਵਿਖਾਉਣ ਦੇ ਨਾ.ਲ-ਨਾ.ਲ ਦੁਨੀਆ ਭਰ ਦੇ ਕਿਸਾਨਾਂ ਤੇ ਹੋਰ ਮਿਹਨਤਕਸ਼ ਲੋਕਾਂ ਦੇ ਸੰਘਰਸ਼ ਨੂੰ ਬੁਲੰਦੀ ਤੇ ਪਹੁੰਚਾਇਆ ਹੈ, ਜੋ ਸਮੁੱਚੇ ਆਵਾਮ ਲਈ ਹਮੇਸ਼ਾ ਪ੍ਰੇਰਣਾ ਦਾ ਸਰੋਤ ਬਣਿਆ ਰਹੇਗਾ'। ਸੰਖੇਪ ਵਿਚ ਇਹ ਕਹਿਣਾ ਅਪ੍ਰਸੰਗਕ ਨਹੀਂ ਕਿ ਮੌਜੂਦਾ ਕਿਸਾਨ ਸੰਘਰਸ਼ ਨੇ ਅਪਣੀ ਲੋਕਤੰਤਰਕ, ਅਹਿੰਸਕ ਤੇ ਲੋਕਪੱਖੀ ਛਵੀ ਰਾਹੀਂ ਸਭ ਵਰਗਾਂ ਨੂੰ ਨਾ.ਲ ਲੈ ਕੇ ਜਿਸ ਤਰ੍ਹਾਂ ਦੀ ਅੰਦੋਲਨਕਾਰੀ ਨੀਤੀ ਘੜੀ ਹੈ, ਉਹਦੇ ਨਾ.ਲ ਇਹਦੀ ਨਿਵੇਕਲੀ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪਛਾਣ ਬਣੀ ਹੈ।

### 10. ਮੌਜੂਦਾ ਕਿਸਾਨੀ ਲਹਿਰ ਅੱਗੇ ਕਿਸ ਪਾਸੇ ਵੱਲ ਮੋੜ ਕੱਟੇਗੀ?

ਮੌਜੂਦਾ ਕਿਸਾਨੀ ਅੰਦੋਲਨ ਜਿਵੇਂ ਕੋਵਿਡ-19 ਦੇ ਦੌਰਾਨ ਜਲਦੀ-ਜਲਦੀ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚੋਂ ਉਪਜਿਆ, ਉਵੇਂ ਹੀ ਇਸ ਨੇ ਰਾਸ਼ਟਰੀ ਪੱਧਰ 'ਤੇ ਨਵੇਂ ਹੌਸਲੇ ਤੇ ਉਮੀਦ ਦੀ ਕਿਰਨ ਨੂੰ ਜਨਮ ਦਿੱਤਾ, ਜੋ ਆਉਣ ਵਾਲੇ ਸਮੇਂ ਵਿਚ ਇਹਦੀ ਜਮਹੂਰੀ ਪਛਾਣ ਨੂੰ ਹੋਰ ਗੂੜ੍ਹੀ ਕਰੇਗਾ। ਨੌਜਵਾਨਾਂ, ਔਰਤਾਂ, ਬਜ਼ੁਰਗਾਂ ਤੇ ਬੱਚਿਆਂ ਦੀ ਭਰਵੀਂ ਸ਼ਾਂਤੀਪੂਰਵਕ ਸ਼ਮੂਲੀਅਤ ਇਸ ਅੰਦੋਲਨ ਦੀ ਸਭ ਤੋਂ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। ਇਸ ਦੀ ਦੂਸਰੀ ਪ੍ਰਾਪਤੀ ਲੋਕਾਈ ਦੀਂ ਅਧਿਆਤਮਕ ਤੇ ਸਭਿਆਚਾਰਕ ਸਾਂਝ ਦੇ ਆਧਾਰ 'ਤੇ ਨਿੱਠ ਕੇ ਹਰ ਤਰ੍ਹਾਂ ਦੀ ਮਦਦ ਮੁਹੱਈਆ ਕਰਵਾਉਣਾ। ਇਸ ਅੰਦੋਲਨ ਦੌਰਾਨ ਭਾਵੇਂ ਬਹੁਤ ਸਾਰੇ ਧਾਰਮਿਕ ਚਿੰਨ੍ਹਾਂ ਤੇ ਧਾਰਨਾਵਾਂ ਦੀ ਬਹੁਲਤਾ ਦੇਖਣ ਨੂੰ ਮਿ.ਲ ਰਹੀ ਹੈ; ਪਰ ਜੇ ਘੋਖਿਆ ਜਾਵੇ, ਤਾਂ ਇਹ ਧਰਮ ਤੋਂ ਜ਼ਿਆਦਾ ਮੱਧਕਾਲੀ ਕਬੀਲਿਆਂ ਦੀ ਆਪਸੀ ਮਿਲਵਰਤਣ ਵਾ.ਲੀ ਸਾਂਝ ਤੇ ਉਸੇ ਆਧਾਰ 'ਤੇ ਕੁਨਬੇ ਦੇ ਹੱਕਾਂ ਦੀ ਰਾਖੀ ਕਰਦਾ ਦਿਸਦਾ ਹੈ। ਇਸ ਅੰਦੋਲਨ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਕਿਸਾਨ ਭਾਵੇਂ ਪੰਜਾਬੀ ਸਿੱਖ ਜੱਟ, ਹਰਿਆਣਵੀ ਹਿੰਦੂ ਜਾਟ ਜਾਂ ਫਿਰ ਉੱਤਰ ਪ੍ਰਦੇਸ਼ ਦਾ ਹਿੰਦੂ ਜਾਟ ਹੋਵੇ; ਪਰ ਪਹਿਲਾਂ ਉਹ ਕਿਸਾਨ ਹੈ, ਸਿੱਖ ਜਾਂ ਹਿੰਦੂ ਬਾਅਦ ਵਿਚ ਹੈ। ਇਸ ਨਵੀਂ ਬਣ ਰਹੀ ਕਿਸਾਨੀ ਦੀ ਰਾਜਨੀਤਿਕ ਪਛਾਣ ਨੇ ਇਸ ਅੰਦੋਲਨ ਦੇ ਪਿੜ ਦਾ ਘੇਰਾ ਫੈਲਾਉਂਦਿਆਂ ਇਸ ਵਿਚ ਭਾਰਤ ਦੇ ਸਭਨਾਂ ਸੂਬਿਆਂ ਦੇ ਕਿਸਾਨਾਂ ਨੂੰ ਇਕ ਸ਼੍ਰੇਣੀ ਵਜੋਂ ਇਕੱਠੇ ਹੋਣ ਦੀ ਨਵੀਂ ਜੁਗਤੀ ਤੇ ਬਲ ਬਖ਼ਸ਼ਿਆ ਹੈ।

ਇਵੇਂ ਜਾਪਦਾ ਹੈ ਕਿ ਅਗਰ ਇਹ ਅੰਦੋਲਨ ਇਸ ਤਰ੍ਹਾਂ ਹੀ ਜੰਮਿਆ ਰਿਹਾ, ਤਾਂ ਆਉਣ ਵਾਲੇ ਘੱਟ ਠੰਢ ਵਾ.ਲੇ ਪੱਧਰੇ ਦਿਨਾਂ ਵਿਚ ਦੇਸ਼ ਦੇ ਵੱਖ-ਵੱਖ ਕੋਣਿਆਂ ਤੋਂ ਇਸ ਵਿਚ ਕਿਸਾਨ ਆਪ-ਮੁਹਾਰੇ ਵਹੀਰਾਂ ਘੱਤਦੇ ਆਉਣਗੇ। ਇਸ ਅੰਦੋਲਨ ਦੀ ਇਕ ਹੋਰ ਵੱਡੀ ਪ੍ਰਾਪਤੀ ਜਿਸ ਬਾਰੇ ਗੁਰਦੇਵ ਸਿੰਘ ਸਿੱਧੂ ਜ਼ਿਕਰ ਕਰਦੇ ਹਨ (ਪੰਜਾਬੀ ਟ੍ਰਿਬਿਊਨ, 27 ਦਸੰਬਰ 2020) ਉਹ ਇਹ ਹੈ ਕਿ, 'ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਸਿਧਾਂਤ 'ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ' ਬਾਰੇ ਵਿਸ਼ਵ ਭਰ ਨੂੰ ਜਾਣਕਾਰੀ ਦੇਣ ਦਾ ਜਿੰਨਾ ਵੱਡਾ ਕਾਰਜ ਇਸ ਅੰਦੋਲਨ ਨੇ ਕੀਤਾ ਹੈ, ਉਹ ਸਾਡੀਆਂ ਸਿੱਖ ਸੰਸਥਾਵਾਂ ਨਹੀਂ ਸਨ ਕਰ ਸਕੀਆਂ'। ਧਰਮ ਨੇ ਇਸ ਕਿਸਾਨੀ ਘੋਲ ਦੌਰਾਨ ਮਾਨੋ ਇਕ ਨਵਾਂ ਰੂਪ ਅਖ਼ਤਿਆਰ ਕੀਤਾ ਹੈ। ਇਸ ਰੂਪ ਦਾ ਮੁੱਖ ਕੇਂਦਰ ਸੇਵਾ ਤੇ ਜ਼ੁਲਮ ਦਾ ਸੋਝੀ ਤੇ ਅਹਿੰਸਕ ਵਰਤਾਓ ਨਾ.ਲ ਸਾਹਮਣਾ ਕਰਨਾ ਇਸ ਅੰਦੋਲਨ ਦਾ ਮੁੱਖ ਕੇਂਦਰ ਬਣ ਚੁੱਕਾ ਹੈ।

ਇਸ ਨਵੇਂ ਵਰਤਾਰੇ ਦੇ ਨਾ.ਲ-ਨਾ.ਲ ਇਸ ਅੰਦੋਲਨ ਵਿਚ ਜਿਹੜੀ ਲੀਡਰਸ਼ਿਪ ਉੱਭਰ ਕੇ ਸਾਹਮਣੇ ਆਈ ਹੈ, ਉਹ ਰਵਾਇਤੀ ਸਿਆਸੀ ਪਾਰਟੀਆਂ ਵਿੱਚੋਂ ਨਾ ਉਪਜ ਕੇ ਜ਼ਮੀਨੀ ਪੱਧਰ 'ਤੇ ਨਿਰੰਤਰ ਲੰਮੇ ਸਮੇਂ ਤੋਂ ਕਿਸਾਨੀ ਹੱਕਾਂ ਲਈ ਘੋ.ਲ ਕਰ ਰਹੇ ਕਿਸਾਨਾਂ ਦੀਆਂ ਵੱਖ-ਵੱਖ ਜੱਥੇਬੰਦੀਆਂ 'ਚੋਂ ਉਪਜੀ ਹੈ। ਇਸ ਨਵੇਂ ਘੋਲ ਦੀ ਇਹ ਵੀ ਖ਼ਾਸੀਅਤ ਹੈ ਕਿ ਇਹਦੀ ਲੀਡਰਸ਼ਿਪ ਤਜਰਬੇਕਾਰ ਤੇ ਸਿਆਣੀ ਉਮਰ ਦੇ ਕਿਸਾਨਾਂ ਦੇ ਹੱਥਾਂ ਵਿਚ ਹੈ, ਜਦ ਕਿ ਇਹਦੀ ਧਰੋਹਰ ਕਿਸਾਨ ਨੌਜਵਾਨਾਂ ਤੇ ਮੁਟਿਆਰਾਂ ਦੇ ਨਿਰੰਤਰ ਸਾਥ ਵਿਚ ਮੜ੍ਹੀ ਹੋਈ ਹੈ। ਇਹ ਇਸ ਸਮਝਦਾਰ ਲੀਡਰਸ਼ਿਪ ਤੇ ਹੌਸਲੇ ਬੁਲੰਦ ਨੌਜਵਾਨਾਂ ਦੇ ਸ਼ਾਂਤੀਪੂਰਵਕ ਸਾਥ ਦਾ ਹੀ ਸਿੱਟਾ ਹੈ ਕਿ ਮੀਡੀਆ ਤੇ ਸਰਕਾਰੀ ਤੰਤਰ ਦੇ ਲਾਏ ਅੱਡੀ-ਚੋਟੀ ਦੇ ਜ਼ੋਰ ਦੇ ਬਾਵਜੂਦ ਵੀ ਇਹ ਅੰਦੋਲਨ ਵੱਖਵਾਦੀ ਤੇ ਦੇਸ਼ਧ੍ਰੋਹੀਆਂ ਵਰਗੀਆਂ ਊਜਾਂ 'ਚੋਂ ਬਾਇਜ਼ਤ ਤੇ ਸਫਲਤਾਪੂਰਵਕ ਬਾਹਰ ਨਿਕ.ਲ ਕੇ ਰਾਸ਼ਟਰੀ ਪੱਧਰ 'ਤੇ ਅਪਣੀ ਵੱਖਰੀ ਪਛਾਣ ਬਣਾਉਣ ਵਿਚ ਸਫਲ ਹੋਇਆ ਹੈ। ਇਸ ਅੰਦੋਲਨ ਨੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੇ ਮੁੱਦੇ 'ਤੇ ਕਿਸਾਨਾਂ ਤੇ ਕਿਰਤੀਆਂ ਨੂੰ ਲਾਮਬੱਧ ਕਰਕੇ ਉਨ੍ਹਾਂ ਵਿਚ ਨਵੀਂ ਰੂਹ ਫੂਕਣ ਦਾ ਕੰਮ ਕੀਤਾ ਹੈ ਤੇ ਨਾ.ਲ ਹੀ ਇਹ ਵੀ ਸਾਬਿਤ ਕਰ ਦਿੱਤਾ ਹੈ ਕਿ ਜਿਹੜੀ ਸਰਕਾਰ ਅਪਣੇ ਸੱਤ ਸਾਲਾਂ ਦੇ ਕਾਰਜਕਾਲ ਦੌਰਾਨ ਜਿਸ ਤਰ੍ਹਾਂ ਦੀ ਅੜੀਅਲ ਦਿੱਖ ਬਣਾ ਚੁੱਕੀ ਸੀ, ਉਹਨੂੰ ਕੁਝ ਠੱਲ੍ਹ ਪਾ ਦਿੱਤੀ ਹੈ। ਮੌਜੂਦਾ ਮੋਰਚੇ ਨੂੰ ਇਹਦੇ ਸ਼ਾਨਾਮੱਤਾ ਵਿਰਸੇ ਵਿਚ ਢਾ.ਲ ਕੇ ਦੇਖਿਆਂ ਇਹ ਸਹਿਜੇ ਹੀ ਸਮਝ ਪੈ ਜਾਂਦੀ ਹੈ ਕਿ ਜਦੋਂ-ਜਦੋਂ ਮੌਕੇ ਦੀਆਂ ਸਰਕਾਰਾਂ ਨੇ ਕਿਸਾਨ-ਵਿਰੋਧੀ ਕਾਨੂੰਨ ਬਣਾਏ, ਉਨ੍ਹਾਂ ਨੂੰ ਡਟਵੇਂ ਕਿਸਾਨੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਤੇ ਜਿੱਤ ਹਮੇਸ਼ਾ ਕਿਸਾਨਾਂ ਦੀ ਹੋਈ। ਇਹ ਕਿਸਾਨੀ ਅੰਦੋਲਨ ਦੇ ਇਤਿਹਾਸ ਦੀ ਖ਼ਾਸੀਅਤ ਰਹੀ ਹੈ ਕਿ ਕਿਸਾਨਾਂ ਨੇ ਇਕੱਠੇ ਹੋ ਕੇ ਅਪਣੇ ਨਿਜੀ ਵਖਰੇਵਿਆਂ ਨੂੰ ਇਕ ਪਾਸੇ ਰੱਖ ਕੇ ਲੋਕ-ਵਿਰੋਧੀ ਹੁਕਮਰਾਨਾਂ ਦੇ ਪਾਸ ਕੀਤੇ ਖੇਤੀ ਕਾਨੂੰਨਾਂ ਦਾ ਡਟ ਕੇ ਵਿਰੋਧ ਕੀਤਾ।

ਮੌਜੂਦਾ ਕਿਸਾਨ ਸੰਘਰਸ਼ ਵੀ ਇਸੇ ਲੀਹ 'ਤੇ ਚਲਦੇ ਹੋਏ ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਕਿਸਾਨ ਵਰਗ ਦੀ ਨਿਰੰਤਰ ਮਦਦ ਸਦਕਾ ਅਪਣੀ ਰਾਸ਼ਟਰੀ ਪੱਧਰ ਦੀ ਪਛਾਣ ਵਲ ਰੁਖ਼ ਕਰੀ ਬੈਠਾ ਹੈ। ਪੰਜਾਬੀ ਟ੍ਰਿਬਿਊਨ ਦੇ ਮੁੱਖ ਸੰਪਾਦਕ ਸਵਰਾਜਬੀਰ ਸਿੰਘ ਦੀ ਜਾਚੇ 'ਜੇਕਰ ਇਹ ਸੰਘਰਸ਼ ਏਦਾਂ ਹੀ ਚਲਦਾ ਰਿਹਾ, ਤਾਂ ਇਹਦੇ ਜਮਹੂਰੀ ਪਾਸਾਰ ਦੇ ਅਸਰ ਬਹੁਤ ਵੱਡੇ ਹੋਣਗੇ'। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਇਹ ਸੰਘਰਸ਼ ਕਿਸਾਨਾਂ ਦੇ ਸਿਦਕ ਤੇ ਰੋਹ ਦਾ ਪ੍ਰਤੀਕ ਬਣ ਕੇ ਉੱਭਰਿਆ ਹੈ, ਜਿਹਨੇ ਕਿਸਾਨਾਂ ਦੇ ਨਾ.ਲ-ਨਾ.ਲ ਸਮਾਜ ਦੇ ਸਾਰੇ ਵਰਗਾਂ ਨੂੰ ਊਰਜਿਤ ਕੀਤਾ ਹੈ। ਇਸੇ ਲਈ ਕਿਸਾਨਾਂ ਦਾ ਇਹ ਨਿਵੇਕਲਾ ਜਮਹੂਰੀ ਏਕਾ ਸਿਰਫ਼ ਕਿਸਾਨਾਂ ਦੇ ਦੁੱਖੜਿਆਂ ਦਾ ਨਿਵਾਰਨ ਕਰਨ ਦੀ ਗੱਲ ਹੀ ਨਹੀਂ ਕਰ ਰਿਹਾ, ਬਲਕਿ ਇਹ ਸਮੂਹ ਸਮਾਜ ਦੇ ਮਨ-ਕੀ-ਬਾਤ ਦੀ ਥਾਹ ਪਾਉਂਦਾ ਹੈ। ਸਵਰਾਜਬੀਰ ਸਿੰਘ ਅਪਣੇ ਸੰਪਾਦਕੀ ਲੇਖ (ਪੰਜਾਬੀ ਟ੍ਰਿਬਿਊਨ, 22 ਨਵੰਬਰ 2020) ਨੂੰ ਸਮੇਟਦਿਆਂ ਲਿਖਦੇ ਹਨ: 'ਜਿਹੜੇ ਲੋਕ ਇਸ ਅੰਦੋਲਨ ਨੂੰ ਸੰਦੇਹ ਦੀ ਨਜ਼ਰ ਨਾ.ਲ ਵੇਖਦੇ ਹਨ, ਉਨ੍ਹਾਂ ਨੂੰ ਅਪਣਾ ਨਜ਼ਰੀਆ ਬਦਲਣ ਦੀ ਜ਼ਰੂਰਤ ਹੈ ਜਿਵੇਂ 'ਪਗੜੀ ਸੰਭਾਲ ਜੱਟਾ' ਲਹਿਰ ਦੌਰਾਨ ਉਸ ਲਹਿਰ ਦੇ ਉੱਘੇ ਸ਼ਾਇਰ ਲਾਲ ਚੰਦ ਫ਼ਲਕ ਨੇ ਕਿਹਾ ਸੀ - 'ਐ ਫ਼ਲਕ ਤੂੰ ਵੀ ਬਦਲ ਕਿ ਜ਼ਮਾਨਾ ਬਦਲ ਗਿਆ'। ਇਹ ਕਿਸਾਨ ਸੰਘਰਸ਼ ਭਾਰਤ ਦੇ ਲੋਕਤੰਤਰ ਦੀ ਰੂਹ ਮੰਨੇ ਜਾਂਦੇ ਸੰਵਿਧਾਨ ਦੀ ਓਟ ਵਿਚ ਕਾਰਜਸ਼ੀਲ ਹੋ ਕੇ ਭਾਰਤੀ ਦੀ ਆਉਣ ਵਾਲੀ ਰਾਜਨੀਤਿਕ ਦਿਸ਼ਾ ਤੇ ਦਸ਼ਾ ਦੀ ਪ੍ਰਤੀਨਿਧਤਾ ਕਰਦਾ ਨਜ਼ਰ ਆ ਰਿਹਾ ਹੈ। ਇਸ ਸੰਘਰਸ਼ ਨੇ ਜਿਸ ਤਰ੍ਹਾਂ ਜਨਤਕ ਘੋ.ਲ ਨੂੰ ਲੋਕਤੰਤਰਿਕ ਮਾਪਦੰਡ ਦੀ ਪਾਣ ਚਾੜ੍ਹ ਕੇ ਤਿੱਖਾ ਕੀਤਾ ਹੈ, ਉਸ ਤੋਂ ਇਹ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਆਉਣ ਵਾ.ਲੇ ਸਮੇਂ ਵਿਚ ਭਾਰਤ ਦਾ ਲੋਕਤੰਤਰ ਰੂਪੀ ਵਿਸ਼ਾਲ ਰੁੱਖ ਹੋਰ ਵਧੇ ਫੁੱਲੇਗਾ।

*ਘਰ ਨੰਬਰ ਭ015-03049, ਅਜੀਤ ਐਨਕਲੇਵ, ਖਰੜ, ਜ਼ਿਲ੍ਹਾ ਮੋਹਾ.ਲੀ, ਸੰਪਰਕ: 7087682164*



***ਲੇਖ ਨਾਲ ਸਬੰਧਤ ਤਸਵੀਰਾਂ ਸ੍ਰੀ ਅਮਰਜੀਤ ਚੰਦਨ ਪਾਸੋਂ ਧੰਨਵਾਦ ਸਹਿਤ ਪ੍ਰਾਪਤ ਕੀਤੀਆਂ।***

# ਕੁੜੀਆਂ ਚਿੜੀਆਂ ਦੀ ਮਹਾਨਤਾ ਨੂੰ ਜਾਣਨ ਦੀ ਲੋੜ

ਸੇਧ ਸਾਰ
ਸੁਰਜੀਤ ਮਜਾਰੀ
91+98721-93237



ਕੋਈ ਅਜਿਹਾ ਖੇਤਰ ਪਿੱਛੇ ਨਹੀਂ ਰਿਹਾ ਜਿਸ 'ਚ ਕੁੜੀਆਂ ਦੀ ਸਥਾਪਤੀ ਨਾ ਹੋਈ ਹੋਵੇ। ਮਰਦ ਪ੍ਰਧਾਨ ਸਮਾਜ ਹੁੰਦਿਆਂ ਵੀ ਕੁੜੀਆਂ ਨੇ ਅਗਵਾਈ ਕਰਕੇ ਅਨੇਕਾਂ ਖੇਤਰਾਂ 'ਚ ਆਪਣੀ ਕਾਮਯਾਬੀ ਦੇ ਝੰਡੇ ਬੁਲੰਦ ਕੀਤੇ ਹਨ। ਧੀ, ਭੈਣ, ਮਾਂ ਅਤੇ ਪਤਨੀ ਰੂਪੀ ਪ੍ਰਮੁੱਖ ਤਸਵੀਰਾਂ 'ਚ ਢੱਲ੍ਹੀ ਲੜਕੀ ਜਾਤ ਸੱਚਮੁੱਚ ਬਹੁਤ ਮਹਾਨ ਹੈ। ਇਸ ਤੋਂ ਵੀ ਉੱਪਰ ਉਠ ਕੇ ਇਸ ਦੀ ਕੁੱਖ ਭੁੱਖੀ ਰਹਿ ਕੇ ਵੀ ਰੱਜੇ ਹੋਏ ਭਵਿੱਖ ਦੀ ਪੈਦਾਇਸ਼ ਕਰਦੀ ਹੈ। ਪਰ ਅਜਿਹੇ ਸਤਿਕਾਰਯੋਗ ਵਰਨਣ ਦੀ ਹਕੀਕਤ ਸਨਮੁੱਖ ਹੁੰਦਿਆਂ ਵੀ ਅਸੀਂ ਮੰਨਣ ਤੋਂ ਇਨਕਾਰੀ ਕਿਉਂ ਹਾਂ? ਅੱਜ ਵੀ ਇਹੀ ਸੋਚ ਹੈ ਕਿ ਕੁੜੀਆਂ ਨੂੰ ਚਿੜੀਆਂ ਦੇ ਬਰਾਬਰ ਦੱਸ ਕੇ ਕੁੜੀਆਂ ਅਤੇ ਚਿੜੀਆਂ ਨੂੰ ਲਾਚਾਰ ਦੱਸਿਆ ਜਾ ਰਿਹਾ ਹੈ। ਚਿੜੀਆਂ ਦੀ ਗੱਲ ਸੁਣ ਕੇ ਇੱਕ ਕਹਾਣੀ ਸਾਹਮਣੇ ਆਉਂਦੀ ਹੈ। ਇੱਕ ਵਾਰ ਦੋ ਨੌਜਵਾਨ ਸਕੂਟਰ 'ਤੇ ਜਾ ਰਹੇ ਸਨ ਕਿ ਉਹਨਾਂ ਨੂੰ ਇੱਕ ਜ਼ਹਿਰਲੀ ਮੱਖੀ ਨੇ ਚਾਲਕ ਮੁੰਡੇ ਨੂੰ ਡੰਗ ਮਾਰਿਆਂ। ਉਸ ਦੇ ਹੱਥੋਂ ਹੈਂਡਲ ਸੁੱਟ ਗਿਆ ਅਤੇ ਉਹ ਦੋਵੇਂ ਦਰਖਤ 'ਚ ਵੱਜ ਕੇ ਮਾਰੇ ਗਏ। ਇਸ ਕਹਾਣੀ ਦਾ ਸਬੰਧ ਚਿੜੀਆਂ ਨਾਲ ਉਦਾਹਰਣ ਵਜੋਂ ਤਾਂ ਜੋੜਣਾ ਚਾਹੁੰਦੇ ਹਾਂ ਕਿ ਜੇਕਰ ਚਿੜ੍ਹੀਆਂ ਮੌਕੇ 'ਤੇ ਹੁੰਦੀਆਂ ਤਾਂ ਘੱਟ ਤੋਂ ਘੱਟ ਇਸ ਮੱਖੀ ਨੂੰ ਖਾ ਜਾਂਦੀਆਂ ਅਤੇ ਇਹ ਘਟਨਾ ਹੋਣੋਂ ਟਲ ਜਾਂਦੀ। ਜਿਵੇਂ ਪਹਿਲਾਂ ਹੁੰਦਾ ਵੀ ਸੀ ਪਰ ਹੁਣ ਚਿੜੀਆਂ ਦੀ ਗਿਣਤੀ ਘਟੀ ਹੈ ਅਤੇ ਅਸੀਂ ਇਹਨਾਂ ਚਿੜ੍ਹੀਆਂ ਦੀ ਗਿਣਤੀ ਘਟਨਾ ਜਨ ਜੀਵਨ ਲਈ ਨੁਕਸਾਨਦੇਹ ਹੈ। ਇੱਧਰ ਚਿੜੀਆਂ ਬੁਰਾਬਰ ਕੁੜੀਆਂ ਨੂੰ ਤੋਲਣ ਵਾਲੀ ਸੋਚ ਜਨਮ ਵੇਲੇ ਤਾਂ ਹੁੰਦੀ ਸੀ, ਇੱਥੋਂ ਤੱਕ ਕੁੱਖ 'ਚ ਵੀ ਇਸ ਨੂੰ ਮਾਰਨ ਦੀਆਂ ਯੋਜਨਾਵਾਂ ਬਣਾਉਣ ਤੋਂ ਨਹੀਂ ਹੱਟਦੀ।

ਇਸ ਚਿੰਤਾਂ ਦੇ ਖਾਤਮੇ ਲਈ ਇੱਕ ਨੁਕਾਤੀ ਫਾਰਮੂਲਾ ਇਹ ਹੈ ਕਿ ਕੁੜੀ ਨੂੰ ਜਨਮ ਤੋਂ ਲੈ ਕੇ ਬੋਝ ਦੀ ਨਜ਼ਰ ਨਾਲ ਦੇਖਣ ਦੀ ਬਜਾਏ ਉਸ ਨੂੰ ਲੜਕੀਆਂ ਦੇ ਬਰਾਬਰ ਪੜ੍ਹਣ ਤੇ ਰੁਜ਼ਗਾਰ ਦੇ ਬਰਾਬਰ ਮੌਕੇ ਪੈਦਾ ਕਰਨ ਲਈ ਸਾਥ ਦਿੱਤਾ ਜਾਵੇ। ਇਸ ਨਾਲ ਕਮਾਊ ਧੀ ਬਣਕੇ ਉਹ ਆਪਣਾ ਭਾਰ ਖੁਦ ਹੀ ਸੰਭਾਲ ਲਵੇਗੀ। ਅਜਿਹੀਆਂ ਸਵੈ ਰੁਜ਼ਗਾਰ ਧੀਆਂ ਲਈ ਯੋਗ ਵਰਾਂ ਦੀ ਕਮੀਂ ਨਹੀਂ ਹੋਵੇਗੀ। ਸੋ ਕੁੜੀਆਂ ਨੂੰ ਚਿੜੀਆਂ ਨਾਲ ਨਾ ਤੋਲਿਆ ਜਾਵੇ। ਕੁੜੀਆਂ ਆਪਣੀ ਥਾਂ ਯੋਗ ਹਨ ਅਤੇ ਚਿੜੀਆਂ ਆਪਣੀ ਥਾਂ ਯੋਗ ਹਨ। ਦੇਖਣ ਵਾਲਾ ਨਜ਼ਰੀਆ ਸਪੱਸ਼ਟ ਚਾਹੀਦਾ ਹੈ। ਮੁਕਤੀ ਗੱਲ ਕੁੜੀਆਂ/ ਚਿੜੀਆਂ ਦਾ ਸੱਭ



ਕੁਝ ਹੈ। ਚਿੜੀਆਂ /ਕੁੜੀਆਂ ਬਹੁਤ ਮਹਾਨ ਹਨ।

ਸਾਡੇ ਸਮਾਜ ਦੀ ਮੁੱਢਲੀ ਇਕਾਈ ਪਰਿਵਾਰ 'ਚ ਔਰਤ ਦਾ ਯੋਗਦਾਨ ਮਰਦ ਦੇ ਬਰਾਬਰ ਦਾ ਹੈ। ਘਰੇਲੂ ਕੰਮਕਾਜ 'ਚ ਹਰ ਸਮੇਂ ਵਿਅਸਥ ਔਰਤ ਦੇ ਕਦੇ ਅਰਾਮ ਦੀ ਭਾਲ ਨਹੀਂ ਕੀਤੀ। ਭਾਵੇਂ ਉਹ ਰਸੋਈ ਪਕਵਾਨਾਂ ਨੂੰ ਤਿਆਰ ਕਰਨਾ ਹੋਵੇ, ਬੱਚਿਆਂ ਦੀ ਦੇਖਭਾਲ ਦੀ ਜਿੰਮੇਵਾਰੀ ਹੋਵੇ, ਘਰ ਦੇ ਸਾਰੇ ਸਮਾਨ ਦੀ ਸਾਂਭ ਸੰਭਾਲ ਕਰਨੀ ਹੋਵੇ ਤੇ ਫਿਰ ਵੇਲੇ ਕੁਵੇਲੇ ਘਰ ਆਏ ਪਤੀਦੇਵ ਦੀ ਖਿਦਮਤ, ਔਰਤ ਚੁਪ ਚਪੀਤੀ ਇਸ ਸਾਰੇ ਵਰਤਾਰੇ ਲਈ ਸਮਰਪਿਤ ਰਹਿੰਦੀ ਹੈ। ਪਰ ਅਜਿਹੀ ਸਥਿਤੀ ਬਾਰੇ ਵਾਕਿਫ ਹੁੰਦਿਆਂ ਵੀ ਅਸੀਂ ਮਰਦ ਪ੍ਰਧਾਨ ਸਮਾਜ ਦੀ ਸ਼ਾਨ ਬਣੇ ਬਹੁਤੀ ਵਾਰ ਫੋਕੀ ਹੈਂਕੜ ਨਹੀਂ ਛੱਡਦੇ। ਜਦੋਂ ਔਰਤ ਨੂੰ ਮਰਦ ਦੇ ਬਰਾਬਰ ਮੰਨਣ ਦੀ ਗੱਲ ਆਉਂਦੀ ਹੈ ਤਾਂ ਸਾਰੇ ਚੁਪ ਵੱਟ ਲੈਂਦੇ ਹਨ। ਕੁਰਬਾਨੀਆਂ ਦੀ ਇੰਤਹਾਅ ਤੱਕ ਅੱਪੜੀ ਕਿ ਜਣੇਪੇ ਸਮੇਂ ਕੁੜੀ ਦੇ ਜਨਮ ਦਿਨ 'ਤੇ ਸਾਡੇ ਮੂੰਹੋਂ ਆਹ ਹੀ ਨਿਕਲਦੀ ਹੈ। 'ਚੱਲੋ ਚੰਗਾ ਟੈਮ ਆ ਜਾਂਦਾ' ਜਾਂ 'ਇਹਦੇ ਨਾਲੋਂ ਜੀਅ ਹੀ ਆ ਜਾਂਦਾ' ਵਾਲੇ ਵਾਕ ਹੀ ਕੰਨੀ੍ ਪੈਂਦੇ ਹਨ। ਦੱਸੋ ਭਲਾ ਨਵਜੰਨਮੀਂ ਬੱਚੀ ਨੇ ਜਨਮ ਦੇ ਪਹਿਲੇ ਹੀ ਪਲ ਕਿਹੜਾ ਬੁਰਾ ਵਕਤ ਲੈਂ ਆਂਦਾ ਜਾਂ ਫਿਰ ਕੁੜੀ ਕੋਈ ਜੀਅ ਨਹੀਂ ਹੁੰਦਾ। ਅਜਿਹਾ ਸੋਚਣ ਵਾਲੇ ਸਮਾਜ ਦੇ ਮੱਥੇ 'ਤੇ ਕਲੰਕ ਹੁੰਦੇ ਹਨ। ਅਜਿਹੇ ਪਾਤਰ ਜੋ ਪਵਿੱਤਰ ਔਰਤ ਲਈ ਅਜਿਹੇ ਕਰੂਪ ਖਿਲਾਲ ਰੱਖਦੇ ਹਨ।

ਧੀ ਦੇ ਜਨਮ ਨੂੰ ਰੋਕਣਾ ਅਤੇ ਮੁੰਡਿਆਂ ਦੇ ਮੁਕਾ-ਬਲੇ ਕੁੜੀਆਂ ਦੀ ਗਿਣਤੀ ਘੱਟਣੀ ਸਮਾਜ ਦੇ ਸਤੁੰਲਨ ਨੂੰ ਵਿਗਾੜਣ ਵਾਲੀ ਗੱਲ ਹੈ। ਇਹ ਗੱਲ ਹਰ ਇੱਕ ਦੇ ਘੋਲ ਕੇ ਦਿਮਾਗ਼ 'ਚ ਪਾਉਣ ਵਾਲੀ ਹੈ ਕਿ ਜਦੋਂ ਕਿਸੇ ਚੀਜ ਦਾ ਸਮਤੋਲ ਵਿਗੜਦਾ ਹੈ ਫਿਰ ਕੋਈ ਵੀ ਕਾਰਜ ਰਾਸ ਨਹੀਂ ਆਉਂਦਾ। ਸਾਡੇ ਸਮਾਜ 'ਚ ਮਾਪਿਆਂ ਨਾਲ ਹਮੇਸ਼ਾਂ ਅਨੇਕਾਂ ਅਜਿਹੀਆਂ ਘਟਨਾਵਾਂ ਵੀ ਵਾਪਰਦੀਆਂ ਹਨ ਕਿ ਨਲਾਇਕ ਮੁੰਡੇ ਆਪਣੇ ਘਰਦਿਆਂ ਲਈ ਹੀ ਮੁਸੀਬਤ ਬਣ ਜਾਂਦੇ ਹਨ। ਨਸ਼ੇ ਅਤੇ ਗਲਤ ਸੰਗਤ ਦਾ ਸ਼ਿਕਾਰ ਬਣੇ ਅਜਿਹੇ ਪੁੱਤ ਮਾਪਿਆਂ ਦਾ ਸੱਭ ਕੁੱਝ ਬਾਰਬਾਦ ਕਰ ਦਿੰਦੇ ਹਨ। ਇੱਕ ਉਦਾਹਰਣ ਇੱਥੇ ਸਾਂਝੀ ਕਰਨੀ ਚਾਹਾਂਵਾਂ ਕਿ ਇੱਕ ਜਿੰਮੀਦਾਰ ਦੇ ਸੱਤ ਮੁੰਡੇ ਹਨ। ਹਰ ਮੁੰਡੇ ਦੇ ਜਨਮ ਦਿਨ ਨੂੰ ਕਿੰਨੇ ਢੋਲ ਢਮੱਕੇ ਵੱਜੇ ਹੋਣਗੇ ਤੇ ਕਿੰਨੇ ਜਸ਼ਨ ਮਨਾਏ ਹੋਣਗੇ ਪਰ ਬਾਅਦ 'ਚ ਸਥਿਤੀ ਇਹ ਹੈ ਕਿ ਇਹਨਾਂ ਸੱਤਾਂ ਮੁੰਡਿਆਂ 'ਚ ਕੋਈ ਨਸ਼ਿਆਂ ਨੇ ਖਾਅ ਲਿਆ, ਕੋਈ ਘਰ ਛੱਡ ਗਿਆ, ਇੱਕ ਜੇਲ੍ਹ 'ਚ ਬੰਦ ਹੈ, ਇੱਕ ਉਵੇਂ ਸ਼ਦਾਈ ਹੋਇਆ ਫਿਰ ਰਿਹਾ, ਕੋਈ ਕਿਸੇ ਹੋਰ ਸੂਬੇ ਚਲਾ ਗਿਆ। ਹੁਣ ਨਤੀਜਾ ਇਹੀ ਸਾਹਮਣੇ ਆਉਂਦਾ ਹੈ ਕਿ ਇਹਨਾਂ ਸੱਤਾਂ ਕੁਪੱਤਾਂ ਨਾਲੋਂ ਕਾਣੀ ਧੀ ਮਾੜੀ ਸੀ। ਜੋ ਮਾਪਿਆਂ ਦੇ ਆਖ਼ਰੀ ਸਮੇਂ 'ਚ ਦੇਖ ਭਾਲ ਤਾਂ ਕਰਦੀ।

ਲੋੜ ਪੜ੍ਹਣ ਪੜ੍ਹਾਉਣ ਜਾਂ ਬੁਲਾਰਿਆਂ ਦੀਆਂ ਤਕਰੀਰਾਂ ਦੀ ਨਹੀਂ, ਲੋੜ ਆਪੋ ਆਪਣੇ ਮਨ ਸਮਝਾਉਣ ਦੀ, ਲੋੜ ਜ਼ਿੰਦਗੀ ਦਾ ਸੱਚ ਜਾਣਨ ਦੀ ਹੈ। ਔਰਤ ਦੀ ਇਸ ਸਥਿਤੀ ਲਈ ਮਰਦਾਂ ਨੂੰ ਤਬਦੀਲੀ ਦੇ ਨਾਲ ਨਾਲ ਔਰਤਾਂ ਦੇ ਖੁਦ ਦੀ ਸੋਚ ਵੀ ਤਬਦੀਲੀ ਦੀ ਲੋੜ ਹੈ। ਉਹ ਬਰਾਬਰ ਦੀਆਂ ਜਿੰਮੇਵਾਰ ਹਨ। ਪੱਖ ਕਿਸੇ ਵਰਗ ਨੂੰ ਨੀਵਾਂ ਦਿਖਾਉਣ ਦੀ ਗੱਲ ਮਰਦ ਔਰਤ ਦੀ ਬਰਾਬਰਤਾ ਲਈ ਜਮੀਨੀ ਪੱਧਰ 'ਤੇ ਖੁਰਾ ਖੋਜਣ ਦੀ ਹੈ। ਜਿੰਨਾ ਸਮਾਂ ਇਹ ਦੋਵੇਂ ਵਰਗ ਜਨ ਜੀਵਨ 'ਚ ਇੱਕੋ ਜਿਹੀ ਮਾਣਤਾ ਦੇ ਪ੍ਰਤੀਕ ਨਹੀਂ ਬਣਦੇ ਜਾਂ ਸਾਡਾ ਨਜ਼ਰੀਆਂ ਇਹਨਾਂ ਨੂੰ ਬਰਾਬਰਤਾ ਦੀ ਮਾਨਣਾ ਨਹੀਂ ਦਿੰਦੇ ਉਨਾਂ ਚਿਰ ਸਮਾਜਿਕ ਨਿਘਾਰ 'ਚ ਖੜੋਤ ਜਾਰੀ ਰਹੇਗੀ।

# ਰਾਸ਼ਟਰੀ ਵਿਗਿਆਨ ਦਿਵਸ-2021 ਵਿਚ ਥੀਮ, ਉਦੇਸ਼ ਕੀ ਹਨ ?



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਭਾਰਤ 'ਚ ਹਰ ਸਾਲ 28 ਫਰਵਰੀ ਦਾ ਦਿਨ 'ਰਾਸ਼ਟਰੀ ਵਿਗਿਆਨ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਸੰਨ 1928 'ਚ ਇਸੇ ਦਿਨ ਮਹਾਨ ਸਾਇੰਸਦਾਨ ਚੰਦਰਸ਼ੇਖਰ ਵੈਂਕਟਾਰਮਨ (ਸੀ. ਵੀ. ਰਮਨ) ਨੇ ਭੌਤਿਕ ਵਿਗਿਆਨ ਦੇ ਖੇਤਰ ਵਿਚ ਨਿਵੇਕਲੇ 'ਰਮਨ ਇਫੈਕਟ' ਦੀ ਖੋਜ ਕੀਤੀ ਸੀ। ਰਮਨ ਦੀ ਇਹ ਖੋਜ 'ਕੁਆਂਟਮ ਥਿਊਰੀ ਆਫ ਲਾਈਟ' ਦਾ ਇਕ ਪ੍ਰਤੱਖ ਸਬੂਤ ਸੀ। ਭਾਰਤ ਸਰਕਾਰ ਵੱਲੋਂ 'ਰਾਸ਼ਟਰੀ ਵਿਗਿਆਨ ਦਿਵਸ' ਮਨਾਉਣ ਦਾ ਫ਼ੈਸਲਾ 1986 ਵਿਚ ਕੀਤਾ ਗਿਆ ਸੀ। ਵਿਗਿਆਨ ਦਿਵਸ ਨੂੰ ਭਾਰਤ ਸਰਕਾਰ ਵੱਲੋਂ ਹਰ ਵਰ੍ਹੇ ਇਕ ਥੀਮ ਨਾਲ ਜੋੜਿਆ ਜਾਂਦਾ ਹੈ। ਪਿਛਲੇ ਕੁਝ ਵਰ੍ਹਿਆਂ ਵਿਚ ਦੇਸ਼ ਦੇ ਵੱਕਾਰੀ ਪੁਲਾੜ ਮਿਸ਼ਨਾਂ ਚੰਦਰਯਾਨ ਅਤੇ ਮੰਗਲਯਾਨ ਵਿਚ ਔਰਤਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਰਹੀ ਹੈ।&; ਸਾਲ 2020 ਲਈ ਰਾਸ਼ਟਰੀ ਵਿਗਿਆਨ ਦਿਵਸ ਦਾ ਥੀਮ 'ਵਿਗਿਆਨ ਵਿਚ ਔਰਤਾਂ' (ਵੁਮੈੱਨ ਇਨ ਸਾਇੰਸ) ਰੱਖਿਆ ਗਿਆ ਹੈ। ਇਸ ਥੀਮ ਦਾ ਮੁੱਖ ਉਦੇਸ਼ ਵਿਗਿਆਨ ਪਸਾਰ, ਪ੍ਰਚਾਰ, ਪ੍ਰਸਾਰ ਅਤੇ ਖੋਜ ਖੇਤਰ ਵਿਚ ਔਰਤਾਂ ਦੀ ਸ਼ਮੂਲੀਅਤ ਨੂੰ ਹੋਰ ਉਤਸ਼ਾਹਤ ਕਰਨਾ ਹੈ।

ਰਾਸ਼ਟਰੀ ਵਿਗਿਆਨ ਦਿਵਸ 2021 ਦਾ ਵਿਸ਼ਾ(ਥੀਮ) ਕੀ ਹੈ?

ਇਸ ਸਾਲ, ਰਾਸ਼ਟਰੀ ਵਿਗਿਆਨ ਦਿਵਸ 2021 ਦਾ ਵਿਸ਼ਾ ਹੈ "ਐਸਟੀਆਈ ਦਾ ਭਵਿੱਖ: ਸਿੱਖਿਆ, ਹੁਨਰ ਅਤੇ ਕਾਰਜ 'ਤੇ ਪ੍ਰਭਾਵ" ਰਾਸ਼ਟਰੀ ਵਿਗਿਆਨ ਦਿਵਸ ਦਾ ਉਦੇਸ਼ ਕੀ ਹੈ?

ਇਸ ਦਿਨ ਦਾ ਉਦੇਸ਼ ਵਿਦਿਆਰਥੀਆਂ ਨੂੰ ਵਿਗਿਆਨ ਦੇ ਖੇਤਰ ਵਿਚ ਆਪਣੇ ਹੱਥ ਅਜਮਾਉਣ ਲਈ ਪ੍ਰੇਰਿਤ ਕਰਨਾ ਹੈ।

ਸੀ.ਵੀ.ਰਮਨ ਵਿਗਿਆਨ ਖੇਤਰ ਵਿਚ ਨੋਬਲ ਪੁਰਸਕਾਰ ਜਿੱਤਣ ਵਾਲੇ ਪਹਿਲੇ ਭਾਰਤੀ ਵਿਗਿਆਨੀ ਸਨ। ਇਸ ਮਹਾਨ ਵਿਗਿਆਨੀ ਦਾ ਜਨਮ 7 ਨਵੰਬਰ 1888 ਨੂੰ ਦੱਖਣੀ ਭਾਰਤ ਵਿਚ ਸਥਿਤ ਛੋਟੇ ਜਿਹੇ ਸ਼ਹਿਰ ਤਿਰੁਚਿਰਾਪੱਲੀ (ਤਮਿਲਨਾਡੂ) ਵਿਚ ਹੋਇਆ ਸੀ। ਰਮਨ ਦੇ ਪਿਤਾ ਕਾਲਜ ਵਿਚ ਹਿਸਾਬ ਅਤੇ ਭੌਤਿਕ ਵਿਗਿਆਨ ਦੇ ਪ੍ਰੋਫ਼ੈਸਰ ਸਨ। ਸੀ. ਵੀ. ਰਮਨ ਨੇ 11 ਸਾਲ ਦੀ ਉਮਰ ਵਿਚ ਦਸਵੀਂ ਅਤੇ 13 ਸਾਲ ਦੀ ਉਮਰ ਵਿਚ ਵਜ਼ੀਫ਼ੇ ਨਾਲ ਐੱਫਏ ਦੀ ਪ੍ਰੀਖਿਆ ਪਾਸ ਕੀਤੀ। ਆਪਣੀ ਮੁੱਢਲੀ ਸਿੱਖਿਆ ਪੂਰੀ ਕਰਨ ਉਪਰੰਤ ਉਹ ਵਿਸ਼ਾਖਾਪਟਨਮ (ਆਂਧਰਾ ਪ੍ਰਦੇਸ਼) ਦੇ ਏਵੀਐੱਨ ਕਾਲਜ ਵਿਚ ਦਾਖ਼ਲ ਹੋ ਗਏ। ਪੰਦਰਾਂ ਸਾਲ ਦੀ ਉਮਰ ਵਿਚ ਸੀ.ਵੀ. ਰਮਨ ਨੇ ਬੀਏ ਦੀ ਡਿਗਰੀ ਪ੍ਰਾਪਤ ਕਰ ਲਈ ਅਤੇ ਆਪਣੀ ਜਮਾਤ 'ਚੋਂ ਪਹਿਲੇ ਸਥਾਨ 'ਤੇ ਰਹੇ। ਅਠਾਰਾਂ ਸਾਲ ਦੀ ਉਮਰ ਵਿਚ ਉਨ੍ਹਾਂ ਨੇ ਐੱਮ.ਏ. ਆਨਰਜ਼ ਦੀ ਡਿਗਰੀ ਪ੍ਰਾਪਤ ਕੀਤੀ। ਵਿਦਿਆਰਥੀ ਸਮੇਂ ਦੌਰਾਨ ਉਨ੍ਹਾਂ ਨੇ ਆਪਣੇ ਪੱਧਰ 'ਤੇ ਹੀ ਵਿਗਿਆਨ ਦੇ ਕਈ ਵਿਸ਼ਿਆਂ 'ਤੇ ਖੋਜਾਂ ਕੀਤੀਆਂ ਅਤੇ ਉਨ੍ਹਾਂ ਦਾ ਇਕ ਖੋਜ ਪੱਤਰ 1906 ਵਿਚ 'ਫਿਲੋਸਫੀਕਲ ਮੈਗਜ਼ੀਨ' ਲੰਡਨ ਵਿਚ ਪ੍ਰਕਾਸ਼ਿਤ ਹੋਇਆ।

ਸੀ. ਵੀ. ਰਮਨ ਨੇ 6 ਮਈ 1907 ਨੂੰ ਲੋਕਾਸੁੰਦਰੀ ਅੱਮਾਲ (1892-1980) ਨਾਲ ਵਿਆਹ ਕਰਵਾਇਆ। ਉਨ੍ਹਾਂ ਦੇ ਘਰ ਦੋ ਬੇਟੇ ਪੈਦਾ ਹੋਏ ਚੰਦਰਸ਼ੇਖਰ ਅਤੇ ਰੇਡੀਓ ਐਸਟਰੋਨੋਮਰ ਰਾਧਾਕ੍ਰਿਸ਼ਣਨ। ਸੀਵੀ ਰਮਨ ਸੁਬਰਾਮਣੀਅਨ ਚੰਦਰਸ਼ੇਖਰ ਦੇ ਚਾਚੇ-ਤਾਇਆਂ 'ਚੋਂ ਸਨ ਜਿਨ੍ਹਾਂ ਨੇ 1983 ਵਿਚ ਫਜ਼ਿਕਸ ਵਿਚ ਨੋਬਲ ਪੁਰਸਕਾਰ ਪ੍ਰਾਪਤ ਕੀਤਾ ਸੀ। ਬੇਸ਼ੱਕ ਸੀ.ਵੀ. ਰਮਨ ਨੇ ਵਿਗਿਆਨ ਵਿਚ ਆਪਣੀ ਮੁਹਾਰਤ ਦਰਸਾਈ ਪਰ ਫਿਰ ਵੀ ਉਸ ਸਮੇਂ ਵਿਗਿਆਨ ਨੂੰ ਕਿੱਤੇ ਵਜੋਂ ਚੁਣਨ ਲਈ ਉਨ੍ਹਾਂ ਨੂੰ ਹੱਲਾਸ਼ੇਰੀ ਨਹੀਂ ਮਿਲੀ ਅਤੇ ਆਪਣੇ ਪਿਤਾ ਦੇ ਕਹਿਣ 'ਤੇ ਉਨ੍ਹਾਂ ਨੇ 'ਭਾਰਤੀ ਵਿੱਤੀ ਸਿਵਲ ਸੇਵਾਵਾਂ' ਵਿਚ ਦਾਖ਼ਲੇ ਲਈ ਪ੍ਰੀਖਿਆ ਦਿੱਤੀ। ਇਸ ਪ੍ਰੀਖਿਆ ਵਿਚ ਪਾਸ ਹੋਣ ਉਪਰੰਤ ਉਨ੍ਹਾਂ ਨੂੰ ਮਾਲ ਮਹਿਕਮੇ ਵਿਚ ਅਸਿਸਟੈਂਟ ਅਕਾਊਂਟੈਂਟ ਜਨਰਲ ਦੀ ਨੌਕਰੀ ਮਿਲ ਗਈ। ਮਹਿਕਮੇ ਦੇ ਕਲਕੱਤਾ ਸਥਿਤ ਦਫ਼ਤਰ ਵਿਚ ਨੌਕਰੀ ਕਰਦੇ ਸਮੇਂ ਉਨ੍ਹਾਂ ਦੀ ਮੁਲਾਕਾਤ 'ਇੰਡੀਅਨ ਐਸੋਸੀਏਸ਼ਨ ਫਾਰ ਕਲਟੀਵੇਸ਼ਨ ਆਫ਼ ਸਾਇੰਸ' ਦੇ ਆਨਰੇਰੀ ਸਕੱਤਰ ਅੰਮ੍ਰਿਤ ਲਾਲ ਸਿਰਕਾਰ ਨਾਲ ਹੋਈ। ਸਿਰਕਾਰ ਦੇ ਕਹਿਣ 'ਤੇ ਰਮਨ ਨੇ ਐਸੋਸੀਏਸ਼ਨ ਦੀ ਪ੍ਰਯੋਗਸ਼ਾਲਾ ਵਿਚ ਖੋਜ ਕਾਰਜ ਕਰਨਾ ਸ਼ੁਰੂ ਕਰ ਦਿੱਤਾ। ਇੱਥੇ ਉਨ੍ਹਾਂ ਕੰਮ ਕਰਦਿਆਂ 30 ਦੇ ਲਗਪਗ ਖੋਜ ਪੱਤਰ ਲਿਖੇ। ਓ ਉਨ੍ਹਾਂ ਦਾ ਖੋਜ ਕਾਰਜ ਵਿਗਿਆਨ ਦੇ ਸਰਬੋਤਮ ਮੰਨੇ ਜਾਂਦੇ ਰਸਾਲਿਆਂ ਜਿਵੇਂ ਕਿ 'ਨੇਚਰ', 'ਫਿਜ਼ਿਕਸ ਰਿਵਿਊਜ਼', 'ਫਿਲੋਸਫੀਕਲ ਮੈਗਜ਼ੀਨ' ਵਿਚ ਪ੍ਰਕਾਸ਼ਿਤ ਹੋਇਆ। ਇਸੇ ਦੌਰਾਨ ਉਨ੍ਹਾਂ ਦਾ ਦੋ ਵਾਰ ਤਬਾਦਲਾ ਵੀ ਹੋਇਆ ਪਰ ਉਨ੍ਹਾਂ ਆਪਣਾ ਖੋਜ ਕਾਰਜ ਜਾਰੀ ਰੱਖਿਆ। ਸੰਨ 1917 ਵਿਚ ਮਹਾਨ ਸਾਇੰਸਦਾਨ ਆਸ਼ੂਤੋਸ਼ ਮੁਖਰਜੀ ਜਦ ਕਲਕੱਤਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣੇ ਤਾਂ ਉਨ੍ਹਾਂ ਨੇ ਸੀ. ਵੀ. ਰਮਨ ਨੂੰ ਪ੍ਰੋਫ਼ੈਸਰਸ਼ਿਪ ਦੀ ਪੇਸ਼ਕਸ਼ ਕੀਤੀ ਜਿਸ ਨੂੰ ਉਨ੍ਹਾਂ ਨੇ ਖ਼ੁਸ਼ੀ-ਖ਼ੁਸ਼ੀ ਸਵੀਕਾਰ ਕਰ ਲਿਆ। ਬੇਸ਼ੱਕ ਉਨ੍ਹਾਂ ਦੀ ਤਨਖ਼ਾਹ ਆਪਣੀ ਪਹਿਲੀ ਨੌਕਰੀ ਤੋਂ ਅੱਧੀ ਸੀ ਪਰ ਉਨ੍ਹਾਂ ਮਾਲ ਮਹਿਕਮੇ ਦੀ ਨੌਕਰੀ ਛੱਡਣ 'ਚ ਇਕ ਮਿੰਟ ਵੀ ਨਾ ਲਾਇਆ। ਮਾਲ ਮਹਿਕਮੇ ਵਾਲੇ ਉਨ੍ਹਾਂ ਨੂੰ ਨੌਕਰੀ ਛੱਡ ਕੇ ਜਾਣ ਨਹੀਂ ਦੇਣਾ ਚਾਹੁੰਦੇ ਸਨ ਕਿਉਂਕਿ ਉਹ ਵਧੀਆ ਅਫ਼ਸਰਾਂ 'ਚੋਂ ਇਕ ਸਨ। ਯੂਨੀਵਰਸਿਟੀ ਵਿਚ ਕੰਮ ਕਰਦਿਆਂ 1921 ਵਿਚ ਜਦ ਉਹ ਇੰਗਲੈਂਡ ਗਏ ਤਾਂ ਉੱਥੇ ਗਹਿਰੇ ਨੀਲੇ ਸਾਗਰਾਂ ਨੂੰ ਦੇਖ ਕੇ ਮੰਤਰ-ਮੁਗਧ ਹੋ ਗਏ। ਇਨ੍ਹਾਂ ਸਾਗਰਾਂ ਨੂੰ ਦੇਖਦੇ ਹੋਏ ਸੀ.ਵੀ.ਰਮਨ ਨੇ ਰੌਸ਼ਨੀ ਦੇ ਬਿਖਰਨ ਸਬੰਧੀ ਵਿਸ਼ੇ 'ਤੇ ਖੋਜ ਕਰਨ ਬਾਰੇ ਵਿਚਾਰ ਬਣਾਇਆ। ਸੰਨ 1924 ਵਿਚ ਉਨ੍ਹਾਂ ਨੂੰ ਰਾਇਲ ਸੁਸਾਇਟੀ ਲੰਡਨ ਦਾ ਫੈਲੋ ਚੁਣਿਆ ਗਿਆ। ਚਾਰ ਸਾਲ ਬਾਅਦ 1928 ਵਿਚ ਦੱਖਣੀ ਭਾਰਤ ਵਿਗਿਆਨ ਸੰਸਥਾ ਅਤੇ ਸੈਂਟਰ ਕਾਲਜ ਬੰਗਲੌਰ ਦੇ ਸਾਇੰਸ ਕਲੱਬ ਦੀ ਸਾਂਝੀ ਮੀ-ਟਿੰਗ 'ਚ ਉਨ੍ਹਾਂ ਨੇ ਆਪਣੀ ਖੋਜ 'ਰਮਨ ਇਫੈਕਟ' ਬਾਰੇ ਐਲਾਨ ਕੀਤਾ। ਵਿਗਿਆਨ ਦੇ ਖੇਤਰ ਵਿਚ ਕੀਤੇ ਗਏ ਇਸੇ ਖੋਜ ਕਾਰਜ ਕਾਰਨ ਉਨ੍ਹਾਂ ਨੂੰ 1929 ਵਿਚ 'ਸਰ' ਦੀ ਉਪਾਧੀ ਨਾਲ ਨਿਵਾਜਿਆ ਗਿਆ ਅਤੇ 1930 ਵਿਚ 'ਨੋਬਲ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਸੰਨ 1934 ਵਿਚ ਉਹ ਆਈਆਈਐੱਸਸੀ, ਬੰਗਲੌਰ ਦੇ ਡਾਇਰੈਕਟਰ ਬਣੇ ਜਿੱਥੇ ਉਹ ਸੇਵਾ ਮੁਕਤੀ ਤਕ ਰਹੇ। ਰਿਟਾਇਰ ਹੋਣ ਤੋਂ ਬਾਅਦ ਉਨ੍ਹਾਂ ਨੇ ਬੰਗਲੌਰ ਵਿਚ ਪਹਿਲਾਂ 'ਰਮਨ ਇੰਸਟੀਚਿਊਟ' ਅਤੇ ਬਾਅਦ ਵਿਚ 'ਇੰਡੀਅਨ ਅਕੈਡਮੀ ਆਫ ਸਾਇੰਸਜ਼' ਦੀ ਸਥਾਪਨਾ ਕੀਤੀ। ਭਾਰਤ ਸਰਕਾਰ ਵੱਲੋਂ ਵਿਗਿਆਨਕ ਯੋਗਦਾਨ ਲਈ ਸੰਨ 1954 ਵਿਚ ਉਨ੍ਹਾਂ ਨੂੰ ਭਾਰਤ ਰਤਨ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਇੱਕੀ ਨਵੰਬਰ 1970 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਇੱਛਾ ਅਨੁਸਾਰ 'ਰਮਨ ਇੰਸਟੀਚਿਊਟ' ਦੇ ਬਗੀਚੇ ਵਿਚ ਹੀ ਉਨ੍ਹਾਂ ਦਾ ਕਿਰਿਆ-ਕਰਮ ਕੀਤਾ ਗਿਆ।

ਉਹ ਇਕ ਸਾਦਾ ਤੇ ਭਾਵੁਕ ਇਨਸਾਨ ਸਨ। ਉਹ ਇਹ ਵਿਚਾਰ ਰੱਖਦੇ ਸਨ ਕਿ ਭਾਰਤ ਦੀਆਂ ਸਮੱਸਿਆਵਾਂ ਦਾ ਹੱਲ ਕੇਵਲ ਵਿਗਿਆਨ ਕੋਲ ਹੀ ਹੈ ਅਤੇ ਸਾਨੂੰ ਆਪਣੀਆਂ ਮੁਸ਼ਕਲਾਂ ਦੇ ਹੱਲ ਲਈ ਪੱਛਮ ਵੱਲ ਨਹੀਂ ਝਾਕਣਾ ਚਾਹੀਦਾ ਬਲਕਿ ਉਨ੍ਹਾਂ ਦੇ ਹੱਲ ਆਪ ਲੱਭਣੇ ਚਾਹੀਦੇ ਹਨ। ਸੀ. ਵੀ. ਰਮਨ ਇਕ ਮਹਾਨ ਵਿਗਿਆਨੀ ਹੀ ਨਹੀਂ ਬਲਕਿ ਪੱਕੇ ਦੇਸ਼ ਭਗਤ ਵੀ ਸਨ। ਸੀ. ਵੀ. ਰਮਨ ਨੇ ਜੀਵਨ ਕਾਲ ਵਿਚ ਨਗਾਂ, ਮਿਨਰਲਾਂ ਤੇ ਹੋਰ ਕੁਝ ਦਿਲਚਸਪ ਵਸਤਾਂ ਦੀ ਕੁਲੈਕਸ਼ਨ ਇਕੱਠੀ ਕੀਤੀ ਹੋਈ ਸੀ ਜੋ ਰਮਨ ਰਿਸਰਚ ਇੰਸਟੀਚਿਊਟ ਵਿਖੇ ਪ੍ਰਦਰਸ਼ਿਤ ਕੀਤੀ ਗਈ ਹੈ ਜਿੱਥੇ ਉਨ੍ਹਾਂ ਨੇ ਪੜ੍ਹਾਇਆ ਤੇ ਕੰਮ ਕੀਤਾ ਸੀ।

# ਸੇਵਾ ਮੁਕਤ ਪ੍ਰਿੰਸੀਪਲ ਸ੍ਰੀ ਵਿਜੈ ਗਰਗ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ

ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮੰਡੀ ਹਰਜੀ ਰਾਮ ਮਲੋਟ ਤੋਂ ਸੇਵਾ ਮੁਕਤ ਹੋਏ ਪ੍ਰਿੰਸੀਪਲ ਸ੍ਰੀ ਵਿਜੈ ਗਰਗ ਦਾ ਸਕੂਲ ਪ੍ਰਤੀ ਦਿੱਤੀਆਂ ਬੇ-ਹਤਰੀਨ ਸੇਵਾਵਾਂ ਕਰਕੇ ਸਕੂਲ ਪ੍ਰਿੰਸੀਪਲ ਸ: ਬਲਜੀਤ ਸਿੰਘ ਦੀ ਅਗਵਾਈ ਵਿੱਚ ਸਮੂਹ ਸਟਾਫ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਜਸਵਿੰਦਰ ਸਿੰਘ ਡੀ ਪੀ ਈ ਨੇ ਸ੍ਰੀ ਵਿਜੈ ਗਰਗ ਦੁਆਰਾ ਸਕੂਲ ਪ੍ਰਤੀ ਦਿੱਤੀਆਂ ਬੇਹਤਰੀਨ



ਸੇਵਾਵਾਂ ਦਾ ਜ਼ਕਿਰ ਕੀਤਾ ਅਤੇ ਇਸ ਪਿਰਤ ਨੂੰ ਕਾਇਮ ਰੱਖਣ ਲਈ ਵਿਸ਼ਵਾਸ ਦਵਾਇਆ, ਪ੍ਰਿੰਸੀਪਲ ਸ: ਬਲਜੀਤ ਸਿੰਘ ਨੇ ਸ੍ਰੀ ਵਿਜੈ ਗਰਗ ਦੇ ਪਾਏ ਪੂਰਨਿਆਂ ਤੇ ਚੱਲਣ ਦਾ ਵਿਸ਼ਵਾਸ ਦਿਵਾਇਆ ਅਤੇ ਕਿਹਾ ਸਕੂਲ ਨੂੰ ਹਮੇਸ਼ਾ ਮੋਹਰੀ ਰੱਖਣ ਲਈ ਯਤਨ-ਸ਼ੀਲ ਰਹਿਣਗੇ, ਇਸ ਮੌਕੇ ਸੀਨੀਅਰ ਲੈਕਚਰਾਰ ਸ: ਅਮਰਜੀਤ ਸਿੰਘ ਤੋਂ ਇਲਾਵਾ ਸਮੂਹ ਸਟਾਫ ਹਾਜ਼ਰ ਸੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ, ਰਵਿਦਾਸ ਦਾਸ ਪੈਰਾਧੀਨ ਕੌ ਕੌਣ ਕਰੈ ਹੈ ਪ੍ਰੀਤ

# ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ






ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ 7 ਮਾਰਚ 2021 ਦਿਨ ਐਤਵਾਰ ਨੂੰ ਮਨਾਏ ਜਾਣ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ









# Prem Badhan

ਸਾਬਕਾ ਸਹਾਇਕ ਕੈਸ਼ੀਅਰ
ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)

## ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)
ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ
644ਵਾਂ ਪ੍ਰਕਾਸ਼ ਦਿਹਾੜਾ 7 ਮਾਰਚ 2021 ਦਿਨ
ਐਤਵਾਰ ਨੂੰ ਮਨਾਏ ਜਾਣ ਦੀਆਂ ਸਮੂਹ
ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

## ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:
650-642-0697

## 3525 Highway 99, West Corning, CA 96021
Across the Street from TA Truck Stop

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮਹਾਰੇ ਲੇਖੇ ॥ ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥



# ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ 7 ਮਾਰਚ 2021 ਦਿਨ ਐਤਵਾਰ ਨੂੰ ਮਨਾਏ ਜਾਣ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ



## Santokh Narr and his Family

Former President of
Sri Guru Ravidass Sabha Fresno (CA)


# HAPPY BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com






# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com

ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ
ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)






ਗੁਰੂ ਪਿਆਰੀ ਸਾਧ ਸੰਗਤ ਜੀ
ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ
ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ
7 ਮਾਰਚ 2021 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ

## ਪ੍ਰੋਗਰਾਮਾਂ ਦਾ ਵੇਰਵਾ

ਸ੍ਰੀ ਅਖੰਡ ਪਾਠ ਸਾਹਿਬ 5 ਮਾਰਚ 2021 ਦਿਨ ਸ਼ੁੱਕਰਵਾਰ ਨੂੰ ਰੱਖੇ ਜਾਣਗੇ
ਅਤੇ ਭੋਗ 7 ਮਾਰਚ 2021 ਦਿਨ ਐਤਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ।

ਭੋਗ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ।
ਨਿਸ਼ਾਨ ਸਾਹਿਬ ਦੀ ਸੇਵਾ 6 ਮਾਰਚ ਦਿਨ ਸ਼ਨਿਚਰਵਾਰ ਨੂੰ ਸ਼ਾਮੀ 5 ਵਜੇ ਹੋਵੇਗੀ।
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਵੱਧ-ਚੜ੍ਹ ਕੇ ਆਪਣੀਆਂ
ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਹੋਰ ਜਾਣਕਾਰੀ ਲਈ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਰਾਮ ਸਿੰਘ ਜੀ ਨਾਲ 559-486-3091 'ਤੇ ਸੰਪਰਕ ਕਰੋ ਜੀ**

*(ਨੋਟ- ਸੰਗਤਾਂ ਨੂੰ ਬੇਨਤੀ ਹੈ ਕਿ ਕਰੋਨਾ ਵਾਇਰਸ ਨੂੰ ਮੁੱਖ ਰੱਖਦਿਆਂ ਕਾਉਂਟੀ ਦੀਆਂ ਹਦਾਇਤਾਂ ਦਾ ਪੂਰਨ ਪਾਲਣ ਕੀਤਾ ਜਾਵੇ ਜੀ)*


ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਦੀ ਪ੍ਰਬੰਧਕ ਕਮੇਟੀ ਦਾ ਇਕ ਫਾਈਲ ਚਿੱਤਰ

**Shri Guru Ravidass Sabha (CV) Fresno (California)**
**5025 S. Cherry Ave., Fresno (California) 93706**

# ਅਨਸ ਸਰਵਰ ਬਣਿਆ ਲੇਬਰ ਪਾਰਟੀ ਦਾ ਹੁਣ ਤੱਕ ਦਾ ਪਹਿਲਾ ਗ਼ੈਰ- ਗੋਰਾ ਪਾਰਟੀ ਲੀਡਰ

**ਗਲਾਸਗੋ/ਲੰਡਨ–** ਸਕਾਟਲੈਂਡ ਵਿੱਚ ਲੇਬਰ ਪਾਰਟੀ ਦੇ ਨਵੇਂ ਲੀਡਰ ਦੇ ਰੂਪ ਵਿੱਚ ਅਨਸ ਸਰਵਰ ਦਾ ਨਾਮ ਐਲਾਨਿਆ ਗਿਆ ਹੈ। ਗਲਾਸਗੋ ਦੇ ਐਮ ਐਸ ਪੀ ਅਨਸ ਸਰਵਰ ਨੇ ਲੀਡਰਸ਼ਿਪ ਦੀ ਇਸ ਦੌੜ ਵਿੱਚ ਇਕਲੌਤੀ ਉਮੀਦਵਾਰ ਮੋਨਿਕਾ ਲੈਨਨ ਨੂੰ ਹਰਾਇਆ ਹੈ। ਸਕਾਟਿਸ਼ ਲੇਬਰ ਪਾਰਟੀ ਦੇ ਪਿਛਲੇ ਲੀਡਰ ਰਿਚਰਡ ਲਿਓਨਾਰਡ ਦੁਆਰਾ ਇਸ ਅਹੁਦੇ ਤੋਂ ਅਸਤੀਫ਼ਾ ਦੇਣ ਦੇ ਬਾਅਦ ਇਹ ਮੁਕਾਬਲਾ ਸ਼ੁਰੂ ਕੀਤਾ ਗਿਆ ਸੀ। ਅਨਸ ਸਰਵਰ ਨੇ 6 ਮਈ ਨੂੰ ਹੋਣ ਵਾਲੀ ਸਕਾਟਿਸ਼ ਸੰਸਦ ਦੀ ਚੋਣ ਤੋਂ ਪਹਿਲਾਂ ਲੇਬਰ ਪਾਰਟੀ ਦਾ ਕਾਰਜਭਾਰ ਸੰਭਾਲਿਆ ਹੈ। ਸਰਵਰ ਜੋ ਕਿ ਯੂਕੇ ਦੀ ਇੱਕ ਵੱਡੀ ਰਾਜਨੀਤਿਕ ਪਾਰਟੀ ਦੇ ਪਹਿਲੇ ਗੈਰ ਗੋਰੇ ਨੇਤਾ ਹਨ, ਨੇ ਲੀਡਰਸ਼ਿਪ ਦੀ ਇਸ ਦੌੜ ਵਿੱਚ 57.6% ਵੋਟਾਂ ਪ੍ਰਾਪਤ ਕੀਤੀਆਂ, ਜਦ ਕਿ ਮੋਨਿਕਾ ਲੈਨਨ ਨੂੰ 42.4% ਵੋਟਾਂ ਪ੍ਰਾਪਤ ਹੋਈਆਂ। ਇਸ ਮੌਕੇ ਅਨਸ ਸਰਵਰ ਨੇ ਸਕਾਟਲੈਂਡ ਦੇ ਲੋਕਾਂ ਨੂੰ ਪਾਰਟੀ ਦੇ ਵਿਕਾਸ



ਅਤੇ ਲੋਕ ਹਿਤੂ ਰਾਜਨੀਤੀ ਲਈ ਦਿਨ ਰਾਤ ਕੰਮ ਕਰਨ ਦਾ ਵਿਸ਼ਵਾਸ ਦਿਵਾਇਆ। ਸਕਾਟਿਸ਼ ਲੇਬਰ ਪਾਰਟੀ ਦੇ ਨਵੇਂ ਚੁਣੇ ਗਏ ਨੇਤਾ ਅਨਸ ਸਰਵਰ ਨੂੰ ਪਾਰਟੀ ਦੇ ਸਾਬਕਾ ਨੇਤਾ ਲਿਓਨਾਰਡ ਤੋਂ ਇਲਾਵਾ ਫਸਟ ਮਨਿਸਟਰ ਨਿਕੋਲਾ ਸਟਰਜਨ ਅਤੇ ਹੋਰ ਲੀਡਰਾਂ ਨੇ ਵੀ ਵਧਾਈ ਦਿੱਤੀ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕਿਸੇ ਵੀ ਵੱਡੀ ਰਾਜਨੀਤਿਕ ਪਾਰਟੀ ਨੇ ਗੈਰ ਗੋਰੇ ਘੱਟ ਗਿਣਤੀ ਨਸਲੀ ਸਮੂਹ ਵਿਚੋਂ ਕਿਸੇ ਨੇਤਾ ਦੀ ਚੋਣ ਨਹੀਂ ਕੀਤੀ ਸੀ, ਇਸ ਲਈ ਇੱਕ ਰਾਜਨੀਤਕ ਪਾਰਟੀ ਦਾ ਨੇਤਾ ਬਨਣਾ ਮੁਸਲਿਮ ਭਾਈਚਾਰੇ ਨਾਲ ਸੰਬੰਧਿਤ ਸਰਵਰ ਲਈ ਮਾਨ ਦੀ ਗੱਲ ਹੈ।


ਇੱਥੇ ਇਹ ਵੀ ਦੱਸਣਯੋਗ ਹੈ ਕਿ ਅਨਸ ਸਰਵਰ ਪਾਕਿਸਤਾਨੀ ਪੰਜਾਬ ਦੇ ਮੌਜੂਦਾ ਗਵਰਨਰ ਤੇ ਗਲਾਸਗੋ ਤੋਂ ਲੇਬਰ ਪਾਰਟੀ ਦੇ ਸਾਬਕਾ ਮੈਂਬਰ ਪਾਰਲੀਮੈਂਟ ਚੌਧਰੀ ਮੁਹੰਮਦ ਸਰਵਰ ਦੇ ਬੇਟੇ ਹਨ।

## ਬਰਤਾਨੀਆ ਦੇ ਸੰਗੀਤ ਪ੍ਰੇਮੀਆਂ ਵੱਲੋਂ ਸਰਦੂਲ ਸਿਕੰਦਰ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

**ਗਲਾਸਗੋ/ਲੰਡਨ–** ਪੰਜਾਬੀ ਸੰਗੀਤ ਜਗਤ ਵਿੱਚ ਸੁਰਾਂ ਦੇ ਸਿਕੰਦਰ ਵਜੋਂ ਜਾਣੇ ਜਾਂਦੇ ਸਰਦੂਲ ਸਿਕੰਦਰ ਦਾ ਅਕਾਲ ਚਲਾਣਾ ਦੁਖਦਾਇਕ ਹੈ। ਇੱਕ ਚਲਦੀ ਫਿਰਦੀ ਸੰਗੀਤ ਦੀ ਯੂਨੀਵਰਸਿਟੀ, ਸ਼ਬਦਕੋਸ਼ ਸੀ ਸਰਦੂਲ ਸਿਕੰਦਰ। ਉਹਨਾਂ ਦੇ ਜਹਾਨੋਂ ਰੁਖ਼ਸਤ ਹੋਣ 'ਤੇ ਹਰ ਸੰਗੀਤ ਪੈਰੇਮੀ ਗ਼ਮ ਵਿੱਚ ਹੈ। ਬਰਤਾਨੀਆ ਦੀ ਧਰਤੀ ਤੋਂ ਗੁਰੂ ਨਾਨਕ ਯੂਨੀਵਰਸਲ ਸੇਵਾ (ਯੂਕੇ) ਵੱਲੋਂ ਉੱਘੇ ਸ਼ਾਇਰ ਡਾ. ਤਾਰਾ ਸਿੰਘ ਆਲਮ, ਜਸਵੀਰ ਸਿੰਘ ਮਠਾੜੂ, ਗਾਡਫਾਦਰ ਆਫ ਭੰਗੜਾ ਵਜੋਂ ਜਾਣੇ ਜਾਂਦੇ ਗਾਇਕ ਚੰਨੀ ਸਿੰਘ ਅਲਾਪ, ਕਿੰਗ ਆਫ ਸਟੇਜ ਪੈਰੇਮੀ ਜੌਹਲ, ਬਾਲੀਵੁੱਡ ਪਾਲੀਵੁੱਡ ਗਾਇਕ ਜਨਾਬ ਮੰਗਲ ਸਿੰਘ, ਸਫ਼ਰੀ ਬੁਆਇਜ਼ ਵੱਲੋਂ ਬਲਵਿੰਦਰ ਸਫ਼ਰੀ ਜੀ, ਗਾਇਕ ਕੁਲਵੰਤ ਭੰਮਰਾ ਜੀ, ਭੁਝੰਗੀ ਗਰੁੱਪ ਦੇ ਬਲਵੀਰ ਭੁਝੰਗੀ ਜੀ, ਗਾਇਕ ਪਲਵਿੰਦਰ ਧਾਮੀ, ਗਾਇਕ ਕੁਮਾਰ ਹੀਰਾ, ਗਾਇਕ ਰਾਜ ਸੇਖੋਂ, ਸ਼ਾਇਰ ਤੇ ਰੇਡੀਓ ਪੇਸ਼ਕਾਰ ਬਿੱਟੂ ਖੰਗੂੜਾ, ਗਾਇਕ ਤੇ ਰੇਡੀਓ ਪੰਜ ਦੇ ਡਾਇਰੈਕਟਰ ਜਸਵਿੰਦਰ ਸ਼ਿੰਦਾ ਸੁਰੀਲਾ, ਫਿਲਮ ਅਦਾਕਾਰ ਚਰਨਜੀਤ ਸੰਧੂ, ਵਿਸ਼ਵ ਪੈਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਗਲਾਸਗੋ ਦੇ ਪੈਰਸਿੱਧ ਕਾਰੋਬਾਰੀ ਤੇ ਸਮਾਜਸੇਵੀ ਸੋਹਣ ਸਿੰਘ ਰੰਧਾਵਾ, ਗਾਇਕ ਤੇ ਪੇਸ਼ਕਾਰ ਕਰਮਜੀਤ ਮੀਨੀਆਂ, ਗਾਇਕ ਤੇ ਸਮਾਜਸੇਵੀ ਸੋਢੀ ਬਾਗੜੀ, ਗਾਇਕ ਸੁੱਖੀ ਦੁਸਾਂਝ, ਲੇਖਕ ਅਮਰ ਮੀਨੀਆਂ, ਪੈਰਸਿੱਧ ਕਾਰੋਬਾਰੀ ਦਲਜਿੰਦਰ ਸਿੰਘ ਸਮਰਾ ਗੋਰਸੀਆਂ ਮੱਖਣ, ਕਾਰੋਬਾਰੀ ਲਖਵੀਰ ਸਿੰਘ ਸਿੱਧੂ, ਵੀਡੀਓ ਡਾਇਰੈਕਟਰ ਤੇ ਪਾਂਗਲੀ ਪੈਰੋਡਕਸ਼ਨ ਦੇ ਕਰਤਾ ਧਰਤਾ ਸਿਮਰ ਪਾਂਗਲੀ, ਗਾਇਕ ਪੰਮਾ ਲਸਾੜੀਆ, ਗੀਤਕਾਰ ਹਰਜਿੰਦਰ ਮੱਲ ਕਲੇਰਾਂ ਵਾਲਾ, ਪੰਜਾਬੀ ਸਾਹਿਤ ਕਲਾ ਕੇਂਦਰ ਸਾਊਥਾਲ ਦੀ ਪੈਰਧਾਨ ਸ਼ਾਇਰਾ ਕੁਲਵੰਤ ਕੌਰ ਢਿੱਲੋਂ, ਕਵਿੱਤਰੀ ਤੇ ਕਹਾਣੀਕਾਰਾ ਭਿੰਦਰ ਜਲਾਲਾਬਾਦੀ, ਸ਼ਾਇਰਾ ਮਨਜੀਤ ਕੌਰ ਪੱਡਾ, ਪੈਰਸਿੱਧ ਸ਼ਾਇਰਾ ਡਾ: ਅਮਰ ਜਯੋਤੀ, ਲਖਵਿੰਦਰ ਸਿੰਘ ਗਿੱਲ ਕੋਕਰੀ (ਪਿੰਕ ਸਿਟੀ ਹੇਜ਼), ਗੁਰਮੀਤ ਸਿੱਧੂ ਹਿੰਮਤਪੁਰਾ, ਪੈਰਸਿੱਧ ਕਾਰੋਬਾਰੀ ਇਕਬਾਲ ਕਲੇਰ ਆਦਿ ਵੱਲੋਂ ਸਰਦੂਲ ਸਿਕੰਦਰ ਦੇ ਵਿਛੋੜੇ ਨੂੰ ਸੰਗੀਤ ਜਗਤ ਲਈ ਕਾਲਾ ਦਿਨ ਆਖਿਆ ਹੈ। ਉਹਨਾਂ ਕਿਹਾ ਕਿ ਸਰਦੂਲ ਸਿਕੰਦਰ ਵਰਗਾ ਗੁਣੀ, ਮਿੱਠਬੋਲੜਾ, ਵਿਵਾਦ ਰਹਿਤ, ਹੱਲਾਸ਼ੇਰੀ ਦਾ ਖ਼ਜ਼ਾਨਾ ਇਨਸਾਨ ਸਦੀਆਂ ਬਾਅਦ ਪੈਦਾ ਹੁੰਦਾ ਹੈ। ਸਰਦੂਲ ਸਿਕੰਦਰ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

## ਕਪਤਾਨ ਸਰ ਟੌਮ ਮੂਰ ਦੀ ਯਾਦ ਨਾਲ ਸੰਬੰਧਿਤ ਆਨਲਾਈਨ ਕਿਤਾਬ ਵਿੱਚ ਆਇਆ ਸੰਦੇਸ਼ਾਂ ਦਾ ਹੜ੍ਹ

**ਗਲਾਸਗੋ/ਲੰਡਨ–** ਕਪਤਾਨ ਸਰ ਟੌਮ ਮੂਰ ਦੇ ਜੀਵਨ ਨੂੰ ਯਾਦ ਕਰਨ ਲਈ ਇੱਕ ਆਨਲਾਈਨ ਸ਼ੋਕ ਕਿਤਾਬ ਸ਼ੁਰੂ ਕੀਤੀ ਗਈ ਹੈ ਜੋ ਕਿ ਕੁੱਝ ਘੰਟਿਆਂ ਵਿੱਚ ਭਾਵਨਾਤਮਕ ਸੰਦੇਸ਼ਾਂ ਨਾਲ ਭਰੀ ਗਈ। 100 ਸਾਲਾ ਦੂਜੇ ਵਿਸ਼ਵ ਯੁੱਧ ਦੇ ਅਨੁਭਵੀ ਸੈਨਿਕ ਟੌਮ ਮੂਰ ਦੀ ਨਿਮੋਨੀਆ ਅਤੇ ਕੋਵਿਡ -19 ਦੀਆਂ ਸਮੱਸਿਆਵਾਂ ਨਾਲ ਪੀੜਤ ਹੋਣ ਤੋਂ ਬਾਅਦ 2 ਫਰਵਰੀ ਨੂੰ ਹਸਪਤਾਲ ਵਿਚ ਮੌਤ ਹੋ ਗਈ ਸੀ। ਸਰ ਟੌਮ ਮੂਰ ਦੀਆਂ ਅੰਤਿਮ ਰਸਮਾਂ ਇਸ ਹਫਤੇ ਦੇ ਅੰਤ ਵਿੱਚ ਹੋਣੀਆਂ ਹਨ, ਪਰ ਇਸ ਵਿੱਚ ਉਸ ਦਾ ਨੇੜਲਾ ਪਰਿਵਾਰ ਹੀ ਬੈਡ-ਫੋਰਡਸ਼ਾਇਰ ਵਿੱਚ ਸ਼ਿਰਕਤ ਕਰੇਗਾ। ਕਪਤਾਨ ਟੌਮ ਮੂਰ ਦੇ ਪਰਿਵਾਰ ਨੇ ਵੀਰਵਾਰ ਨੂੰ ਜਨਤਕ ਤੌਰ 'ਤੇ ਉਹਨਾਂ ਦੇ ਸਨਮਾਨ ਵਿੱਚ ਸੁਨੇਹੇ ਸਾਂਝੇ ਕਰਨ ਲਈ




ਕਪਤਾਨ ਸਰ ਟੌਮ ਮੂਰ ਦੀ ਜ਼ਿੰਦਗੀ ਦਾ ਜਸ਼ਨੋਂ ਨਾਮੀ ਇੱਕ ਆਨਲਾਈਨ ਸ਼ੋਕ ਕਿਤਾਬ ਜਾਰੀ ਕੀਤੀ ਹੈ। ਕੁਡੋਬਾਰਡ ਉੱਪਰ ਇਸ ਕਿਤਾਬ ਦਾ ਲਿੰਕ ਸਾਂਝੇ ਕਰਨ ਤੋਂ ਕੁੱਝ ਘੰਟਿਆਂ ਬਾਅਦ, ਇਸਦਾ ਪੇਜ ਸਰ ਟੌਮ ਮੂਰ ਪ੍ਰਤੀ ਸੈਂਕੜੇ ਜਜ਼ਬਾਤੀ ਸੰਦੇਸ਼ਾਂ ਜਿਵੇਂ ਕਿ ਸੱਚਾ ਨਾਇਕੋ, ਸੰਪੂਰਣ ਨਾਇਕ ਆਦਿ ਨਾਲ ਭਰ ਗਿਆ। ਸਰ ਟੌਮ ਮੂਰ ਨੇ ਐਨ ਐਚ ਐਸ ਚੈਰਿਟੀਜ਼ ਲਈ ਫੰਡ ਇਕੱਠਾ ਕਰਕੇ ਤਾਲਾਬੰਦੀ ਦੌਰਾਨ ਪੂਰੇ ਦੇਸ਼ ਦਾ ਦਿਲ ਜਿੱਤ ਲਿਆ ਸੀ। ਇਹ ਸ਼ੋਕ ਕਿਤਾਬ ਸਰ ਟੌਮ ਮੂਰ ਦੀ ਯਾਦ ਵਿੱਚ ਤਾਜ਼ਾ ਪਹਿਲ ਹੈ, ਇਸਦੇ ਇਲਾਵਾ ਟੌਮ ਦੇ ਸਨਮਾਨ ਵਿੱਚ ਵਿਸ਼ਵ ਭਰ ਵਿੱਚ ਰੁੱਖ ਵੀ ਲਗਾਏ ਜਾਣਗੇ।

## ਦੇਸ਼-ਵਿਦੇਸ਼ ਦੇ ਕੁਸ਼ਤੀ ਪ੍ਰੇਮੀਆਂ ਵੱਲੋਂ ਅੰਤਰ ਰਾਸ਼ਟਰੀ ਪਹਿਲਵਾਨ ਤੇ ਕੋਚ ਦੇਵਾਨੰਦ ਦੀ ਮੌਤ ਦੇ ਦੁੱਖ ਦਾ ਪ੍ਰਗਟਾਵਾ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਹੰਸ ਰਾਜ ਸਟੇਡੀਅਮ ਜਲੰਧਰ ਦੇ ਅੰਤਰ ਰਾਸ਼ਟਰੀ ਪਹਿ-ਲਵਾਨ ਤੇ ਕੋਚ ਦੇਵਾਨੰਦ ਦੀ ਅਚ-ਨਚੇਤ ਹਾਦਸਾ ਹੋਣ ਕਾਰਨ ਮੌਤ ਦੀ ਖਬਰ ਸੁਣ ਕੇ ਦੇਸ਼-ਵਿਦੇਸ਼ ਦੇ ਕੁਸ਼ਤੀ ਪ੍ਰੇਮੀਆਂ ਵੱਲੋਂ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਪੰਜਾਬੀ ਕੁਸ਼ਤੀ ਸੰਸਥਾ ਦੇ ਪ੍ਰਧਾਨ ਪਦਮ ਸ੍ਰੀ ਕਰਤਾਰ ਸਿੰਘ, ਸੀਨੀਅਰ ਉਪ



ਪ੍ਰਧਾਨ ਪੀ. ਆਰ. ਸੌਂਧੀ, ਉਪ ਪ੍ਰਧਾਨ ਜੋਰਾਵਰ ਸਿੰਘ ਚੌਹਾਨ ਤੇ ਜਨਰਲ ਸਕੱਤਰ ਜਗਜੀਤ ਸਿੰਘ ਸਰੋਆ ਅਤੇ ਸਾਬਕਾ ਸਕੱਤਰ ਸੋਹਣ ਸਿੰਘ ਸਮੇਤ ਸਮੂਹ ਅਹੁਦੇਦਾਰਾਂ, ਇੰਗਲੈਂਡ ਤੋਂ ਗੁਰਪਾਲਸਿੰਘ ਪੱਡਾ, ਟਰਾਂਟੋ ਤੋਂ ਗੁਰਦੇਵ ਸਿੰਘ ਪਹਿਲਵਾਨ, ਵੈਨਕੂਵਰ ਤੋਂ ਹਰਜੀਤ ਸਿੰਘ ਰਾਏਪੁਰ ਡੱਬਾ, ਅਖਾੜਿਆਂ ਦੇ ਉਸਤਾਦ ਸਤਨਾਮ ਸਿੰਘ ਜੌਹਲ, ਬਲਬੀਰ ਸਿੰਘ ਸ੍ਰੀ ਪਹਿਲਵਾਨ, ਬੂਟਾ ਸਿੰਘ ਢੀਂਡਸਾ, ਅਮਨ ਪਹਿਲਵਾਨ, ਕੈਲੇਫੋਰਨੀਆ ਤੋਂ ਗੁਰਪਾਲ ਸਿੰਘ ਪਹਿਲਵਾਨ, ਹਰਦੀਪ ਸਿੰਘ ਪਹਿਲਵਾਨ, ਸਿਆਟਲ ਤੋਂ ਜਸਦੇਵ ਸਿੰਘ ਧਾਲੀਵਾਲ ਕੋਚ ਤੇ ਜਗਜੀਤ ਸਿੰਘ ਵੱਡਾ ਪਿੰਡ (ਮੋਗਾ) ਸਮੇਤ ਅਨੇਕਾਂ ਖੇਡ ਪ੍ਰੇਮੀਆਂ ਨੇ ਦੇਵਾਨੰਦ ਦੀ ਅਚਨਚੇਤ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ।




ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਕੈਲੀਫੋਰਨੀਆ ਦੇ ਸਿਹਤ ਸੰਭਾਲ ਕਰਮਚਾਰੀ ਕਰ ਰਹੇ ਹਨ ਮਾਨਸਿਕ ਸਿਹਤ ਸੰਕਟ ਦਾ ਸਾਹਮਣਾ

**ਫਰਿਜ਼ਨੋ (ਕੈਲੀਫੋਰਨੀਆ), 28 ਫਰਵਰੀ 2021-** ਕੋਰੋਨਾ ਵਾਇਰਸ ਮਹਾਂਮਾਰੀ ਦੌਰਾਨ ਅਮਰੀਕੀ ਸੂਬਾ ਕੈਲੀਫੋਰਨੀਆ ਬਹੁਤ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਇਆ ਹੈ।ਕੈਲੀਫੋਰਨੀਆ ਤਕਰੀਬਨ 52,000 ਕੋਰੋਨਾਂ ਮੌਤਾਂ ਨਾਲ ਦੇਸ਼ ਦੀ ਅਗਵਾਈ ਕਰ ਰਿਹਾ ਹੈ।ਮੌਜੂਦਾ ਸਮੇਂ ਹਸਪਤਾਲਾਂ ਵਿੱਚ ਮਰੀਜ਼ਾਂ ਦੇ ਦਾਖਲੇ ਅਤੇ ਲਾਗ ਦੀ ਦਰ ਘੱਟ ਰਹੀ ਹੈ, ਪਰ ਕੋਰੋਨਾ ਵਾਇਰਸ ਦੇ ਸੰਕਟ ਕਰਕੇ ਕੁੱਝ ਸਿਹਤ ਕਰਮਚਾਰੀ ਮਾਨਸਿਕ ਸਿਹਤ ਸੰਕਟ ਦਾ ਸਾਹਮਣਾ ਕਰ ਰਹੇ ਹਨ।ਕੋਰੋਨਾ ਵਾਇਰਸ ਮਹਾਂਮਾਰੀ ਦੌਰਾਨ ਖਾਸ ਕਰਕੇ ਇੰ-ਟੈਂਸਿਵ ਕੇਅਰ ਯੂਨਿਟ (ਆਈ ਸੀ ਯੂ) ਵਿੱਚ ਕੰਮ ਕਰਨ ਵਾਲੇ ਸਿਹਤ ਕਰਮਚਾਰੀ ਜ਼ਿਆਦਾਤਰ ਮਾਨਸਿਕ ਸਿਹਤ ਸਮੱਸਿਆਵਾਂ ਤੋਂ ਪ੍ਰਭਾਵਿਤ ਹੋ ਰਹੇ ਹਨ। ਇਸ ਸੰਬੰਧੀ ਨਵੇਂ ਅਧਿਐਨ ਦਰਸਾਉਂਦੇ ਹਨ ਕਿ ਲਗਭਗ ਅੱਧੇ ਕਰਮਚਾਰੀ ਮਾਨਸਿਕ ਸਿਹਤ ਸਮੱਸਿਆਵਾਂ ਜਿਵੇਂ ਕਿ ਚਿੰਤਾ, ਉਦਾਸੀ,




ਇਨਸੌਮਨੀਆ ਆਦਿ ਦਾ ਸਾਹਮਣਾ ਕਰ ਰਹੇ ਹਨ। ਇਹਨਾਂ ਸਮੱਸਿਆਵਾਂ ਦੇ ਸੰਬੰਧ ਵਿੱਚ ਲਾਸ ਏਂਜਲਸ 'ਚ ਇੱਕ ਵੱਡੇ ਹਸਪਤਾਲ ਦੇ ਆਈ ਸੀ ਯੂ ਲਈ ਕਲੀਨਿਕਲ ਨਰਸਿੰਗ ਡਾਇਰੈਕਟਰ, ਰੇਬੇਕਾ ਸੰਡੋਵਾਲ ਅਨੁਸਾਰ ਇਹ ਇੱਕ ਲੰਮਾ ਸੰਘਰਸ਼ ਹੈ ਅਤੇ ਮਰੀਜ਼ਾਂ ਵਿੱਚ ਵਾਧੇ ਦੇ ਨਾਲ ਸਟਾਫ ਉੱਪਰ ਵੀ ਕੰਮ ਦਾ ਭਾਰ ਵਧ ਜਾਂਦਾ ਹੈ। ਇਸਦੇ ਇਲਾਵਾ ਸਿਹਤ ਸੰਭਾਲ ਕਰਮਚਾਰੀਆਂ ਦੇ ਤਣਾਅ ਵਿੱਚ ਵਾਧਾ ਹੋਣ ਦਾ ਕਾਰਨ ਉਹਨਾਂ ਦੇ ਕਮਿਊਨਿਟੀ ਮੈਂਬਰਾਂ ਦਾ ਹਸਪਤਾਲਾਂ ਵਿੱਚ ਦਾਖਲ ਹੋਣਾ ਵੀ ਹੈ। ਬਾਈਡੇਨ ਪ੍ਰਸ਼ਾਸਨ ਦੁਆਰਾ ਇਸ ਸਮੱਸਿਆ ਵਿੱਚ ਸਟਾਫ ਦੀ ਸਹਾਇਤਾ ਕਰਨ ਲਈ ਇੰਟੈਂਸਿਵ ਕੇਅਰ ਯੂਨਿਟ ਵਿੱਚ ਸਹਾਇਤਾ ਲਈ ਫੌਜਾਂ ਨੂੰ ਵੀ ਤਾਇਨਾਤ ਕੀਤਾ ਹੈ। ਸਰਕਾਰ ਦੇ ਇਸ ਕਦਮ ਨਾਲ ਸਿਹਤ ਕਰਮਚਾਰੀਆਂ ਦੀ ਸਹਾਇਤਾ ਹੋਣ ਦੇ ਨਾਲ ਉਹਨਾਂ ਦੀਆਂ ਮਾਨਸਿਕ ਸਮੱਸਿਆਵਾਂ ਵੀ ਘਟ ਸਕਦੀਆਂ ਹਨ।

# ਅਮਰੀਕਾ ਵਿੱਚ ਹਵਾਈ ਅੱਡਿਆਂ 'ਤੇ ਲਾਗੂ ਹੋਵੇਗਾ ਈਬੋਲਾ ਵਾਇਰਸ ਲਈ ਨਿਗਰਾਨੀ ਪ੍ਰੋਗਰਾਮ

**ਫਰਿਜ਼ਨੋ (ਕੈਲੀਫੋਰਨੀਆ), 27 ਫਰਵਰੀ 2021-** ਅਮਰੀਕਾ ਦੀ ਬਿਮਾਰੀ ਕੰਟਰੋਲ ਅਤੇ ਰੋਕਥਾਮ ਕੇਂਦਰ(ਸੀ.ਡੀ.ਸੀ) ਸੰਸਥਾ ਨੇ ਸ਼ੁੱਕਰਵਾਰ ਨੂੰ ਐਲਾਨ ਕਰਦਿਆਂ ਦੱਸਿਆ ਕਿ ਦੇਸ਼ ਵਿੱਚ ਜਲਦੀ ਹੀ ਈਬੋਲਾ ਵਾਇਰਸ ਨਾਲ ਪ੍ਰਭਾਵਿਤ ਦੋ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਦੀ ਨਿਗਰਾਨੀ ਕੀਤੀ ਜਾਵੇਗੀ।


ਇਸ ਸੰਬੰਧੀ ਸੀ.ਡੀ.ਸੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਗਲੇ ਹਫ਼ਤੇ ਤੋਂ, ਗਿੰਨੀ ਅਤੇ ਡੈਮੋਕਰੇਟਿਕ ਰੀਪਬਲਿਕ ਆਫ ਕਾਂਗੋ ਤੋਂ ਆਉਣ ਵਾਲੇ ਯਾਤਰੀਆਂ ਨੂੰ ਛੇ ਅਮਰੀਕੀ ਹਵਾਈ ਅੱਡਿਆਂ 'ਤੇ ਵੇਖਿਆ ਜਾਵੇਗਾ। ਜਿਥੇ ਉਹਨਾਂ ਦੀ ਜਾਣਕਾਰੀ ਇਕੱਠੀ ਕਰਨ ਦੇ ਨਾਲ ਸਥਾਨਕ ਸਿਹਤ ਅਧਿਕਾਰੀਆਂ ਨਾਲ ਸਾਂਝੀ ਵੀ ਕੀਤੀ ਜਾਵੇਗੀ। ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਦੇ ਅਨੁਸਾਰ 25 ਫਰਵਰੀ ਤੱਕ ਗਿੰਨੀ ਵਿੱਚ ਈਬੋਲਾ ਦੇ ਨੌਂ ਕੇਸ ਸਾਹਮਣੇ ਆਏ ਹਨ, ਜਿਸ ਦੇ ਨਤੀਜੇ ਵਜੋਂ



ਪੰਜ ਮੌਤਾਂ ਹੋਈਆਂ ਹਨ ਅਤੇ ਇਸਦੇ ਅੱਠ ਮਾਮਲੇ ਡੈਮੋਕਰੇਟਿਕ ਰੀਪਬਲਿਕ ਆਫ ਕਾਂਗੋ ਵਿੱਚ ਵੀ ਸਾਹਮਣੇ ਆਏ ਹਨ, ਜਿੱਥੇ ਕਿ ਚਾਰ ਮੌਤਾਂ ਹੋਈਆਂ ਹਨ। ਸੀ.ਡੀ.ਸੀ ਅਨੁਸਾਰ ਏਅਰ ਲਾਈਨਜ਼ ਪਿਛਲੇ 21 ਦਿਨਾਂ ਦੇ ਅੰਦਰ ਕਾਂਗੋ ਜਾਂ ਗਿੰਨੀ ਵਿੱਚੋਂ ਸਵਾਰ ਸਾਰੇ ਯਾਤਰੀਆਂ ਦੀ ਜਾਣਕਾਰੀ ਇਕੱਠੀ ਕਰਕੇ ਸੀ.ਡੀ ਸੀ ਨੂੰ ਦੇਣਗੀਆਂ ਅਤੇ ਇਸਦੇ ਨਾਲ ਹੀ ਇਹ ਜਾਣਕਾਰੀ ਅਮਰੀਕਾ ਦੇ ਰਾਜਾਂ ਨਾਲ ਸਾਂਝੀ ਕੀਤੀ ਜਾਵੇਗੀ । ਇਸ ਪ੍ਰਕਿਰਿਆ ਦੇ ਅਧੀਨ ਨਿਊਯਾਰਕ ਵਿਚ ਜੌਨ ਐੱਫ. ਕੈਨੇਡੀ, ਵਾਸ਼ਿੰਗਟਨ ਡੀ.ਸੀ. ਤੋਂ ਬਾਹਰ ਡੂਲੇਸ, ਸਿਕਾਗੋ ਵਿਚ ਓਹਾਰੇ, ਐਟਲਾਂਟਾ ਵਿਚ ਹਾਰਟਸ ਫੀਲਡ-ਜੈਕਸਨ, ਲਾਸ ਏਂਜਲਸ ਅੰਤਰਰਾਸ਼ਟਰੀ ਹਵਾਈ ਅੱਡਾ ਅਤੇ ਨਿਊਯਾਰਕ ਤੋਂ ਬਾਹਰ ਨੇਵਾਰਕ ਲਿਬਰਟੀ ਆਦਿ ਨੂੰ ਇਸ ਵਾਇਰਸ ਦੀ ਨਿਗਰਾਨੀ ਲਈ ਕੇਂਦਰ ਬਿੰਦੂ ਮੰਨਿਆ ਜਾ ਰਿਹਾ ਹੈ।

# ਅਮਰੀਕਾ ਵਿੱਚ ਲੱਖਾਂ ਪਰਿਵਾਰਾਂ ਨੂੰ ਮਿਲ ਸਕਦੀ ਹੈ 50 ਡਾਲਰ ਪ੍ਰਤੀ ਮਹੀਨਾ ਇੰਟਰਨੈੱਟ ਸਬਸਿਡੀ

**ਫਰਿਜ਼ਨੋ (ਕੈਲੀਫੋਰਨੀਆ), 27 ਫਰਵਰੀ 2021-** ਅਮਰੀਕਾ ਵਿੱਚ ਲੱਖਾਂ ਘੱਟ ਆਮਦਨੀ ਵਾਲੇ ਪਰਿਵਾਰਾਂ ਅਤੇ ਪਿਛਲੇ ਸਾਲ ਨੌਕਰੀ ਵਿੱਚ ਸਮੱਸਿਆ ਦਾ ਸਾਹਮਣਾ ਕਰਨ ਵਾਲੇ ਲੋਕਾਂ ਨੂੰ ਆਪਣੇ ਇੰਟਰਨੈਟ ਬਿੱਲਾਂ ਦੀ ਅਦਾਇਗੀ ਕਰਨ ਵਿੱਚ ਮਦਦ ਕਰਨ ਲਈ ਜਲਦੀ ਹੀ 50 ਡਾਲਰ ਦੀ ਮਹੀਨਾਵਾਰ ਸਬਸਿਡੀ ਮਿਲ ਸਕਦੀ ਹੈ। ਇਸ ਸੰਬੰਧੀ ਫੈਡਰਲ ਕਮਿਊਨੀਕੇਸ਼ਨਜ਼ ਕਮਿਸ਼ਨ (ਐਫ ਸੀ ਸੀ) ਨੇ ਵੀਰਵਾਰ ਨੂੰ ਮਹਾਂਮਾਰੀ ਦੇ ਦੌਰਾਨ ਵਧੇਰੇ ਘਰਾਂ ਨੂੰ ਇੰਟਰਨੈਟ ਦੀ ਵਰਤੋਂ ਕਰਨ ਵਿੱਚ ਸਹਾਇਤਾ ਲਈ ਸਹਾਇਤਾ ਪ੍ਰਦਾਨ ਕਰਨ ਲਈ 3.2 ਬਿਲੀਅਨ ਡਾਲਰ ਦੀ ਯੋਜਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਪ੍ਰੋਗਰਾਮ ਉਹਨਾਂ ਘਰਾਂ ਲਈ ਹੋਵੇਗਾ ਜੋ ਪਹਿਲਾਂ ਹੀ ਬ੍ਰਾਡਬੈਂਡ ਸੇਵਾ ਦੁਆਰਾ ਪੇਸ਼ ਕੀਤੇ ਗਏ ਮਹਾਂਮਾਰੀ ਜਾਂ ਘੱਟ ਆਮਦਨੀ ਰਾਹਤ ਪ੍ਰੋਗਰਾਮ ਵਿੱਚ ਸ਼ਾਮਿਲ ਹਨ। ਇਸਦੇ ਨਾਲ ਹੀ ਘੱਟ ਆਮਦਨੀ ਵਾਲੇ ਲੋਕ ਜੋ ਕਿ ਐੱਫ ਸੀ ਸੀ ਦੇ ਲਾਈਫ ਲਾਈਨ ਪ੍ਰੋਗਰਾਮ ਅਧੀਨ ਹਨ, ਅਤੇ ਉਹ ਘਰ



ਜਿਹਨਾਂ ਦੇ ਬੱਚੇ ਮੁਫ਼ਤ ਜਾਂ ਘੱਟ ਰੇਟ ਤੇ ਸਕੂਲੀ ਖਾਣਾ ਪ੍ਰਾਪਤ ਕਰਦੇ ਹਨ, ਇਸ ਯੋਜਨਾ ਦਾ ਲਾਭ ਉਠਾ ਸਕਦੇ ਹਨ। ਐਫ ਸੀ ਸੀ ਦੀ ਕਾਰਜਕਾਰੀ ਚੇਅਰਮੈਨ ਜੇਸਿਕਾ ਰੋਜ਼ਨਵਰਸੈਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪ੍ਰੋ-ਗਰਾਮ ਅਗਲੇ 60 ਦਿਨਾਂ ਵਿੱਚ ਯੋਗ ਘਰਾਂ ਲਈ ਖੁੱਲ ਜਾਵੇਗਾ। ਐੱਫ ਸੀ ਸੀ ਦੇ ਰੋਜ਼ਨਵਰਸੈਲ ਅਨੁਸਾਰ ਇਸ ਪ੍ਰੋਗਰਾਮ ਦਾ ਉਦੇਸ਼ ਉਹਨਾਂ ਲੋਕਾਂ ਦੀ ਮਦਦ ਕਰਨਾ ਵੀ ਹੈ ਜਿਹਨਾਂ ਨੂੰ ਵਾਈ ਫਾਈ ਸਿਗਨਲ ਲਈ ਪਾਰਕਾਂ ਜਾਂ ਪਬਲਿਕ ਲਾਇਬਰੇਰੀ ਦੇ ਬਾਹਰ ਬੈਠਣਾ ਪੈਂਦਾ ਹੈ, ਕਿਉਂਕਿ ਮਹਾਂਮਾਰੀ ਦੇ ਪ੍ਰਭਾਵ ਕਾਰਨ ਉਹ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ। ਐੱਫ ਸੀ ਸੀ ਦੇ ਇਸ ਪ੍ਰੋਗਰਾਮ ਵਿੱਚ ਯੋਗ ਘਰਾਂ ਲਈ ਇੱਕ ਕੰਪਿਊਟਰ ਜਾਂ ਟੈਬਲੇਟ 'ਤੇ ਵੀ ਇਕ ਵਾਰ ਲਈ 100 ਡਾਲਰ ਦੀ ਛੂਟ ਸ਼ਾਮਿਲ ਹੋਵੇਗੀ ਅਤੇ ਕਿਸੇ ਕਬੀਲੇ ਵਿੱਚ ਰਹਿਣ ਵਾਲਿਆਂ ਲਈ ਇੰਟਰਨੈੱਟ ਸੇਵਾ ਦੀ ਛੂਟ ਇੱਕ ਮਹੀਨੇ ਵਿਚ 75 ਡਾਲਰ ਦੇ ਹਿਸਾਬ ਨਾਲ ਹੋਵੇਗੀ।






ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਕੈਲੀਫੋਰਨੀਆ ਦੇ ਇੱਕ ਗੋਦਾਮ ਵਿੱਚ ਲੱਗੀ ਅੱਗ ਨੇ ਮਚਾਈ ਤਬਾਹੀ

**ਫਰਿਜ਼ਨੋ (ਕੈਲੀਫੋਰਨੀਆ), 27 ਫਰਵਰੀ 2021–** ਕੈਲੀਫੋਰਨੀਆ ਸੂਬੇ ਵਿੱਚ ਲਾਸ ਏਂਜਲਸ ਦੇ ਨੇੜੇ ਇੱਕ ਵੇਅਰ ਹਾਊਸ 'ਚ ਲੱਗੀ ਅੱਗ ਨੇ ਵੱਡੀ ਪੱਧਰ 'ਤੇ ਤਬਾਹੀ ਮਚਾਈ ਹੈ। ਇਸ ਅਗਨੀਕਾਂਡ ਦੇ ਸੰਬੰਧ ਵਿੱਚ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਸ਼ੁੱਕਰਵਾਰ ਸਵੇਰੇ ਕੈਲੀਫੋਰਨੀਆ ਦੇ ਕੋਪਟਨ 'ਚ ਉਦਯੋਗਿਕ ਖੇਤਰ ਵਿੱਚ ਇੱਕ ਗੋਦਾਮ ਨੂੰ ਲੱਗੀ ਅੱਗ ਦੀ ਸੂਚਨਾ ਮਿਲਣ ਉਪਰੰਤ 100 ਤੋਂ ਵੱਧ ਅੱਗ ਬੁਝਾਉਣ ਵਾਲੇ ਕਾਮਿਆਂ ਨੇ ਦਰਜਨਾਂ ਅੱਗ ਬੁਝਾਉਣ ਵਾਲੇ ਟਰੱਕਾਂ ਸਮੇਤ ਕਾਰਵਾਈ ਕੀਤੀ। ਸ਼ੁੱਕਰਵਾਰ ਸਵੇਰੇ 4:30 ਚਾਰ ਵਜੇ ਸ਼ੁਰੂ ਹੋਈ ਇਸ ਅੱਗ ਨੇ ਜਿਆਦਾ ਖੇਤਰ ਵਿੱਚ ਫੈਲਣ ਦੇ ਨਾਲ ਨੇੜੇ ਖੜੀਆਂ ਘੱਟੋ ਘੱਟ ਇੱਕ ਦਰਜਨ ਬੱਸਾਂ ਦੀ ਇੱਕ ਕਤਾਰ ਨੂੰ ਵੀ ਨਸ਼ਟ ਕਰ ਦਿੱਤਾ, ਜਿਸ ਨਾਲ ਅੱਗ ਦਾ ਧੂੰਆਂ ਵੀ ਵੱਡੀ ਪੱਧਰ ਤੱਕ ਫੈਲ ਗਿਆ। ਅਧਿਕਾਰੀਆਂ



ਨੇ ਦੱਸਿਆ ਕਿ ਇਸ ਅਗਨੀਕਾਂਡ ਨਾਲ ਇਸ ਵਪਾਰਕ ਕੰਪਲੈਕਸ ਵਿੱਚ ਲੱਕੜ ਦੇ ਪੈਲੇਟ, ਆਵਾਜਾਈ ਦੇ ਵਾਹਨ ਅਤੇ ਗੱਦਿਆਂ ਦੀ ਕੰਪਨੀ ਦਾ ਵੀ ਨੁਕਸਾਨ ਹੋਇਆ ਹੈ। ਇਸਦੇ ਇਲਾਵਾ ਅੱਗ ਦੇ ਲੱਗਣ ਕਾਰਨ ਕਈ ਟਰਾਂਸਫਾਰਮਰ ਸੜ ਗਏ ਅਤੇ ਬਿਜਲੀ ਦੀਆਂ ਲਾਈਨਾਂ ਹੇਠਾਂ ਡਿੱਗ ਗਈਆਂ।

ਖੇਤਰ ਦੇ ਅੱਗ ਬੁਝਾਊ ਵਿਭਾਗ ਅਨੁਸਾਰ ਇਸ ਅੱਗ 'ਤੇ ਕਾਬੂ ਪਾਉਣ ਲਈ ਕਈ ਫਾਇਰ ਏਜੰਸੀਆਂ ਨੇ ਤਕਰੀਬਨ ਤਿੰਨ ਘੰਟੇ ਬਿਤਾਏ ਅਤੇ ਅਖੀਰ ਸਵੇਰੇ 7:45 ਵਜੇ ਤੱਕ, ਅੱਗ ਨੂੰ ਕਾਬੂ ਹੇਠ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਅੱਗ ਨਾਲ ਕਿਸੇ ਦੇ ਜ਼ਖਮੀ ਹੋਣ ਹੋਣ ਦੀ ਖ਼ਬਰ ਨਹੀਂ ਹੈ ਅਤੇ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਚਰਚ ਨੇ ਵਿਸ਼ਵ ਪੱਧਰ 'ਤੇ ਕੋਰੋਨਾ ਟੀਕਾਕਰਨ ਲਈ ਦਾਨ ਕੀਤੇ 20 ਮਿਲੀਅਨ ਡਾਲਰ

**ਫਰਿਜ਼ਨੋ (ਕੈਲੀਫੋਰਨੀਆ), 27 ਫਰਵਰੀ 2021–** ਅਮਰੀਕੀ ਵਿੱਚ ਜੀਸਸ ਕ੍ਰਾਈਸਟ ਚਰਚ ਆਫ ਲੈਟਰ ਡੇਅ ਸੇਂਟਸ, ਨੇ ਵਿਸ਼ਵ ਪੱਧਰ 'ਤੇ ਕੋਰੋਨਾ ਵਾਇਰਸ ਵਿਰੁੱਧ ਟੀਕਾਕਰਨ ਮੁਹਿੰਮ ਵਿੱਚ ਇੱਕ ਵੱਡੀ ਰਾਸ਼ੀ ਨੂੰ ਦਾਨ ਕਰਕੇ ਆਪਣਾ ਯੋਗਦਾਨ ਪਾਇਆ ਹੈ। ਅਮਰੀਕੀ ਸੂਬੇ ਯੂਟਾ ਅਧਾਰਤ ਚਰਚ ਨੇ ਸ਼ੁੱਕਰਵਾਰ ਨੂੰ ਘੋਸ਼ਣਾ ਕੀਤੀ ਕਿ ਉਸਨੇ ਗ਼ਰੀਬ ਦੇਸ਼ਾਂ ਵਿੱਚ ਕੋਰੋਨਾ ਵਾਇਰਸ ਟੀਕਿਆਂ ਦੀ ਵੰਡ ਸੰਬੰਧੀ ਇੱਕ ਪ੍ਰੋ-ਗਰਾਮ ਲਈ 20 ਮਿਲੀਅਨ ਡਾਲਰ ਦਾਨ ਕੀਤੇ ਹਨ। ਇਸ ਸੰਬੰਧੀ ਐਸੋਸੀਏਟਡ ਪ੍ਰੈਸ ਅਨੁਸਾਰ ਇਹ ਦਾਨ ਯੂ ਐਨ ਸਹਿਯੋਗੀ ਕੋਵੈਕਸ ਦੇ ਨਾਲ ਸੰਗਠਨ ਦੀ ਸਾਂਝੇਦਾਰੀ ਦੇ ਹਿੱਸੇ ਵਜੋਂ ਯੂਨੀਸੈਫ ਨੂੰ ਜਾ ਰਿਹਾ ਹੈ, ਜਿਸ ਨੇ ਇਸ ਹਫਤੇ ਪੱਛਮੀ ਅਫ਼ਰੀਕੀ ਦੇਸ਼ਾਂ ਆਈਵਰੀ ਕੋਸਟ ਅਤੇ ਘਾਨਾ ਨੂੰ ਆਪਣੀ ਪਹਿਲੀ ਸਪੁਰਦਗੀ ਭੇਜੀ ਹੈ। ਅਧਿਕਾਰੀਆਂ ਨੇ ਇਸ ਉੱਦਮ ਦੀ ਸ਼ਲਾਘਾ ਕੀਤੀ ਹੈ, ਕਿਉਂਕਿ ਮਹਾਂਮਾਰੀ ਦੇ ਦੌਰਾਨ ਪਹਿਲਾਂ ਟੀਕੇ



ਗਰੀਬ ਦੇਸ਼ਾਂ ਨੂੰ ਦਿੱਤੇ ਜਾਂਦੇ ਹਨ, ਪਰੰਤੂ ਇਸ ਨੂੰ ਸੀਮਤ ਵਿਸ਼ਵ-ਵਿਆਪੀ ਸਪਲਾਈ ਦੁਆਰਾ ਰੋਕਿਆ ਗਿਆ ਹੈ।ਜਦਕਿ 2021 ਦੇ ਅੰਤ ਤੱਕ ਦੁਨੀਆ ਦੇ ਸਭ ਕਮਜ਼ੋਰ ਲੋਕਾਂ ਨੂੰ 2 ਬਿਲੀਅਨ ਸ਼ਾਟ ਪਹੁੰਚਾਉਣ ਦਾ ਟੀਚਾ ਹੈ। ਏ ਪੀ ਦੇ ਅਨੁਸਾਰ ਘਾਨਾ ਨੂੰ ਬੁੱਧਵਾਰ ਨੂੰ ਐਸਟਰਾਜ਼ੇਨੇਕਾ ਟੀਕਾ ਦੀਆਂ 600,000 ਅਤੇ ਆਈਵਰੀ ਕੋਸਟ ਨੂੰ ਸ਼ੁੱਕਰਵਾਰ ਨੂੰ ਕੋਰੋਨਾ ਟੀਕੇ ਦੀਆਂ 504,000 ਖੁਰਾਕਾਂ ਮਿਲੀਆਂ ਹਨ।ਕੋਰੋਨਾ ਵਾਇਰਸ ਦੇ ਸੰਬੰਧ ਵਿੱਚ ਅਫ਼ਰੀਕਾ ਦਾ ਸਭ ਤੋਂ ਪ੍ਰਭਾਵਿਤ ਦੇਸ਼ ਦੱਖਣੀ ਅਫ਼ਰੀਕਾ ਰਿਹਾ ਹੈ, ਜਿਸਨੇ ਤਕਰੀਬਨ 50,000 ਕੋਰੋਨਾ ਵਾਇਰਸ ਦੀਆਂ ਮੌਤਾਂ ਦਰਜ਼ ਕੀਤੀਆਂ ਹਨ ਅਤੇ ਪਿਛਲੇ ਇਕ ਦਹਾਕੇ ਵਿੱਚ, ਵਰਲਡ ਵਿਜ਼ਨ ਇੰਟਰਨੈਸ਼ਨਲ ਸੰਸਥਾ ਦੇ ਅਨੁਸਾਰ, ਪੱਛਮੀ ਅਫ਼ਰੀਕਾ ਵਿੱਚ ਈਬੋਲਾ ਵਾਇਰਸ ਨਾਲ 11,000 ਤੋਂ ਵੱਧ ਨਾਗਰਿਕ ਮਾਰੇ ਗਏ ਸਨ।

# ਸੈਨੇਟ ਨੇ ਜੈਨੀਫਰ ਗ੍ਰੈਨਹੋਮ ਦੀ ਕੀਤੀ ਐਨਰਜੀ ਸੈਕਟਰੀ ਵਜੋਂ ਪੁਸ਼ਟੀ

**ਫਰਿਜ਼ਨੋ (ਕੈਲੀਫੋਰਨੀਆ), 26 ਫਰਵਰੀ 2021–** ਸੈਨੇਟ ਨੇ ਵੀਰਵਾਰ ਨੂੰ ਮਿਸ਼ੀਗਨ ਦੀ ਸਾਬਕਾ ਗਵਰਨਰ ਜੈਨੀਫਰ ਗ੍ਰੈਨਹੋਮ ਦੀ ਐਨਰਜੀ ਵਿਭਾਗ ਦੀ ਸੈਕਟਰੀ ਵਜੋਂ ਪੁਸ਼ਟੀ ਕੀਤੀ ਹੈ।ਇਸ ਪ੍ਰਕਿਰਿਆ ਵਿੱਚ ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਨਾਮਜ਼ਦ ਜੈਨੀਫਰ ਨੂੰ ਸੈਨੇਟ ਵਿੱਚ 64--35 ਵੋਟਾਂ ਨਾਲ ਸਮਰਥਨ ਮਿਲਿਆ। ਗ੍ਰੈਨਹੋਮ ਨੇ ਆਟੋ ਨਿਰਮਾਤਾਵਾਂ ਨਾਲ 2003 ਤੋਂ ਲੈ ਕੇ 2011 ਤੱਕ ਰਾਜਪਾਲ ਵਜੋਂ ਆਪਣੇ ਦੋ ਕਾਰਜਕਾਲਾਂ ਦੌਰਾਨ ਉਦਯੋਗ ਦਾ ਬਿਜਲੀਕਰਨ ਕਰਨ ਲਈ ਕੰਮ ਕੀਤਾ। ਵੀਰਵਾਰ ਦੀ ਪੁਸ਼ਟੀ ਤੋਂ ਜੈਨੀਫਰ ਨੇ ਟਵੀਟ ਕਰਦਿਆਂ ਸੈਨੇਟ ਦਾ ਤਹਿ ਦਿਲੋਂ ਧੰ-ਨਵਾਦ ਕੀਤਾ ਅਤੇ ਅਮਰੀਕਾ ਦੇ ਕੋਨੇ ਕੋਨੇ ਵਿੱਚ ਚੰਗੀ ਅਦਾਇਗੀ ਵਾਲੀਆਂ ਊਰਜਾ ਦੀਆਂ ਨੌਕਰੀਆਂ ਪੈਦਾ ਕਰਨ ਦਾ ਵੀ ਭਰੋਸਾ ਦਿੱਤਾ। ਜੈਨੀਫਰ ਦੀ ਪੁਸ਼ਟੀ ਲਈ ਡੈਮੋਕੈਰੇਟਿਕ




ਸੈਨੇਟਰ ਜੋਏ ਮਾਨਚਿਨ ਜੋ ਕਿ ਊਰਜਾ ਅਤੇ ਕੁਦਰਤੀ ਸਰੋਤ ਕਮੇਟੀ ਦੇ ਚੇਅਰਮੈਨ ਹਨ ਨੇ ਗ੍ਰੈਨਹੋਮ ਨੂੰ ਪਿਛਲੇ ਮਹੀਨੇ ਉਸਦੀ ਪੁਸ਼ਟੀ ਦੀ ਸੁਣਵਾਈ ਦੌਰਾਨ ਅਮਰੀਕੀ ਲੋਕਾਂ ਦੇ ਊਰਜਾ ਦੇ ਪ੍ਰਦੂਸ਼ਿਤ ਖੇਤਰਾਂ ਵਿੱਚ ਕੰਮ ਕਰਨ ਬਾਰੇ ਉਸਦੀ ਯੋਜਨਾ ਬਾਰੇ ਪੁੱਛਗਿੱਛ ਕੀਤੀ ਸੀ। ਇਸਦੇ ਜਵਾਬ ਵਿੱਚ ਗ੍ਰੈਨਹੋਮ ਨੇ ਇਸਨੂੰ ਸਭ ਤੋਂ ਮਹੱਤਵਪੂਰਨ ਪੈਰਸ਼ਨ ਦੱਸਦਿਆਂ ਨੌਕਰੀ ਪੈਦਾ ਕਰਨ ਦੇ ਅਵਸਰਾਂ ਵਜੋਂ, ਬਲਿਊ ਹਾਈਡੈਰੋਜਨੌਂ ਜੋ ਕਿ ਕਾਰਬਨ ਕੈਪਚਰ ਦਾ ਇੱਕ ਰੂਪ ਹੈ ,ਵਰਗੇ ਹੱਲਾਂ ਵੱਲ ਇਸ਼ਾਰਾ ਕੀਤਾ।ਟੈਕਸਾਸ ਵਿੱਚ ਸਰਦੀਆਂ ਦੇ ਤੂਫਾਨ ਦੇ ਮੱਦੇਨਜ਼ਰ ਗ੍ਰੈਨਹੋਮ ਨੂੰ ਵਧੇਰੇ ਬਿਜਲੀ ਦੀਆਂ ਮੰਗਾਂ ਨਾਲ ਨਜਿੱਠਣ ਦਾ ਕੰਮ ਵੀ ਸੌਂਪਿਆ ਜਾਵੇਗਾ, ਜਿਸਦੇ ਸੰਬੰਧ ਵਿੱਚ ਜੈਨੀਫਰ ਅਨੁਸਾਰ ਦੇਸ਼ ਦੇ ਪਾਵਰ ਗਰਿੱਡਾਂ ਨੂੰ ਅਪਡੇਟ ਕਰਨ ਦੀ ਜ਼ਰੂਰਤ ਹੈ।

# ਜੋਅ ਬਾਈਡੇਨ ਟੈਕਸਾਸ ਵਿੱਚ ਬਰਫੀਲੇ ਤੂਫਾਨ ਕਾਰਨ ਹੋਏ ਨੁਕਸਾਨ ਦਾ ਲੈਣਗੇ ਜਾਇਜ਼ਾ

**ਫਰਿਜ਼ਨੋ (ਕੈਲੀਫੋਰਨੀਆ), 26 ਫਰਵਰੀ 2021–** ਅਮਰੀਕੀ ਵਿੱਚ ਜੀਸਸ ਕ੍ਰਾਈਸਟ ਚਰਚ ਆਫ ਲੈਟਰ ਡੇਅ ਸੇਂਟਸ, ਨੇ ਵਿਸ਼ਵ ਪੱਧਰ 'ਤੇ ਕੋਰੋਨਾ ਵਾਇਰਸ ਵਿਰੁੱਧ ਟੀਕਾਕਰਨ ਮੁਹਿੰਮ ਵਿੱਚ ਇੱਕ ਵੱਡੀ ਰਾਸ਼ੀ ਨੂੰ ਦਾਨ ਕਰਕੇ ਆਪਣਾ ਯੋਗਦਾਨ ਪਾਇਆ ਹੈ। ਅਮਰੀਕੀ ਸੂਬੇ ਯੂਟਾ ਅਧਾਰਤ ਚਰਚ ਨੇ ਸ਼ੁੱਕਰਵਾਰ ਨੂੰ ਘੋਸ਼ਣਾ ਕੀਤੀ ਕਿ ਉਸਨੇ ਗ਼ਰੀਬ ਦੇਸ਼ਾਂ ਵਿੱਚ ਕੋਰੋਨਾ ਵਾਇਰਸ ਟੀਕਿਆਂ ਦੀ ਵੰਡ ਸੰਬੰਧੀ ਇੱਕ ਪ੍ਰੋਗਰਾਮ ਲਈ 20 ਮਿਲੀਅਨ ਡਾਲਰ ਦਾਨ ਕੀਤੇ ਹਨ। ਇਸ ਸੰਬੰਧੀ ਐਸੋਸੀਏਟਡ ਪ੍ਰੈਸ ਅਨੁਸਾਰ ਇਹ ਦਾਨ ਯੂ ਐਨ ਸਹਿਯੋਗੀ ਕੋਵੈਕਸ ਦੇ ਨਾਲ ਸੰਗਠਨ ਦੀ ਸਾਂਝੇਦਾਰੀ ਦੇ ਹਿੱਸੇ ਵਜੋਂ ਯੂਨੀਸੈਫ ਨੂੰ ਜਾ ਰਿਹਾ ਹੈ, ਜਿਸ ਨੇ ਇਸ ਹਫਤੇ ਪੱਛਮੀ ਅਫ਼ਰੀਕੀ ਦੇਸ਼ਾਂ ਆਈਵਰੀ ਕੋਸਟ ਅਤੇ ਘਾਨਾ ਨੂੰ ਆਪਣੀ ਪਹਿਲੀ ਸਪੁਰਦਗੀ ਭੇਜੀ ਹੈ। ਅਧਿਕਾਰੀਆਂ ਨੇ ਇਸ ਉੱਦਮ ਦੀ ਸ਼ਲਾਘਾ ਕੀਤੀ ਹੈ, ਕਿਉਂਕਿ ਮਹਾਂਮਾਰੀ ਦੇ ਦੌਰਾਨ ਪਹਿਲਾਂ ਟੀਕੇ



ਗਰੀਬ ਦੇਸ਼ਾਂ ਨੂੰ ਦਿੱਤੇ ਜਾਂਦੇ ਹਨ, ਪਰੰਤੂ ਇਸ ਨੂੰ ਸੀਮਤ ਵਿਸ਼ਵ-ਵਿਆਪੀ ਸਪਲਾਈ ਦੁਆਰਾ ਰੋਕਿਆ ਗਿਆ ਹੈ।ਜਦਕਿ 2021 ਦੇ ਅੰਤ ਤੱਕ ਦੁਨੀਆ ਦੇ ਸਭ ਕਮਜ਼ੋਰ ਲੋਕਾਂ ਨੂੰ 2 ਬਿਲੀਅਨ ਸ਼ਾਟ ਪਹੁੰਚਾਉਣ ਦਾ ਟੀਚਾ ਹੈ। ਏ ਪੀ ਦੇ ਅਨੁਸਾਰ ਘਾਨਾ ਨੂੰ ਬੁੱਧਵਾਰ ਨੂੰ ਐਸਟਰਾਜ਼ੇਨੇਕਾ ਟੀਕਾ ਦੀਆਂ 600,000 ਅਤੇ ਆਈਵਰੀ ਕੋਸਟ ਨੂੰ ਸ਼ੁੱਕਰਵਾਰ ਨੂੰ ਕੋਰੋਨਾ ਟੀਕੇ ਦੀਆਂ 504,000 ਖੁਰਾਕਾਂ ਮਿਲੀਆਂ ਹਨ।ਕੋਰੋਨਾ ਵਾਇਰਸ ਦੇ ਸੰਬੰਧ ਵਿੱਚ ਅਫ਼ਰੀਕਾ ਦਾ ਸਭ ਤੋਂ ਪ੍ਰਭਾਵਿਤ ਦੇਸ਼ ਦੱਖਣੀ ਅਫ਼ਰੀਕਾ ਰਿਹਾ ਹੈ, ਜਿਸਨੇ ਤਕਰੀਬਨ 50,000 ਕੋਰੋਨਾ ਵਾਇਰਸ ਦੀਆਂ ਮੌਤਾਂ ਦਰਜ਼ ਕੀਤੀਆਂ ਹਨ ਅਤੇ ਪਿਛਲੇ ਇਕ ਦਹਾਕੇ ਵਿੱਚ, ਵਰਲਡ ਵਿਜ਼ਨ ਇੰਟਰਨੈਸ਼ਨਲ ਸੰਸਥਾ ਦੇ ਅਨੁਸਾਰ, ਪੱਛਮੀ ਅਫ਼ਰੀਕਾ ਵਿੱਚ ਈਬੋਲਾ ਵਾਇਰਸ ਨਾਲ 11,000 ਤੋਂ ਵੱਧ ਨਾਗਰਿਕ ਮਾਰੇ ਗਏ ਸਨ।

# ਕਾਂਗਰਸੀ ਆਗੂ ਜਗਰੂਪ ਸਿੰਘ ਸੈਦੋ ਦੇ ਪਿਤਾ ਦਾ ਕਨੇਡਾ ਵਿੱਚ ਦਿਹਾਂਤ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆਂ) 1 ਮਾਰਚ 2021**

ਫਰਿਜ਼ਨੋ ਦੀ ਬਹੁ-ਪੱਖੀ ਸ਼ਖ਼ਸੀਅਤ ਅਤੇ ਉੱਘੇ ਕਾਂਗਰਸੀ ਲੀਡਰ ਸ. ਜਗਰੂਪ ਸਿੰਘ ਸੈਦੋ ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾਂ ਲੱਗਾ ਜਦੋਂ ਉਹਨਾਂ ਦੇ ਪਿਤਾ ਸ. ਜਸਵੰਤ ਸਿੰਘ ਧਾਲੀਵਾਲ 80 ਸਾਲ ਦੀ ਉਮਰ ਭੋਗਕੇ ਐਬਸਫੋਰਡ ਕਨੇਡਾ ਵਿੱਖੇ ਅਚਾਨਕ ਅਕਾਲ ਚਲਾਣਾ ਕਰ ਗਏ। ਸਵ. ਜਸਵੰਤ ਸਿੰਘ ਧਾਲੀਵਾਲ ਨਮਿਤ ਰੱਖੇ ਸਹਿਜ ਪਾਠ ਦਾ ਭੋਗ ਗੁਰਦਵਾਰਾ ਕਲਗ਼ੀਧਰ ਐਬਸਫੋਰਡ ਕਨੇਡਾ ਵਿੱਖੇ ਮਿਤੀ 4 ਮਾਰਚ ਦਿਨ ਵੀਰਵਾਰ ਨੂੰ ਦੁਪਿਹਰ 2 ਵਜੇ ਪਵੇਗਾ। ਅਤੇ ਇਸੇ ਤਰਾਂ ਕੋਵਿੱਡ ਦੇ ਚੱਲਦਿਆਂ ਧਾਲੀਵਾਲ ਪਰਿਵਾਰ ਅੰਤਿਮ ਰਸਮਾਂ ਲਈ ਕਨੇਡਾ ਨਹੀਂ ਜਾ ਸਕਿਆ ਤੇ ਉਹਨਾਂ ਵੱਲੋਂ ਸਵ. ਜਸਵੰਤ ਸਿੰਘ ਦੀ ਰੂਹ ਦੀ ਸ਼ਾਂਤੀ ਲਈ ਫਰਿਜ਼ਨੋ ਦੇ ਲਾਗਲੇ ਸ਼ਹਿਰ ਸਿਲਮਾਂ ਦੇ ਗੁਰਦਵਾਰਾ ਕਲਗ਼ੀਧਰ ਸਹਿਬ ਵਿੱਖੇ ਮਿਤੀ 6 ਮਾਰਚ ਦਿਨ ਸ਼ਨੀਵਾਰ ਨੂੰ ਦੁਪਿਹਰ 11 ਤੋਂ 1 ਵਜੇ ਦਰਮਿਆਨ ਸਹਿਜ ਪਾਠ ਦੇ ਭੋਗ ਪਾਏ ਜਾਣਗੇ। ਵਧੇਰੇ ਜਾਣਕਾਰੀ ਲਈ ਜਾ ਦੁੱਖ ਸਾਂਝਾ ਕਰਨ ਲਈ ਜਗਰੂਪ ਸਿੰਘ ਧਾਲੀਵਾਲ ਨਾਲ (559) 316-1339 ਤੇ ਸੰਪਰਕ ਕਰ ਸਕਦੇ ਹੋ। ਦੁੱਖੀ ਹਿਰਦੇ - ਗੁਰਦੀਪ ਸਿੰਘ - ਚਰਨਜੀਤ ਕੌਰ (ਸਪੁੱਤਰ- ਨੂੰਹ), ਜਗਰੂਪ ਸਿੰਘ - ਕੁਲਦੀਪ ਕੌਰ (ਸਪੁੱਤਰ-ਨੂੰਹ), ਜਗਤਾਰ ਸਿੰਘ- ਕਰਮਜੀਤ ਕੌਰ (ਸਪੁੱਤਰ -ਨੂੰਹ), ਕਰ-ਮਜੀਤ ਕੌਰ- ਪਰਮਜੀਤ ਸਿੰਘ ਬਰਾੜ (ਧੀ-ਜਵਾਈ), ਬਲਵਿੰਦਰ ਸਿੰਘ- ਪਰਮਪ੍ਰੀਤ ਕੌਰ (ਪੋਤਰਾ- ਪੋਤ ਨੂੰਹ), ਗਗਨਦੀਪ ਸਿੰਘ- ਕਰਮਜੀਤ ਕੌਰ (ਪੋਤਰਾ- ਪੋਤ ਨੂੰਹ), ਪਹੇਲਪ੍ਰੀਤ (ਪੋਤਰਾ)। ਪਰਿਵਾਰ ਦੇ ਨੇੜਲੇ ਦੋਸਤ ਡਾ. ਕੇਵਲ ਗਰਗ ਨੇ ਕਿਹਾ ਕਿ ਸਵ. ਜਸਵੰਤ ਸਿੰਘ ਧਾਲੀਵਾਲ ਦੇ ਇਸ ਤਰਾਂ ਤੁਰ ਜਾਣ ਨਾਲ ਹਲਕਾ ਨਿਹਾਲ ਸਿੰਘ ਵਾਲਾ ਅਤੇ ਧਾਲੀਵਾਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।



# ਇਸ ਸਾਲ ਵੀ ਖ਼ਤਮ ਨਹੀਂ ਹੋਵੇਗਾ ਕੋਰੋਨਾ- ਵਿਸ਼ਵ ਸਿਹਤ ਸੰਗਠਨ

**ਜੇਨੇਵਾ–** ਵਿਸ਼ਵ ਸਿਹਤ ਸੰਗਠਨ ਨੇ ਕਿਹਾ ਹੈ ਕਿ ਅਜੇ ਕੋਰੋਨਾ ਖ਼ਤਮ ਨਹੀਂ ਹੋ ਰਿਹਾ। ਇਹ ਕਹਿਣਾ ਜਲਦਬਾਜ਼ੀ ਹੋਵੇਗੀ ਕਿ ਸਾਲ 2021 ਦੇ ਅੰਤ ਤਕ ਮਹਾਮਾਰੀ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗੀ। ਡਬਲਯੂ ਐੱਚ ਓ ਦੇ ਹੈਲਥ ਐਮਰਜੈਂਸੀ ਪ੍ਰੋਗਰਾਮ ਦੇ ਕਾਰਜਕਾਰੀ ਡਾਇਰੈਕਟਰ ਡਾ. ਮਾਈਕਲ ਰਿਆਨ ਨੇ ਕਿਹਾ ਕਿ ਇਹ ਰਾਹਤ ਦੀ ਗੱਲ ਹੈ ਕਿ ਗ਼ੈਰ-ਸਰਕਾਰੀ ਵੈਕਸੀਨ ਦੇ ਆਉਣ ਨਾਲ ਹਸਪਤਾਲ ਜਾਣ ਤੇ ਮਰਨ ਵਾਲਿਆਂ ਦੀ ਗਿਣਤੀ 'ਚ ਕਮੀ ਆਵੇਗੀ।




ਈਰਾਨ ਨੇ ਕੋਰੋਨਾ ਦੀ ਚੌਥੀ ਲਹਿਰ ਦੀ ਚਿਤਾਵਨੀ ਦਿੱਤੀ ਹੈ। ਇੱਥੇ 24 ਘੰਟਿਆਂ ਦੌਰਾਨ ਸੌ ਲੋਕਾਂ ਦੀ ਮੌਤ ਤੋਂ ਬਾਅਦ ਸਾਵਧਾਨ ਕੀਤਾ ਗਿਆ ਹੈ। ਜਨਵਰੀ ਤੋਂ ਬਾਅਦ ਪਹਿਲੀ ਵਾਰ ਮੌਤ ਦਾ ਅੰਕੜਾ ਏਨਾ ਉੱਪਰ ਆਇਆ ਹੈ। ਫਿਨਲੈਂਡ ਨੇ ਮਹਾਮਾਰੀ ਬਾਰੇ ਐਮਰਜੈਂਸੀ ਐਲਾਨ ਦਿੱਤੀ ਹੈ। ਇੱਥੇ ਹਾਲਾਤ ਵਿਗੜਦੇ ਜਾ ਰਹੇ ਹਨ। ਐਮਰਜੈਂਸੀ ਦਾ ਫ਼ੈਸਲਾ ਸੰਸਦ 'ਚ ਲਿਆ ਗਿਆ ਹੈ। ਇੱਥੇ ਅੱਠ ਮਾਰਚ ਤੋਂ ਤਿੰਨ ਹਫ਼ਤਿਆਂ ਲਈ ਸਾਰੇ ਰੈਸਟੋਰੈਂਟ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ। ਨਾਲ ਹੀ ਹੋਰ ਪਾਬੰਦੀਆਂ ਵੀ ਲਗਾਈਆਂ ਜਾ ਰਹੀਆਂ ਹਨ।

**242 ਦੇਸ਼ਾਂ ਨੂੰ ਦੋ ਕਰੋੜ 37 ਲੱਖ ਵੈਕਸੀਨ ਡੋਜ਼**

ਵਿਸ਼ਵ ਸਿਹਤ ਸੰਗਠਨ ਦੇ ਵੈਕਸੀਨ ਵੰਡ ਪ੍ਰੋਗਰਾਮ ਕੋਵੈਕਸ ਤਹਿਤ 142 ਦੇਸ਼ਾਂ 'ਚ ਦੋ ਕਰੋੜ 37 ਲੱਖ ਵੈਕਸੀਨ ਦੀਆਂ ਖ਼ੁਰਾਕਾਂ ਵੰਡੀਆਂ ਗਈਆਂ ਹਨ। ਸੰਗਠਨ ਦੇ ਮੁਖੀ ਟੇਡ੍ਰੋਸ ਅਦਨੋਨ ਘੇਬਰੇਸਸ ਨੇ ਦੱਸਿਆ ਕਿ ਕੋਵੈਕਸ ਪ੍ਰੋਗਰਾਮ ਤਹਿਤ ਅਗੋਲਾ, ਕੰਬੋਡੀਆ, ਕਾਂਗੋ, ਨਾਈਜੀਰੀਆ ਤੇ ਘਾਨਾ 'ਚ ਵੈਕਸੀਨ ਦੀ ਵੰਡ ਕੀਤੀ ਗਈ ਹੈ। ਬ੍ਰਾਜ਼ੀਲ 'ਚ ਵਧਦੇ ਮਰੀਜ਼ਾਂ ਦੇ ਹਸਪਤਾਲਾਂ 'ਚ ਹਾਲਾਤ ਖ਼ਰਾਬ ਹੋਣ ਕਾਰਨ ਸਿਹਤ ਅਧਿਕਾਰੀਆਂ ਨੇ ਲਾਕਡਾਊਨ ਤੇ ਕਰਫਿਊ ਲਗਾਉਣ ਲਈ ਕਿਹਾ ਹੈ। ਇਟਲੀ 'ਚ ਵੀ ਮਰੀਜ਼ ਤੇਜ਼ੀ ਨਾਲ ਵਧ ਰਹੇ ਹਨ।





ਜ਼ਿਲ੍ਹਾ ਕਪੂਰਥਲਾ ਵਿੱਚ ਬਾਮਸੇਫ ਅਤੇ ਭਾਰਤ ਮੁਕਤੀ ਮੋਰਚਾ ਦੇ ਸਾਥੀਆਂ ਵੱਲੋਂ ਮੱਛਰ ਕਲੋਨੀ ਸ਼ੇਖੂਪੁਰ ਵਿੱਚ ਮੀਟਿੰਗ ਕੀਤੀ। ਮੂਲਨਿਵਾਸੀ ਮਹਾਂਪੁਰਖਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਮੋਹਤਵਾਰਾਂ ਵਲੋਂ ਕਲੋਨੀ ਦਾ ਨਾਮ ਬਦਲ ਕੇ ਮੂਲਨਿਵਾਸੀ ਨਗਰ ਰੱਖਣ ਦਾ ਅਹਿਦ ਕੀਤਾ।


# ਸੁਰਿੰਦਰ ਸੋਹਲ ਦਾ ਕਾਵਿ-ਸੰਗ੍ਰਹਿ 'ਇਬਾਰਤ ਚੁੱਪ ਕਿਉਂ ਹੈ?' ਲੋਕ ਅਰਪਿਤ

ਸਟਾਕਟਨ (ਬਿਊਰੋ ਨਿਊਜ਼ ): ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੀ 20 ਫਰਵਰੀ ਨੂੰ ਨਿਊਯਾਰਕ ਵਾਸੀ ਪੰਜਾਬੀ ਸ਼ਾਇਰ ਸੁਰਿੰਦਰ ਸੋਹਲ ਦਾ ਨਵ-ਪ੍ਰਕਾਸ਼ਤ ਕਾਵਿ ਸੰਗ੍ਰਹਿ 'ਇਬਾਰਤ ਚੁੱਪ ਕਿਉਂ ਹੈ?' ਦਾ ਦੇਸ ਪ੍ਰਦੇਸ ਦੇ ਵਿਦਵਾਨ ਲੇਖਕਾਂ ਅਤੇ ਸਰੋਤਿਆਂ ਦੀ ਭਾਰੀ ਸ਼ਮੂਲੀਅਤ ਦੋਰਾਨ ਲੋਕ ਅਰਪਣ ਕੀਤਾ ਗਿਆ।

ਹਰਜਿੰਦਰ ਪੰਧੇਰ ਦੀ ਪ੍ਰਧਾਨਗੀ ਹੇਠ ਉਲੀਕੇ ਇਸ ਪ੍ਰੋਗਰਾਮ ਦਾ ਅਗਾਜ਼ ਹਾਜ਼ਰ ਸੱਜਣਾਂ ਨੂੰ ਜੀ ਆਇਆਂ ਕਹਿਣ ਉਪਰੰਤ 'ਕੌਮਾਂਤਰੀ ਮਾਂ ਬੋਲੀ ਦਿਵਸ' ਅਤੇ 'ਕਿਸਾਨੀ ਲਹਿਰ' ਨੂੰ ਸਮਰਪਿਤ ਕਰਨ ਨਾਲ ਹੋਇਆ। ਮਨਜੀਤ ਕੌਰ ਸੇਖੋਂ ਨੇ ਕਿਸਾਨੀ ਲਹਿਰ ਦੀ ਤਰਜ਼ਮਾਨੀ ਕਰਦਾ ਭਾਵਪੂਰਤ ਗੀਤ ' ਜਿੱਥੇ ਵਾੜ ਖੇਤ ਨੂੰ ਖਾਇ ਉਸ ਦਾ ਹਾਲ ਕੀ ਹੋਵਣਾ...।' ਤਰਨਮ ਵਿਚ ਗਾਕੇ ਪੇਸ਼ ਕੀਤਾ। ਟਰਾਂਟੋ ਤੋਂ ਵਿਸ਼ੇਸ਼ ਤੌਰ ਤੇ ਭਾਗ ਲੈਣ ਵਾਲੇ ਨਾਮਵਰ ਗਾਇਕ ਇਕਬਾਲ ਬਰਾੜ ਨੇ ਸਮੇਂ ਦੀ ਮੰਗ ਤੇ ਢੁਕਵਾਂ ਇਹ ਸ਼ੇਅਰ: 'ਇਰਾਦੇ ਨੇਕ ਹੋਂ ਤੋ ਮੰਜਲੇ ਖੁੱਦ ਚਲ ਕਰ ਆਤੀ ਹੈਂ, ਸਮੁੰਦਰ ਰਾਹ ਦੇਤੇ ਹੈਂ, ਚੱਟਾਨੇ ਥਰਥਰਾਤੀ ਹੈਂ' । ਤੋਂ ਬਾਅਦ ਅਮਜ਼ਦ ਖਾਨ ਦਾ ਇਹ ਗੀਤ: ਨਾ ਹੋ ਮਾਯੂਸ, ਬਦਲ ਜਾਏਗੀ ਤਕਦੀਰ ...। ਆਪਣੇ ਮਖ਼ਸੂਸ ਅੰਦਾਜ਼ ਵਿੱਚ ਗਾਕੇ ਸੁਣਾਇਆ।

ਸਮਾਗਮ ਦੇ ਦੂਸਰੇ ਭਾਗ ਵਿਚ ਕਾਵਿ-ਸੰਗ੍ਰਹਿ ਨੂੰ ਲੋਕ ਅਰਪਿਤ ਕਰਦਿਆਂ ਹਰਜਿੰਦਰ ਪੰਧੇਰ ਨੇ ਸੁਰਿੰਦਰ ਸੋਹਲ ਦੀ ਕਾਵਿ ਕਲਾ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਕਵੀ ਸੰਸਾਰ ਦੇ ਸ਼ਕਤੀਸ਼ਾਲੀ ਮਹਾਂਨਗਰ ਨਿਊਯਾਰਕ ਦੀ ਅਤਿਆਧੁਨਿਕ ਤਕਨੀਕ ਪ੍ਰਣਾਲੀ ਦੇ ਤਲਿਸਮਈ ਪ੍ਰਭਾਵਾਂ ਨੂੰ ਬਾਖ਼ੂਬੀ ਚਿਤ੍ਰਣ ਵਿਚ ਕਾਮਯਾਬ ਰਿਹਾ ਹੈ। ਉਸ ਦੀ ਕਾਵਿ-ਬਿੰਬ ਸਿਰਜਣਾ ਕਮਾਲ ਦੀ ਹੈ ਜਿਸ ਨੂੰ ਡੀ ਕੋਡ ਕਰਨ ਲਈ ਪਾਠਕਾਂ ਨੂੰ ਪ੍ਰੌਢ ਕਾਵਿ ਅਨੁਭਵ ਦੀ ਜ਼ਰੂਰਤ ਹੈ।

ਡਾ. ਗੁਰਪ੍ਰੀਤ ਸਿੰਘ ਵੜੈਚ ਨੇ ਸੋਹਲ ਦੀ ਕਵਿਤਾ ਨੂੰ ਪੂੰਜੀਵਾਦੀ ਪ੍ਰਬੰਧ ਦੀ ਜਕੜ ਵਿੱਚ ਆਏ ਅਜੋਕੇ ਮਨੁੱਖ ਦੀ ਹੋਣੀ ਦੀ ਇਬਾਰਤ ਸਿਰਜਣ ਦੀ ਕਵਿਤਾ ਦਸਿਆ। ਉਨ੍ਹਾਂ ਅਗੇ



ਪੰਜਾਬੀ ਸਾਹਿਤ ਸਭਾ ਸਟਾਕਟਨ (ਕੈਲੇਫ਼ੋਰਨੀਆ) ਵੱਲੋਂ ਨਿਊਯਾਰਕ ਵਸਦੇ ਪੰਜਾਬੀ ਸ਼ਾਇਰ ਸੁਰਿੰਦਰ ਸੋਹਲ ਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ 'ਇਬਾਰਤ ਚੁੱਪ ਕਿਉਂ ਹੈ?' ਲੋਕ ਅਰਪਣ ਕਰਨ ਵਾਸਤੇ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਹਿੱਸਾ ਲੈਣ ਵਾਲੀਆਂ ਸ਼ਖ਼ਸੀਅਤਾਂ ਵਿਚ (ਉਪਰ-ਖੱਬਿਓਂ-ਸੱਜੇ) ਰਵਿੰਦਰ ਸਹਿਰਾਅ (ਪੈਨਸਲਵੇਨੀਆ), ਗੁਰਪ੍ਰੀਤ ਸਿੰਘ ਵੜੈਚ (ਭਾਰਤ), ਸੁਖਪ੍ਰੀਤ ਸਿੰਘ ਸੰਧੂ (ਭਾਰਤ), ਹਰਜਿੰਦਰ ਸਿੰਘ ਪੰਧੇਰ (ਕੈਲੇਫੋਰਨੀਆ), ਗੁਰਮੀਤ ਪਨਾਗ (ਕੈਨੇਡਾ), ਇਕਬਾਲ ਸਿੰਘ ਬਰਾੜ (ਕੈਨੇਡਾ), ਡਾ. ਗੁਰਮੀਤ ਕੌਰ (ਭਾਰਤ), (ਹੇਠਾਂ-ਖੱਬਿਓਂ ਸੱਜੇ) ਗੁਰਪ੍ਰੀਤ ਕੌਰ (ਕੈਲੇਫੋਰਨੀਆ), ਮਨਜੀਤ ਕੌਰ ਸੰਧੂ (ਕੈਲੇਫੋਰਨੀਆ), ਹਰਨੇਕ ਸਿੰਘ (ਕੈਲੇਫੋਰਨੀਆ), ਮਨਜੀਤ ਕੌਰ ਸੇਖੋਂ (ਕੈਲੇਫੋਰਨੀਆ), ਮ੍ਰਿਗਿੰਦਰ ਕੌਰ ਪੰਧੇਰ (ਕੈਲੇਫੋਰਨੀਆ) ਅਤੇ ਸੁਰਿੰਦਰ ਸੋਹਲ (ਨਿਊਯਾਰਕ)

ਕਿਹਾ ਕਿ ਇਸ ਵਿੱਚ ਸਮਕਾਲੀ ਜੀਵਨ ਸ਼ੈਲੀ ਦੀਆਂ ਵਿਭਿੰਨ ਪਰਤਾਂ ਦਾ ਸਹਿਜ-ਸੁਭਾਵਿਕ ਤੇ ਸੂਹਜ ਮਈ ਪ੍ਰਗਟਾ ਹੋਇਆ ਹੈ। ਡਾ. ਗੁਰਮੀਤ ਕੌਰ ਨੇ ਇਸ ਸੰਗ੍ਰਹਿ ਵਿਚਲੀ 'ਬਿੱਗ ਐਪਲ' ਕਵਿਤਾ ਨੂੰ ਕੇਂਦਰ ਵਿੱਚ ਰਖਦਿਆਂ ਕਿਹਾ ਕਿ ਸਮੇਂ ਦੀ ਤੇਜ ਰਫਤਾਰ ਅਤੇ ਗਰਜ਼ਾਂ ਮਜ਼ਬੂਰੀਆਂ ਦੀ ਜਕੜ੍ਹ ਨੇ ਬੰਦੇ ਅੰਦਰੋਂ ਬੰਦੇ ਨੂੰ ਖਤਮ ਕਰਕੇ ਕੁਦਰਤ ਨਾਲੋਂ ਤੋੜ ਕੇ ਆਪਣੇ ਪਸੀਨੇ ਦੀ ਥਾਂ ਖੂੰਨ ਤੇ ਪਲਣ ਵਾਲਾ ਪਰਜੀਵੀ ਬਣਾ ਦਿਤਾ ਹੈ। ਉਨ੍ਹਾਂ ਅਨੁਸਾਰ ਸੋਹਲ ਇਨ੍ਹਾਂ ਕਵਿਤਾਵਾਂ ਜ਼ਰੀਏ ਚੁੱਪ ਨੂੰ ਇਕ ਖੂਬਸੂਰਤ ਤੇ ਭਾਵਪੂਰਤ ਜ਼ਬਾਨ ਦੇ ਰਿਹਾ ਹੈ।

ਪੰਜਾਬੀ ਯੂਨੀਵਰਸਟੀ ਪਟਿਆਲਾ ਤੋਂ ਜੁੜੇ ਪੰਜਾਬੀ ਵਿਭਾਗ ਦੇ ਰਿਸਰਚ ਸਕਾਲਰ ਸੁੱਖਪ੍ਰੀਤ ਸਿੰਘ ਸੰਧੂ ਨੇ ਸੋਹਲ ਦੀ ਕਵਿਤਾ ਨੂੰ ਤਕਨਾਲੋਜੀ ਦੇ ਯੁੱਗ ਵਿਚ ਗ੍ਰਸਤ ਆਧੁਨਿਕ ਮਨੁੱਖ ਦੀਆਂ ਭਾਵਨਾਵਾਂ, ਸੰਵੇਦਨਾਵਾਂ, ਇਛਾਵਾਂ, ਦੀ ਖੂਬਸੂਰਤ ਤਰਜਮਾਨੀ ਕਰਦੀ ਕਿਹਾ ਹੈ। ਉਨ੍ਹਾਂ ਕਿਹਾ ਇਹ ਕਵਿਤਾ ਥਿੰਕਿੰਗ ਮਸ਼ੀਨ ਦੇ ਸ਼ੋਰ ਸ਼ਰਾਬੇ ਹੇਠ ਬੰਦੇ ਅੰਦਰ ਜੱਮ ਰਹੇ ਪਥਰਾਟ ਦੀ ਨਿਸ਼ਨਦੇਹੀ ਕਰਦੀ ਉਸ ਤੋਂ ਚੇਤੰਨ ਹੋਣ ਦਾ ਪ੍ਰਵਚਨ ਸਿਰਜਦੀ ਹੈ। ਜਿਸਨੂੰ ਸੋਹਲ ਨੇ ਨਿਊਯਾਰਕ ਸ਼ਹਿਰ ਦੇ ਮੈਟਾਫਰ ਰਾਹੀਂ ਰੂਪਵਾਨ ਕੀਤਾ ਹੈ। ਰਵਿੰਦਰ ਸਿੰਘ ਸਹਿਰਾਅ ਨੇ ਨਿਊਯਾਰਕ ਸ਼ਹਿਰ ਦੇ ਸਮਕਾਲੀ ਸਭਿਆਚਾਰ ਨੂੰ ਵੱਖ ਵੱਖ ਪਹਿਲੂਆਂ ਤੋਂ ਨਿਰਖ-ਪਰਖਦਿਆਂ ਸੋਹਲ ਦੀ ਕਵਿਤਾ ਨੂੰ ਉਸ ਤਲਿਸਮਈ ਮਹਾਂਨਗਰ ਦੇ ਅਨੁਭਵਾਂ ਨੂੰ ਸੰਵੇਦਨਾਵਾਂ ਦੀ ਚਾਸ਼ਨੀ ਵਿਚ ਲਬਰੇਜ਼ ਕਲਾਤਮਿਕ ਚਿਤ੍ਰਣ ਦਸਿਆ ।

ਜਸਵੀਰ ਰਾਣਾ ਨੇ ਸੋਹਲ ਦੇ ਕਾਵਿ ਗੁਣਾਂ ਦੀ ਤਾਰੀਫ ਕਰਦਿਆਂ ਕਿਹਾ ਕਿ ਉਸਦੀਆਂ ਕਵਿਤਾਵਾਂ ਰਸੂਲ ਹਮਜ਼ਾਤੋਵ ਦੇ ਬੁੱਕ ਨਾਲ ਪੀਤੇ ਪਾਣੀ ਦੁਆਰਾ ਹੋਈ ਰੂਹ ਤ੍ਰਿ-ਪਤੀ ਤੋਂ ਲੈ ਮਨੁਖ ਦੁਆਰਾ ਖੁਦ ਇਜ਼ਾਦ ਕੀਤੇ ਵਿਨਾਸ਼ਕਾਰੀ ਬੰਬਾਂ ਦੁਆਰਾ ਸਿਰਜੇ ਸੰਸਾਰ ਤੱਕ ਦਾ ਸਫਰ ਹਨ।

ਮਨਜੀਤ ਕੌਰ ਸੇਖੋਂ ਨੇ ਸੋਹਲ ਦੀ ਤੁਲਨਾ 'ਬਾਰਨਜ਼ ਐਂਡ ਨੋਬਲ' ਦੇ ਬੁੱਕ ਰੈਕਾਂ 'ਚ ਪਈਆਂ ਉਨ੍ਹਾਂ ਕਿਤਾਬਾਂ ਨਾਲ ਕੀਤੀ ਜਿਨ੍ਹਾਂ 'ਚ ਫਰਿਸ਼ਤਿਆਂ ਦੇ ਜ਼ਿਹਨਾਂ 'ਚ ਦਗ਼ਦਾ ਖ਼ੁਦਾ ਦਾ ਪੈਗਾਮ ਲੱਟ ਲੱਟ ਬਲ ਰਿਹਾ ਹੁੰਦਾ ਹੈ। ਟਰਾਂਟੋ ਤੋਂ ਗੁਰਮੀਤ ਪਨਾਗ ਨੇ ਵੀ ਸੁਰਿੰਦਰ ਸੋਹਲ ਦੀ ਕਾਵਿ ਕਲਾ ਦੀ ਘੋਖਵੀਂ ਪੜਤਾਲ ਕਰਦਿਆਂ ਵਧਾਈ ਦਿਤੀ।

ਵਧਾਈ ਦੇਣ ਵਾਲੇ ਹੋਰ ਸਜਣਾਂ ਵਿਚ ਡਾ. ਰੁਪਿੰਦਰ ਵੜੈਚ, ਤ੍ਰਿਪਤ ਸਿੰਘ ਭੱਟੀ, ਚਰਨਜੀਤ ਸਿੰਘ ਸਾਹੀ, ਜਸਵੰਤ ਸਿੰਘ ਸੈਦੋਕੇ, ਮਨਜੀਤ ਕੌਰ ਸੰਧੂ, ਮ੍ਰਗਿੰਦਰ ਕੌਰ, ਪ੍ਰਿੰਸੀਪਲ ਹਰਨੇਕ ਸਿੰਘ, ਤਰਸੇਮ ਸਿੰਘ ਘੁੰਮਣ, ਰਵੀ ਸੇਰਗਿਲ, ਡਾ. ਗੋਬਿੰਦਰ ਸਿੰਘ ਸਮਰਾਓ, ਰੁਪਿੰਦਰ ਗਿਰੀ ਆਦਿ ਸ਼ਾਮਲ ਸਨ।

ਪੂਰੇ ਸਮਾਗਮ ਦੀ ਸੰਚਾਲਨ ਵਿਧੀ ਨੂੰ ਸਭਾ ਦੀ ਸਕੱਤਰ ਗੁਰਪ੍ਰੀਤ ਕੌਰ ਨੇ ਬੜੇ ਹੀ ਯੋਗ ਢੰਗ ਨਾਲ ਨੇਪਰੇ ਚਾੜਿਆ।

ਰਿਪੋਰਟਰ (ਹਰਜਿੰਦਰ ਪੰਧੇਰ; ਫੋਨ 209- 610 -5055)

# ਗੁਰੂ ਰਵਿਦਾਸ, ਸ਼ਹੀਦ ਚੰਦਰ ਸ਼ੇਖਰ, ਬੱਬਰ ਅਕਾਲੀ ਸ਼ਹੀਦਾਂ ਦੀ ਯਾਦ 'ਚ ਦੇਸ਼ ਭਗਤ ਯਾਦਗਾਰ ਹਾਲ 'ਚ ਵਿਚਾਰ-ਚਰਚਾ

**ਜਲੰਧਰ–** ਆਰਥਕ, ਸਮਾਜਕ ਨਾਬਰਾਬਰੀ, ਲੁੱਟ-ਖਸੁੱਟ, ਜਾਤ-ਪਾਤ ਅਤੇ ਫ਼ਿਰਕੂ ਕੱਟੜਪੁਣੇ ਦੀ ਜੜ੍ਹ ਵੱਢਕੇ ਬੇਗ਼ਮਪੁਰਾ ਸਿਰਜਕੇ ਮਾਨਵਤਾ ਲਈ ਖੁਸ਼ਹਾਲ, ਤਰੱਕੀ ਅਤੇ ਨਿਆਂ 'ਤੇ ਟਿਕਿਆ ਨਿਜ਼ਾਮ ਸਿਰਜਣ ਲਈ ਜ਼ਿੰਦਗੀ ਭਰ ਆਪਣੇ ਸਮਿਆਂ ਅੰਦਰ ਆਪਣੇ ਅੰਦਾਜ਼ 'ਚ ਸੰਗਰਾਮ ਕਰਨ ਵਾਲੇ ਰਾਹਬਰਾਂ, ਦੇਸ਼ ਭਗਤ ਇਨਕਲਾਬੀਆਂ ਅਤੇ ਸ਼ਹੀਦਾਂ ਨੂੰ ਸਮਰਪਤ ਅੱਜ ਦੇ ਇਤਿਹਾਸਕ ਦਿਹਾੜੇ 'ਤੇ ਵਿਚਾਰ-ਚਰਚਾ ਕੀਤੀ ਗਈ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਅੱਜ ਸ੍ਰੀ ਗੁਰੂ ਰਵਿਦਾਸ ਜੀ, 27 ਫਰਵਰੀ 1931 ਨੂੰ ਸ਼ਹੀਦੀ ਜਾਮ ਪੀਣ ਵਾਲੇ, ਹਿੰਦੁਸਤਾਨ ਰੀਪਬਲਿਕ ਸੋਸ਼ਲਿਸਟ ਆਰਮੀ ਦੇ ਮੁਖੀ ਚੰਦਰ ਸ਼ੇਖਰ ਆਜ਼ਾਦ, 27 ਫਰਵਰੀ 1926 ਨੂੰ ਫ਼ਾਂਸੀ ਦਾ ਰੱਸਾ ਚੁੰਮਣ ਵਾਲੇ ਬੱਬਰ ਅਕਾਲੀ ਲਹਿਰ ਦੇ ਆਪਾ-ਵਾਰੂ ਦੇਸ਼ ਭਗਤ ਕਿਸ਼ਨ ਸਿੰਘ ਗੜਗੱਜ (ਵੜਿੰਗ, ਜਲੰਧਰ), ਕਰਮ ਸਿੰਘ (ਮਾਣਕੋ, ਜਲੰਧਰ), ਨੰਦ ਸਿੰਘ (ਘੁੜਿਆਲ, ਜਲੰਧਰ), ਸੰਤਾ ਸਿੰਘ (ਛੋਟੀ ਹਰਿਓਂ, ਲੁਧਿਆਣਾ), ਦਲੀਪ ਸਿੰਘ (ਧਾਮੀਆਂ, ਹੁਸ਼ਿਆਰਪੁਰ) ਅਤੇ ਧਰਮ ਸਿੰਘ (ਹਿਯਾਤਪੁਰ ਰੁੜਕੀ, ਹੁਸ਼ਿਆਰਪੁਰ) ਅਤੇ ਪੂਰੇ ਇੱਕ ਸਾਲ ਬਾਅਦ 27 ਫਰਵਰੀ 1927 ਨੂੰ ਫਾਂਸੀ ਲਾਏ ਗਏ ਬੱਬਰ ਅਕਾਲੀ ਲਹਿਰ ਦੇ ਨਿੱਕਾ ਸਿੰਘ (ਗਿੱਲ, ਲੁਧਿਆਣਾ), ਮੁਕੰਦ ਸਿੰਘ (ਜਵੱਧੀ



ਕਲਾਂ, ਲੁਧਿਆਣਾ), ਬੰਤਾ ਸਿੰਘ (ਗੁਰੂਸਰ, ਲੁਧਿਆਣਾ), ਸੁੰਦਰ ਸਿੰਘ (ਲਹੁਕਾ, ਅੰਮ੍ਰਿਤਸਰ), ਗੁੱਜਰ ਸਿੰਘ (ਢੱਪਈ, ਲੁਧਿਆਣਾ) ਅਤੇ ਨਿੱਕਾ ਸਿੰਘ ਦੂਜਾ (ਆਲੋਵਾਲ, ਅੰਮ੍ਰਿਤਸਰ) ਨੂੰ ਨਤਮਸਤਕ ਹੁੰਦਿਆਂ ਉਹਨਾਂ ਦੇ ਸੁਪਨਿਆਂ ਦਾ ਨਵਾਂ ਨਰੋਆ ਲੋਕ-ਪੱਖੀ ਨਿਜ਼ਾਮ ਸਿਰਜਣ ਲਈ ਆਪਣਾ ਬਣਦਾ ਯੋਗਦਾਨ ਪਾਉਣ ਦਾ ਅਹਿਦ ਕੀਤਾ ਗਿਆ।

ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਪ੍ਰੋ. ਜਗਮੋਹਣ ਸਿੰਘ ਨੇ ਗ਼ਦਰ ਪਾਰਟੀ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ ਲਹਿਰ, ਕਾਲ਼ੇ ਖੇਤੀ ਕਾਨੂੰਨਾਂ ਖਿਲਾਫ਼ ਚੱਲ ਰਹੇ ਸੰਘਰਸ਼ ਅਤੇ ਵਿਚਾਰਾਂ ਦੇ ਪ੍ਰਗਟਾਵੇ ਉਪਰ ਬੋਲੇ ਜਾ ਰਹੇ ਹੱਲੇ ਬਾਰੇ ਵਿਚਾਰ ਸਾਂਝੇ ਕੀਤੇ।

ਪ੍ਰੋ.ਜਗਮੋਹਣ ਸਿੰਘ ਨੇ ਵਿਸ਼ੇਸ਼ ਕਰਕੇ ਨੌਜਵਾਨ ਪੀੜ੍ਹੀ ਨੂੰ ਸਹੀ ਮਾਰਗ 'ਤੇ ਤੋਰਨ ਲਈ ਧਰਮ-ਨਿਰਪੱਖ, ਵਿਗਿਆਨਕ, ਲੋਕ-ਪੱਖੀ ਇਤਿਹਾਸ, ਸਾਹਿਤ ਅਤੇ ਸਭਿਆਚਾਰਕ ਦੇ ਲੜ ਲਾਉਣ ਲਈ ਸਿੱਖਿਆ ਕੈਂਪਾਂ ਦਾ ਆਯ-ੋਜਨ ਕਰਨ ਉਪਰ ਜ਼ੋਰ ਦਿੱਤਾ। ਉਹਨਾਂ ਇਹ ਵੀ ਕਿਹਾ ਕਿ ਉਪਰੋਂ ਜੋਰਦਾਰ ਦਿਖਾਈ ਦਿੰਦਾ ਫਾਸ਼ੀ ਵਰਤਾਰਾ, ਭਵਿੱਖ਼ 'ਚ ਲੋਕਾਂ ਉਪਰ ਹੋਰ ਵੀ ਮਾਰੂ ਹੱਲੇ ਬੋਲੇਗਾ ਪਰ ਇਹ ਨਾਲ ਦੀ ਨਾਲ ਆਪਣੀ ਕਬਰ ਵੀ ਆਪ ਹੀ ਖੋਦਣ ਦਾ ਕੰਮ ਕਰ ਰਿਹਾ ਹੈ। ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਇਸ ਵਿਚਾਰ-ਚਰਚਾ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਵਿੱਤ ਸਕੱਤਰ ਰਣਜੀਤ ਸਿੰਘ ਔਲਖ ਅਤੇ ਲਾਇਬਰੇਰੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹਾਸ ਸਬ-ਕਮੇਟੀ ਦੇ ਕਨਵੀਨਰ ਚਰੰਜੀ ਲਾਲ ਕੰਗਣੀਵਾਲ, ਮਿਊਜ਼ੀਅਮ ਸਬ-ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ, ਕਮੇਟੀ ਮੈਂਬਰ ਹਰਮੇਸ਼ ਮਾਲੜੀ, ਲੇਖਕ ਅਤੇ ਕਹਾਣੀਕਾਰ ਦੇਸ ਰਾਜ ਕਾਲ਼ੀ ਇਸ ਵਿਚਾਰ-ਚਰਚਾ 'ਚ ਸ਼ਾਮਲ ਹੋਏ।



ਮਾਨਯੋਗ ਸ੍ਰੀ ਵਿਜੈ ਸਾਂਪਲਾ ਜੀ ਚੇਅਰਮੈਨ ਰਾਸ਼ਟਰੀ ਐਜ. ਸੀ. ਕਮਿਸ਼ਨ ਭਾਰਤ ਸਰਕਾਰ ਦਾ ਜਲੰਧਰ ਦਿਹਾਤੀ ਵਿਖੇ ਪੰਹੁਚਣ ਤੇ ਮਨਜੀਤ ਬਾਲੀ ਮੈਂਬਰ ਡਾ. ਅੰਬੇਡਕਰ ਫਾਊਂਡੇਸ਼ਨ ਭਾਰਤ ਸਰਕਾਰ ਦੀ ਪ੍ਰਧਾਨਗੀ ਹੇਠ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਰਾਜੀਵ ਪਾਜਾਂ ਮੈਂਬਰ ਭਾਜਪਾ ਕਾਰਜਕ-ਾਰਨੀ ਪੰਜਾਬ, ਜੋਗੀ ਤੱਲ੍ਹਣ ਇੰਚਾਰਜ ਭਾਜਪਾ ਐਸ.ਸੀ. ਮੋਰਚਾ ਆਈ.ਟੀ. ਸੈਲ ਪੰਜਾਬ, ਇੰਦਰਜੀਤ ਮਹਿਤਾ ਭਾਜਪਾ ਮੰਡਲ ਪ੍ਰਧਾਨ ਭੋਗਪੁਰ, ਪ੍ਰਸ਼ੋਤਮ ਗੋਗੀ ਮੈਂਬਰ ਬੀ. ਸੀ. ਮੋਰਚਾ ਪੰਜਾਬ, ਇੰਦਰਜੀਤ ਸਹੋਤਾ ਭਾਜਪਾ ਮੰਡਲ ਪ੍ਰਧਾਨ ਅਲਾਵਲਪੁਰ, ਪ੍ਰੇਮ ਬੇਰੀ, ਵਿਸ਼ਾਲ ਗੁਪਤਾ, ਬੱਲੀ ਕੋਟਲੀ, ਹਰੀਸ਼ ਚਾਵਲਾ, ਨਿਧੀ ਤਿਵਾੜੀ ਜ਼ਲ੍ਹਿਾ ਪ੍ਰਧਾਨ ਭਾਜਪਾ ਮਹਿਲਾ ਮੋਰਚਾ, ਪਵਨ ਭੱਟੀ ਜ਼ਲਿਾ ਪ੍ਰਧਾਨ ਭਾਜਪਾ ਐਸ.ਸੀ. ਮੋਰਚਾ, ਵਿਕਰਮ ਸਿੰਘ ਵਿੱਕੀ, ਪਰਮਿੰਦਰ ਰਾਣਾ, ਵਰੁਣ ਚੱਡਾ, ਨਰਿੰਦਰ ਨਿੱਪੀ, ਆਦਿ ਹਾਜ਼ਰ ਸਨ।

# "ਬੀ ਸੀ ਦਾ ਸਟਰੌਂਗਮੈਨ" ਪਾਵਰ-ਲਿਫ਼ਟਰ ਪੈਂਟਾ ਗੁਣਾਚੌਰੀਆ



ਇਕਬਾਲ ਸਿੰਘ ਜੱਬੋਵਾਲੀਆ

2001 ਦੀ 9 ਜੂਨ ਨੂੰ ਆਲ-ਰਾਊਂਡਰ ਭਾਰ ਵਰਗ ਵਿੱਚੋਂ ਪੈਂਟਾਂ ਪਹਿਲਾ ਸਥਾਨ ਪ੍ਰਾਪਤ ਕਰਕੇ ਬੀ. ਸੀ. ਦਾ ਸਟਰੌਂਗ ਮੈਨ (ਤਾਕਤਵਰ ਆਦਮੀਂ) ਬਣਿਆਂ। ਇਹ ਮੁਕਾਬਲਾ ਬੀ ਸੀ ਦੀ ਪਾਵਰ ਲਿਫ਼ਟਿੰਗ ਚੈਪੀਂਅਨਸ਼ਿਪ ਵਲੋਂ ਨਿਊਵੈਸਟ ਮਨਿਸਟਰ ਸੈਕੰਡਰੀ ਸਕੂਲ ਵਿਖੇ ਕਰਾਇਆ ਗਿਆ ਸੀ। 90 ਕਿਲੋਗ੍ਰਾਮ ਵਰਗ ਵਿੱਚ ਰਹਿ ਕੇ ਪੈਂਟੇਂ ਨੇ ਇਹ ਮੁਕਾਬਲਾ ਸਰ ਕੀਤਾ। ਬੈਂਚ-ਪਰੈਸ ਅਤੇ ਸਕੁਐਟ ਦੋਹਾਂ ਦਾ ਭਾਰ ਰਲਾ ਕੇ 665 ਕਿਲੋ ਗ੍ਰਾਮ ਚੁੱਕਿਆ ਤੇ ਸਮੁੱਚੇ ਪੰਜਾਬੀ ਭਾਈਚਾਰੇ ਦਾ ਨਾਂ ਉਚਾ ਕੀਤਾ।

ਉਸੇ ਸਾਲ ਹੀ 11 ਨਵੰਬਰ ਨੂੰ ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਵਲੋਂ ਵਿਲੀਅਮਜ਼ ਲੇਕ (ਬੀ ਸੀ) ਪਾਵਰ-ਲਿਫ਼ਟਿੰਗ ਮੁਕਾਬਲੇ ਹੋਏ। ਉਨ੍ਹਾਂ ਮੁਕਾਬਲਿਆਂ 'ਚੋਂ ਪੈਂਟਾ ਦੂਜੀ ਖਿਡਾਰੀਆਂ ਨੇ ਮੈਡਲ 'ਤੇ ਮੈਡਲ ਜਿੱਤੇ ਅਤੇ ਜਿੱਤ ਵੀ ਰਹੇ ਨੇ। ਉਚੇਰੀ ਪੜ੍ਹਾਈ ਲਈ ਸੰਨ 94 'ਚ ਐਸ ਐਨ ਕਾਲਜ਼ ਬੰਗਾ ਗਿਆ।ਇਕ ਸਾਲ ਬੰਗਾ ਕਾਲਜ਼ ਲਾਇਆ, ਮੇਹਨਤ ਕੀਤੀ ਤੇ ਅਗਲੇ ਸਾਲ ਵੇਟ-ਲਿਫ਼ਟਰਾਂ ਅਤੇ ਪਾਵਰ-ਲਿਫ਼ਟਰਾਂ ਦੇ ਗੜ੍ਹ ਜਾਣੇਂ ਜਾਂਦੇ ਰਾਮ ਗੜ੍ਹੀਆ ਕਾਲਜ਼ ਫ਼ਗਵਾੜਾ ਗਿਆ।ਕੈਪਟਨ ਪਿਆਰਾ ਸਿੰਘ ਦੀ ਦੇਖ-ਰੇਖ ਪ੍ਰੈਕਟਿਸ ਸ਼ੁਰੂ ਕੀਤੀ। ਸੰਨ 97 'ਚ ਰਾਮ ਗੜ੍ਹੀਆ ਵਲੋਂ ਯੂਨੀਵਰਸਿਟੀ ਮੁਕਾਬਲਾ ਲੜਿਆ। ਡੈਡ-ਲਿਫ਼ਟ ਅਤੇ ਸਕੂਐਡ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਉਥੋਂ ਰਿਕਾਰਡ ਬਣਾਇਆ ਤੇ ਗੋਲਡ ਮੈਡਲ ਜਿੱਤਿਆ। ਉਸੇ ਸਾਲ ਹੀ ਇੰਟਰ-ਵਰਸਿਟੀ ਅਤੇ ਸਟੇਟ ਕੰਪੀਟੀਸ਼ਨ ਵਿੱਚ 160 ਕਿਲੋਗ੍ਰਾਮ ਦੀ ਬੈਂਚ-ਪਰੈਸ ਲਾਈ।ਫਿਰ ਆਲ-ਇੰਡੀਆ ਇੰਟਰਵਰਸਿਟੀ ਮੁਕਾਬਲਿਆਂ 'ਚ ਤਿੰਨ ਸਾਲ ਲਗਾਤਾਰ ਚੈਪ-

ਹੁੰਦਾ।ਭਾਰਤ 'ਚ ਕੀਤੇ ਜਬਰਦਸਤ ਮੁਕਾਬਲੇ ਅਤੇ ਰਾਜਾ ਸਾਹਿਬ ਸਪੋਰਟਸ ਕਲੱਬ ਦੀ ਦਸ ਸਾਲ ਮੇਹਨਤ ਦੀ ਕੈਨੇਡਾ ਆ ਕੇ ਫਿਰ ਤਿਆਰੀ ਖਿੱਚੀ। ਸੰਨ 2000 'ਚ ਘਰੇਲੂ ਕੰਮਾਂ-ਕਾਰਾਂ 'ਚ ਬਿਜ਼ੀ ਰਿਹਾ ਤੇ ਕੋਈ ਮੁਕਾਬਲਾ ਨਾ ਲੜ ਸਕਿਆ।ਪਰ ਕਲੱਬ ਜਾਣਾ ਜਾਰੀ ਰੱਖਿਆ।ਜੋਰਾਂ, ਸ਼ੋਰਾਂ ਨਾਲ ਮੇਹਨਤ ਕੀਤੀ। ਉਹਦਾ ਦੂਸਰਾ ਭਰਾ ਹਰਜਿੰਦਰ ਸਿੰਘ ਸ਼ੋਕਰ ਵੀ ਵੇਟ-ਲਿਫ਼ਟਰ ਰਹਿ ਚੁੱਕੈ ਤੇ ਪੰਜਾਬ ਪੁਲਿਸ ਦੀ ਨੌਕਰੀ ਤੋਂ ਬਾਅਦ ਘਰ ਦੀ ਖੇਤੀ ਸਾਂਭਦੈ। ਜਦ ਕਿ ਤੀਜਾ ਭਰਾ ਸ. ਦਲਜੀਤ ਸਿੰਘ ਸ਼ੋਕਰ ਕੈਲੇਫ਼ੋਰਨੀਆਂ 'ਚ 'ਸ਼ੋਕਰ ਟਰਾਂਸਪੋਰਟ' ਦੇ ਕਾਰੋਬਾਰ ਵਿੱਚ ਹੈ।

ਪੈਂਟੇ ਦੇ ਦੱਸਣ ਅਨੁਸਾਰ ਕੈਨੇਡਾ ਵਿੱਚ ਆਏ ਦੀ ਉਸ ਦੀ ਸਰੀ ਨਿਵਾਸੀ ਪ੍ਰਤਿਪਾਲ ਸਿੰਘ ਨੇ ਬਾਂਹ ਫੜੀ ਤੇ ਹਰ

ਓ ਹ ਪਰਸਨਲ ਟ੍ਰੇਨਰ ਹੈ। "ਫ਼ਿਟ ਫ਼ਾਰ ਮੀ" ਦੇ ਟਰੇਡ ਹੇਠ ਦੂਜੇ ਸ਼ਹਿਰਾਂ ਵੀ ਸ਼ਾਖਾਵਾਂ ਖੋਹਲਣ ਜਾ ਰਿਹੈ। ਹਰ ਇਕ ਮਸ਼ੀਨ 'ਫ਼ਿੱਟ ਫ਼ਾਰ ਮੀ' ਦੇ ਟਰੇਡ ਹੇਠ ਹੋਵੇਗੀ। ਉਹ ਰਾਜਾ ਸਾਹਿਬ ਮਹਾਂ-ਪੁਰਸ਼ਾਂ ਦਾ ਬੜਾ ਉਪਾਸ਼ਕ ਹੈ। ਐਡੇ ਵੱਡੇ ਕਲੱਬ ਦਾ ਸੰਚਾਲਕ ਹੋਣਾ ਵੀ ਮਹਾਂ-ਪੁਰਸ਼ਾਂ ਦੀ ਹੀ ਦੇਣ









ਵਾਰ ਚੈਪੀਂਅਨ ਬਣਿਆਂ ਤੇ ਸੋਨ-ਤਗ਼ਮਾਂ ਕਬਜ਼ੇ 'ਚ ਕੀਤਾ। ਉਸ ਨੇ ਸਕੂਐਟ ਅਤੇ ਡੈਡ ਲਿਫ਼ਟ ਕੁਲ ਮਿਲਾ ਕੇ 627.5 ਕਿਲੋਗ੍ਰਾਮ ਭਾਰ ਚੁਕਿਆ।ਜਦਕਿ ਦੂਜੇ ਰਨਰ-ਅੱਪ ਦਾ ਰਿਕਾਰਡ 600 ਕਿਲੋਗ੍ਰਾਮ ਤੋਂ ਵੀ ਘੱਟ ਸੀ।

ਮਾਰਚ 2002 ਵਿੱਚ ਨਵਾਸਕੋਸ਼ੀਆ 'ਚ ਹੋ ਰਹੀ ਨੈਸ਼ਨਲ ਚੈਪੀਂਅਨਸ਼ਿਪ ਜਿੱਤਣਾ ਉਹਦਾ ਅਗਲਾ ਨਿਸ਼ਾਨਾ ਸੀ। ਤਾਂ ਕਿ ਉਲੰਪਿਕ ਵਿੱਚ ਅਸਾਨੀ ਨਾਲ ਪਰਵੇਸ਼ ਕੀਤਾ ਜਾ ਸਕੇ। ਕਿਸੇ ਕਾਰਨਾਂ ਕਰਕੇ ਇਹ ਕੰਪੀਟੀਸ਼ਨ ਲੜ ਨਾ ਸਕਿਆ। ਹੁਣ ਉਸ ਨੇ ਅਗਲੇ ਸਾਲ ਹੋਣ ਵਾਲੇ ਕੰਪੀਟੀਸ਼ਨਾਂ ਦੀ ਤਿਆਰੀ ਕਰ ਲਈ ਸੀ।ਪੂਰਾ ਤਿਆਰ ਸੀ।

ਪੈਂਟਾ ਸਿਰੜੀ ਤੇ ਤਪੱਸਵੀ ਖਿਡਾਰੀ ਸੀ।ਭਾਰਤ ਵਿੱਚ ਉਸ ਨੇ ਬੜੇ ਮੁਕਾਬਲੇ ਜਿੱਤੇ। ਸਕੂਲਾਂ ਤੋਂ ਹੀ ਵੇਟ-ਲਿਫ਼ਟਿੰਗ ਕਰਦਾ ਆਇਆ ਸੀ।ਉਹ ਪਿੰਡ ਦੇ ਪ੍ਰਸਿੱਧ ਕਲੱਬ 'ਰਾਜਾ ਸਾਹਿਬ ਕਲੱਬ' ਦਾ ਧੱਕੜ ਖਿਡਾਰੀ ਸੀ।ਜਿਥੋਂ ਜਸਵੀਰ ਸਿੰਘ ਕਰਨਾਣਾ ਵਰਗੇ ਉਲੰਪੀਂਅਨ ਤੇ ਬੇਗ਼ਾਨੇਂ ਮੁੱਲਕਾਂ ਦੇ ਵੇਟ-ਲਿਫ਼ਟਰਾਂ ਨੂੰ ਵੰਗਾਰਨ ਵਾਲੇ ਸੰਤੋਖ ਬਿੱਲੇ ਵਰਗੇ ਟਾਪ ਖਿਡਾਰੀ ਹੋਏ। ਉਹ ਕਲੱਬ ਦੇ ਪ੍ਰਸਿੱਧ ਲਿਫ਼ਟਰਾਂ ਜਗਦੀਸ਼ ਸਿੰਘ ਦੀਸ਼ਾ ਅਤੇ ਹਰਜੀਤ ਸਿੰਘ ਕੋਲੋਂ ਸਿਖਲਾਈ ਲੈ ਚੁੱਕਾ ਸੀ। ਦੋਹਾਂ ਨੂੰ ਆਪਣਾ ਗੁਰੂ ਮੰਨਿਆਂ।ਕਲੱਬ ਦੇ ਕਰਤਾ-ਧਰਤਾ ਸ. ਬਲਦੇਵ ਸਿੰਘ ਮਾਨ ਨਿਊਯਾਰਕ ਦਾ ਕਲੱਬ ਲਈ ਬੜਾ ਸਹਾਰਾ ਮੰਨਦਾ।ਜਿਸ ਦੀ ਹੱਲਾ-ਸ਼ੇਰੀ ਨਾਲ ਕਲੱਬ ਦੇ ੀਅਨ ਬਣ ਕੇ ਗੋਲਡ-ਮੈਡਲ ਜਿੱਤੇ।

ਬੰਬਈ ਦੀ ਯੁਨੀਅਰ ਨੈਸ਼ਨਲ ਚੈਪੀਂਅਨਸ਼ਿਪ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਫ਼ਰਵਰੀ 1998 ਵਿੱਚ ਕੇਰਲਾ ਯੂਨੀਵਰਸਿਟੀ ਖੇਡਾਂ ਵਿੱਚ 82.5 ਕਿਲੋ ਗ੍ਰਾਮ ਵਰਗ ਵਿੱਚ ਹਿੱਸਾ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ 323 ਕਿਲੋ ਗ੍ਰਾਮ ਦੀ ਡੈਡ ਲਿਫ਼ਟ ਲਾ ਕੇ ਨਵਾਂ ਰਿਕਾਰਡ ਪੇਸ਼ ਕੀਤਾ।

ਦਸੰਬਰ 1999 ਦੀਆਂ ਰਾਏਪੁਰ (ਮੱਧ ਪ੍ਰਦੇਸ਼) ਇੰਟਰ-ਯੂਨੀਵਰਸਿਟੀ ਖੇਡਾ ਦੌਰਾਨ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਕੇ ਮੈਡਲ ਜਿੱਤੇ। ਜਿਕਰਯੋਗ ਹੈ ਪੈਂਟਾ 320 ਕਿਲੋਗ੍ਰਾਮ ਦੀ ਡੈਡ-ਲਿਫ਼ਟ ਲਾ ਚੁੱਕੈ ਜਦਕਿ ਵਿਸ਼ਵ ਰਿਕਾਰਡ 342 ਕਿਲੋਗ੍ਰਾਮ ਦਾ ਹੈ। 1999 ਦੀ ਮੱਧ ਪ੍ਰਦੇਸ਼ ਦੀ ਡੈਡ-ਲਿਫ਼ਟ ਦਾ ਰਿਕਾਰਡ ਕਾਇਮ ਕਰਕੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ ਤੇ ਸੋਨ-ਤਗ਼ਮਾ ਝੋਲੀ ਪੁਆਇਆ।

ਪਿਤਾ ਸ. ਹਰਬੰਸ ਸਿੰਘ ਸ਼ੋਕਰ ਤੇ ਮਾਤਾ ਸੁਰਿੰਦਰ ਕੌਰ ਸ਼ੋਕਰ ਦਾ ਦੁੱਧ, ਮੱਖਣਾ ਨਾਲ ਪਾਲਿਆ ਪੁੱਤ ਤਰਸੇਮ ਸਿੰਘ ਸ਼ੋਕਰ ਉਰਫ਼ ਪੈਂਟਾ ਭਾਰਤੀ ਮੁਕਾਬਲਿਆਂ ਵਿੱਚੋਂ ਵੱਡੀਆਂ ਮੱਲਾਂ ਮਾਰਦਾ 1999 'ਚ ਕੈਨੇਡਾ ਦੇ ਸ਼ਹਿਰ ਵੈਨਕੂਵਰ ਆਇਆ ਸੀ ਕੈਨੇਡਾ ਆ ਕੇ ਘਰ-ਬਾਰ ਚਲਾਉਂਣ ਲਈ ਟਰੱਕ ਚਲਾਉਣਾ ਪਿਆ ਪਰ ਖੇਡ-ਸ਼ੌਕ ਨਾ ਛੱਡਿਆ। ਕਈ ਵਾਰ ਸੋਚਦਾ ਅਗਰ ਉਹ ਭਾਰਤ ਹੁੰਦਾ ਤਾਂ ਉਥੋਂ ਦੀ ਸਰਕਾਰ ਦੇ ਸਹਿਯੋਗ ਨਾਲ ਹੁਣ ਤੱਕ ਵਿਸ਼ਵ ਪੱਧਰ ਦਾ ਚੈਪੀਂਅਨਸ਼ਿਪ

ਤਰ੍ਹਾਂ ਨਾਲ ਬੜੀ ਮੱਦਦ ਕੀਤੀ।ਜਿਸ ਦਾ ਹਮੇਸ਼ਾਂ ਸਤਿਕਾਰ ਰਹੇਗਾ। ਇਸ ਮੁਕਾਮ 'ਤੇ ਪਹੁੰਚਾਣ ਲਈ ਉਸ ਨੂੰ ਕਦੇ ਨਹੀਂ ਭੁਲੇਗਾ। ਸ਼ੇਰ-ਦਿਲ ਇਨਸਾਨ ਪ੍ਰਤਿਪਾਲ ਪਹਿਲਾਂ ਬਾਡੀ-ਬਿਲਡਿੰਗ ਕਰਦਾ ਸੀ ਫਿਰ ਪੈਂਟੇ ਦੀ ਹੱਲਾ-ਸ਼ੇਰੀ ਨਾਲ ਉਹ ਪਾਵਰ-ਲਿਫ਼ਟਿੰਗ ਕਰਨ ਲੱਗਾ ਸੀ।

ਇਸ ਵਕਤ ਪੈਂਟੇਂ ਨੇ ਸਰੀ ਇਲਾਕੇ 'ਚ ਡਟਿ-4-ਮਏ" ਨਾਂ 'ਤੇ ਜਿੰਮ ਖੋਲ੍ਹਿਆ ਹੋਇਐ। ਜਿਥੇ ਸੱਤ ਸੌ ਤੋਂ ਜਿਆਦਾ ਸਵੇਰੇ-ਸ਼ਾਮ ਗੋਰੇ-ਗੋਰੀਆਂ ਅਤੇ ਪੰਜਾਬੀ ਮੁੰਡੇ-ਕੁੜੀਆਂ ਆਉਂਦੇ ਹਨ। ਇਹ ਕਲੱਬ ਚੌਵੀ ਘੰਟੇ ਖੁਲ੍ਹਦਾ ਹੈ।

ਸਮਝਦਾ ਹੈ।ਉਹ ਬੜਾ ਮੇਹਨਤੀ ਤੇ ਹਮੇਸ਼ਾਂ ਚੜ੍ਹਦੀ-ਕਲਾ 'ਚ ਰਹਿਣ ਵਾਲਾ ਇਨਸਾਨ ਹੈ।

"ਸੱਚੇ ਪਾਤਸ਼ਾਹ ਦੀ ਜਿਸ 'ਤੇ ਮੇਹਰ ਹੋਵੇ ,
ਬੜਾ ਕੁਝ ਕਰ ਜਾਂਦੇ।
ਅਸਮਾਨੀਂ ਉਡਦਾ ਫਿਰਦਾ ਬੰਦਾ,
ਮੂਹਰੇ ਮੁਸੀਬਤਾਂ ਖੜ੍ਹ ਜਾਂਦੇ।
ਵਾਹਿਗੁਰੂ ਜਦੋਂ ਦਿਆਲ ਹੋ ਜਾਵੇ"ਇਕਬਾਲ ਸਿੰਹਾਂ",
ਮੀਂਹ ਖੁਸ਼ੀਆਂ ਦੇ ਵਰ੍ਹ ਜਾਂਦੇ।"

ਪੈਂਟੇ ਦਾ ਨੰਬਰ-
778-855-1274







ਕਿੰਗ ਜਾਰਜ ਮੈਡੀਕਲ ਯੂਨੀਵਰਸਿਟੀ ਵਿਖੇ ਅਧਿਆਪਕਾਂ, ਕਰਮਚਾਰੀਆਂ ਅਤੇ ਸਮਾਜ ਸੇਵਕਾਂ ਨੇ ਸ੍ਰੀ ਗੁਰੂ ਰਵਿਦਾਸ ਦਾ 644ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਅਤੇ ਉਹਨਾਂ ਦੇ ਸੰਦੇਸ਼, ਸਿੱਖਿਆਵਾਂ, ਸਮਾਜਿਕ ਬਰਾਬਰੀ ਅਤੇ ਭਾਈਚਾਰਾ ਵਿਕਸਤ ਕਰਨ ਦੇ ਸੰਦੇਸ਼ ਤੇ ਅਮਲ ਕਰਨ ਦੀ ਬੇਨਤੀ ਕੀਤੀ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

ਹੁਸ਼ਿਆਰਪੁਰ/ਸ਼ਾਮ ਚੁਰਾਸੀ ਹਫਤਾਵਾਰੀ ਖਬਰਨਾਮਾ / ਕੁਲਦੀਪ ਚੁੰਬਰ

# ਪਿੰਡ ਧੁਦਿਆਲ 'ਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਧੂੰਮ-ਧਾਮ ਨਾਲ ਮਨਾਇਆ











**ਹੁਸ਼ਿਆਰਪੁਰ/ਸ਼ਾਮ ਚੁਰਾਸੀ–** ਸ੍ਰੀ ਗੁਰੂ ਰਵਿਦਾ ਜੀ ਮਹਾਰਾਜ ਜੀ ਦਾ 644ਵਾਂ ਪਾਵਨ ਪਵਿੱਤਰ ਆਗਮਨ ਦਿਹਾੜਾ ਬਹੁਤ ਹੀ ਸ਼ਰਧਾ ਤੇ ਧੂੰਮਧਾਮ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਧੁਦਿਆਲ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਪਹਿਲਾਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੀ ਬਾਣੀ ਦੇ ਭੋਗ ਪਾਏ ਗਏ, ਉਪਰੰਤ ਉਪਰ ਬਣਾਏ ਗਏ ਨਵੇਂ ਸੁੰਦਰ ਹਾਲ ਦੀਵਾਨ ਵਿਚ ਕੀਰਤਨ ਕਥਾ ਪ੍ਰਵਾਹ ਚਲਾਇਆ ਗਿਆ। ਜਿਸਦਾ ਸੈਂਕੜੇ ਸੰਗਤਾਂ ਨੇ ਆਨੰਦ ਮਾਣਿਆ। ਇਸ ਮੌਕੇ ਸੰਤ ਹਰਚਰਨ ਦਾਸ ਜੀ ਸ਼ਾਮਚੁਰਾਸੀ ਵਾਲਿਆਂ ਨੇ ਪ੍ਰਵਚਨ ਸਰਵਣ ਕਰਾਏ ਤੇ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਸ਼ੁਭਕਾਮਨਾਵਾਂ ਭੇਂਟ ਕੀਤੀਆਂ। ਇਸ ਤੋਂ ਇਲਾਵਾ ਭਾਈ ਹਰਵਿੰਦਰ ਸਿੰਘ ਫਗਵਾੜਾ, ਭਾਈ ਅਵਤਾਰ ਸਿੰਘ ਨਿਮਾਣਾ, ਮਿਸ਼ਨਰੀ ਗਾਇਕ ਕੁਲਦੀਪ ਚੁੰਬਰ, ਭਾਈ ਜਸਵੀਰ ਸਿੰਘ ਚੁੰਬਰ, ਭਾਈ ਮਨੀ ਸਿੰਘ



ਭਾਟੀਆ, ਗਿਆਨੀ ਸਰਵਣ ਸਿੰਘ, ਕਵੀਸ਼ਰੀ ਜਥਾ ਬੀਬੀ ਸੁਪਿੰਦਰ ਕੌਰ, ਬੀਬੀ ਕਰਮਨਜੋਤ ਕੌਰ ਅਤੇ ਬੀਬੀ ਸੁਖਮੀਤ ਕੌਰ ਨੇ ਸੰਗਤ ਨੂੰ ਗੁਰਬਾਣੀ ਕੀਰਤਨ, ਸ਼ਬਦ ਮਹਿਮਾ ਦੇ ਗੀਤ ਅਤੇ ਕਵੀਸ਼ਰੀ ਨਾਲ ਨਿਹਾਲ ਕੀਤਾ।

ਸਟੇਜ ਦੀ ਸੇਵਾ ਪ੍ਰਗਟ ਸਿੰਘ ਚੁੰਬਰ ਵੱਲੋਂ ਨਿਭਾਈ ਗਈ। ਇਸ ਮੌਕ ਦਾਨੀ ਸੱਜਣਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕ ਕਮੇਟੀ ਉਂਕਾਰ ਸਿੰਘ, ਪ੍ਰਗਟ ਸਿੰਘ, ਮਨਜੀਤ ਸਿੰਘ, ਸੁਖਵਿੰਦਰ ਸਿੰਘ ਵੱਲੋਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

ਹੋਰਨਾਂ ਤੋਂ ਇਲਾਵਾ ਇਸ ਮੌਕੇ ਇੰਜੀਨੀਅਰ ਜਗਜੀਤ ਸਿੰਘ, ਬਲਜੀਤ ਸਿੰਘ, ਏ. ਐਸ. ਆਈ. ਬਲਵਿੰਦਰ ਸਿੰਘ, ਨੰਬਰਦਾਰ ਰਾਮ ਪ੍ਰਕਾਸ਼ ਸਿੰਘ, ਸਰਪੰਚ ਸਾਬੀ ਹੁੰਦਲ, ਸੁਖਵੀਰ ਸਿੰਘ ਸ਼ੀਰਾ, ਗੁਰਿੰਦਰਪਾਲ ਸਿੰਘ ਹੁੰਦਲ, ਭਾਈ ਨੱਥਾ ਸਿੰਘ, ਭਾਈ ਹਰਜਿੰਦਰ ਸਿੰਘ, ਕੈਪਟਨ ਲਾਲ ਸਿੰਘ, ਕੈਪਟਨ ਜੀ. ਪੀ. ਸਿੰਘ, ਪੰਚ ਸੁਰਜੀਤ ਕੌਰ, ਏ. ਐਸ. ਆਈ. ਬਲਜੀਤ ਸਿੰਘ, ਏ. ਐਸ. ਆਈ. ਸੇਵਾ ਸਿੰਘ, ਪੰਚ ਜਸਵੀਰ ਸਿੰਘ, ਰਾਜ ਕੁਮਾਰ ਪਟਵਾਰੀ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਆਈਆਂ ਸੰਗਤਾਂ ਵਿਚ ਚਾਹ ਪਕੌੜਾ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

****

## ਰਹਿਮਤਾਂ ਦਾ ਨੂਰ

ਦਰ ਉਤੇ ਰਹਿਮਤਾਂ ਦਾ ਨੂਰ ਵਰਦਾ
ਮੁੱਕਦੇ ਝਮੇਲੇ ਦੀਦ ਕਰ ਜੱਗ ਦੇ
ਜਿਹਦੀ ਪੱਥਰੀ ਦੇ ਥੱਲੇ ਗੰਗਾ ਵੱਗਦੀ
ਹੋ ਗਏ ਨੇ ਦੀਵਾਨੇ ਸਾਰੇ ਉਸ ਰੱਬ ਦੇ।

ਮਖਫੀ ਖਜ਼ਾਨੇ ਦੀਆਂ ਦਾਤਾਂ ਹੱਥੀਂ ਵੰਡਦਾ
ਗੰਢੇ ਤਕਦੀਰਾਂ ਨਾ ਉਹ ਟੁੱਟੇ ਜੋੜੇ ਗੰਢਦਾ
ਤਪਦੇ ਕਲੇਜੇ ਠੰਡੇ ਠਾਰ ਕਰਦਾ
ਕੱਟੀ ਦੁੱਖ ਕਾਂਸ਼ੀ ਵਾਲਾ ਜਾਂਦਾ ਸਭ ਦੇ
ਜਿਹਦੀ ਪੱਥਰੀ ਦੇ ਥੱਲੇ ਗੰਗਾ ....

ਰਾਜੇ ਮਹਾਰਾਜੇ ਆ ਕੇ ਚਰਨਾਂ 'ਚ ਬਹਿ ਗਏ
ਕਰਕੇ ਸਬਰ ਦਾਤਾਂ ਰੱਬ ਦੀਆਂ ਲੈ ਗਏ
ਸੱਤੋ ਸੱਤ ਹੋਕਾ ਦੇਵੇ ਸਤਿਨਾਮੁ ਦਾ
ਦਰਸ਼ ਦੀਦਾਰ ਬੜੇ ਹੀ ਸਬੱਬ ਦੇ
ਜਿਹਦੀ ਪੱਥਰੀ ਦੇ ਥੱਲੇ ਗੰਗਾ ...

ਕਹਿੰਦੇ ਰੱਬ ਰੂਪ ਰਵਿਦਾਸ ਦਾ ਵਟਾ ਗਿਆ
ਧਰਤੀ ਨੂੰ ਭਾਗ ਲਾਉਣ ਖੁਦ ਰੱਬ ਆ ਗਿਆ
ਛੱਤਰ ਝੁਲਾਉਣ ਸਿਰ ਦੇਵੀ ਦੇਵਤੇ
ਤੱਕ ਤੱਕ ਨੈਣ ਮੁੱਖੜਾ ਨਾ ਰੱਜਦੇ
ਜਿਹਦੀ ਪੱਥਰੀ ਦੇ ਥੱਲੇ ਗੰਗਾ ....

'ਚੁੰਬਰਾ' ਲੋਕਾਈ ਝੁਕ ਝੁਕ ਮੱਥਾ ਟੇਕਦੀ
ਆਸ ਤੇ ਮੁਰਾਦ ਪੂਰੀ ਹੁੰਦੀ ਹੈ ਹਰੇਕ ਦੀ
ਚਰਨਾਂ 'ਚ ਜੋੜਕੇ ਤੂੰ ਰੱਖੀਂ ਮਾਲਕਾ
ਹਾਲ ਜਿਊਣ ਦੇ ਨਾਂ ਤੇਰੇ ਬਿਨ ਚੱਜਦੇ
ਜਿਹਦੀ ਪੱਥਰੀ ਦੇ ਥੱਲੇ ਗੰਗਾ ....

**– ਕੁਲਦੀਪ ਚੁੰਬਰ**
91-98151-37254

## ਗਿੱਧਾ ਬੋਲੀਆਂ

1 ਸਾਕ-ਸਾਕ ਕੀ ਕਰਦੈਂ ਜੀਜਾ,
ਸਾਕ ਤੂੰ ਲੈਜਾ ਮੇਰਾ।
ਵੇ ਨਾ ਮੈਂ ਜੂਠੇ ਭਾਂਡੇ ਮਾਂਜਣੇ,
ਨਾ ਮੈਂ ਸੁੱਟਦੀ ਕੂੜਾ।
ਜੇ ਮੈਨੂੰ ਝਿੜਕ ਪਈ,
ਪੱਟਦੂੰ ਵਿਚੋਲਿਆ ਜੂੜਾ।

2 ਸੁਣ ਵੇ ਮੁੰਡਿਆ ਕੈਂਠੇ ਵਾ-
ਲਿਆ,
ਖੂਹ ਟੋਭੇ ਨਾ ਜਾਈਏ।
ਖੂਹ ਟੋਭੇ ਤੇਰੀ ਹੋਵੇ ਚਰਚਾ,
ਚਰਚਾ ਨਾ ਕਰਵਾਈਏ।
ਜਿਸਦੀ ਬਾਂਹ ਫੜੀਏ,
ਸਿਰ ਦੇ ਨਾਲ ਨਿਭਾਈਏ।

3 ਇੱਕ ਲਾਲ ਪੋਣਾ,
ਇਕ ਹਰਾ ਪੋਣਾ।
ਮੇਰੇ ਬਾਪ ਦਾ ਜਵਾਈ,
ਨੀ ਬੜਾ ਸੋਹਣਾ।

4 ਆਉਣ ਨੇਰੀਆਂ,
ਵੇ ਜਾਣ ਨੇਰੀਆਂ।
ਮੁੰਡਿਆ ਸੱਥ ਦੇ ਵਿਚਾਲੇ,
ਗੱਲਾਂ ਹੋਣ ਤੇਰੀਆਂ।
ਮੁੰਡਿਆ------।

5 ਉੱਚੇ ਟਿੱਬੇ ਮੈਂ ਤਾਣਾ ਤਣਦੀ,
ਉੱਤੋਂ ਦੀ ਲੰਘ ਗਈ ਵੱਛੀ।
ਨਣਾਨੇ ਮੋਰਨੀਏ,
ਘਰ ਜਾ ਕੇ ਨਾ ਦੱਸੀ।
ਨਣਾਨੇ-------



**ਤਸਵਿੰਦਰ ਸਿੰਘ ਬੜੈਚ**
91-98763-22677

## ਦਾਸਤਾਨ

ਤੈਨੂੰ ਹੱਸ ਕੇ ਬੁਲਾਈਏ ਕਦੇ ਬੋਲਦਾ ਨਹੀਂ
ਕੀ ਦਿਲ ਵਿਚ ਤੇਰੇ ਘੁੰਡੀ ਖੋਲ੍ਹਦਾ ਨਹੀਂ
ਨਾ ਦੁਖ ਸੁਖ ਬਹਿ ਕੇ ਕਦੇ ਫੋਲਦਾ ਨਹੀਂ
ਤੈਨੂੰ ਸੱਚੀਆਂ ਸੁਣਾਵਾਂ ਮੈਨੂੰ ਮਿਲੀਆਂ ਸਜ਼ਾਵਾਂ
ਨਾ ਤੂੰ ਮੁੱਲ ਦੀ ਲੜਾਈ ਕਦੇ ਲੈ ਮੱਖਣਾ
ਤੈਨੂੰ ਕਿਸੇ ਨਾਲ ਕੀ ਬੱਸ ਆਪਣੀ ਨਿਬੇੜ
ਗੱਲ ਦਿਲ ਵਾਲੀ ਦਿੱਤੀ ਤੈਨੂੰ ਕਹਿ ਮੱਖਣਾ।

ਕਾਹਦੀ ਜ਼ਿੰਦਗੀ ਹੈ ਤੂੰ ਤਾਂ ਪੈਸਾ ਮੁੱਖ ਰੱਖਿਆ
ਲੋਕੀ ਵੇਖਦੇ ਤਮਾਸ਼ਾ ਸਾਥੋਂ ਪਾਸਾ ਵੱਟਿਆ
ਅੱਕੀ ਸਤੀ ਨੇ ਸੁਨੇਹਾ ਫਿਰ ਪੇਕੀਂ ਘੱਲਿਆ
ਕਹਿਣ ਹੋਸ਼ ਨਾ ਟਿਕਾਣੇ ਚੁੱਪ ਵੱਟ ਤੂੰ ਰਕਾਨੇ
ਬੁੱਢੇ ਮਾਪਿਆਂ ਦੀ ਗੱਲ ਲਈ ਸਹਿ ਮੱਖਣਾ
ਤੈਨੂੰ ਕਿਸੇ ਨਾਲ ਕੀ ਬੱਸ ਆਪਣੀ ਨਿਬੇੜ ਗੱਲ ...

ਅਸੀਂ ਝੂਲਣੀ ਹਨੇਰੀ ਨਾ ਕੋਈ ਖੜੂ ਹਾਣੀਆ
ਮੈਂ ਵੀ ਸਿਰ ਚੜ੍ਹ ਤੇਰੇ ਫਿਰ ਮਰੂੰ ਹਾਣੀਆਂ
ਪਿੱਛੋਂ ਜਣਾ ਖਣਾ ਤੇਰੇ ਨਾਲ ਲੜੂ ਹਾਣੀਆਂ
ਕੁਝ ਸੋਚ ਤੂੰ ਵਿਚਾਰ ਕੋਈ ਸਕੇ ਨਾ ਸਹਾਰ
ਐਵੇਂ ਬਣਕੇ ਬਗਾਨੀ ਦਾ ਨਾ ਬਹਿ ਮੱਖਣਾ
ਤੈਨੂੰ ਕਿਸੇ ਨਾਲ ਕੀ ਬੱਸ ਆਪਣੀ ਨਿਬੇੜ ਗੱਲ ..

ਜਿਹੜੇ ਘਰ ਖੁਸ਼ੀ ਹੁੰਦੀ ਲਾਉਂਦੀ ਚਾਰ ਚੰਨ ਵੇ
ਬਹੁਤੀ ਚੰਗੀ ਨਹੀਂ ਲੜਾਈ ਗੱਲ ਮੇਰੀ ਮੰਨ ਵੇ
ਓਟ ਉਤਲੇ ਦੀ ਲੈ ਤੂੰ ਹੋਜੂ ਧੰਨ ਧੰਨ ਵੇ
ਆਊ ਘਰ 'ਚ ਬਹਾਰ ਵੱਸੇ ਸੁਖੀ ਪਰਿਵਾਰ
'ਦੇਵ ਘੋਲੀਏ' ਦੇ ਵਾਂਗ ਖੁਸ਼ ਰਹਿ ਮੱਖਣਾ
ਤੈਨੂੰ ਕਿਸੇ ਨਾਲ ਕੀ ਬੱਸ ਆਪਣੀ ਨਿਬੇੜ
ਗੱਲ ਦਿਲ ਵਾਲੀ ਦਿੱਤੀ ਤੈਨੂੰ ਕਹਿ ਮੱਖਣਾ।


**ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764



# ਵਿਪਸਾ ਦੀ ਮਾਸਿਕ ਮਿਲਣੀ ਵਿਚ ਅਮਰਜੀਤ ਕੌਰ ਪੰਨੂੰ ਦੀ ਕਹਾਣੀ ਪ੍ਰਕਿਰਿਆ 'ਤੇ ਸਾਰਥਕ ਚਰਚਾ

ਬੀਤੇ ਦਿਨੀਂ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਹੋਈ ਵਿਪਸਾ ਦੀ ਮਾਸਿਕ ਮਿਲਣੀ ਆਪਣੇ ਪਿੱਛੇ ਅਮਿੱਟ ਸਾਹਿਤਕ ਪੈੜ ਛੱਡ ਗਈ। ਇਸ ਮਿਲਣੀ ਦੇ ਆਰੰਭ ਵਿਚ ਜਨਰਲ ਸਕੱਤਰ ਕੁਲਵਿੰਦਰ ਨੇ ਡਾ. ਸੁਖਵਿੰਦਰ ਕੰਬੋਜ ਨੂੰ ਸਵਾਗਤੀ ਭਾਸ਼ਣ ਲਈ ਸੱਦਾ ਦਿੱਤਾ।ਕੰਬੋਜ ਨੇ ਊਰਜਾ ਭਰਪੂਰ ਸਵਾਗਤੀ ਸ਼ਬਦਾਂ ਦੇ ਨਾਲ ਆਪਣੀ ਕਾਰਜ ਕਾਰਨੀ ਦੀ ਜਾਣ-ਪਛਾਣ ਕਰਵਾਈ। ਚਰਨਜੀਤ ਪੰਨੂ ਨੇ ਪਿਛਲੀ ਮਿਲਣੀ ਬਾਰੇ ਅਖ਼ਬਾਰਾਂ ਦੀਆਂ ਖ਼ਬਰਾਂ ਦਾ ਤਬਸਰਾ ਕੀਤਾ। ਉਨ੍ਹਾਂ ਚੜ੍ਹਦੀ ਕਲਾ ਟਾਈਮ ਟੀ.ਵੀ ਤੇ ਅਖ਼ਬਾਰ ਦੇ ਡਾਇਰੈਕਟਰ ਸਤਬੀਰ ਸਿੰਘ ਦਰਦੀ, ਕਿਸਾਨ ਸੰਘਰਸ਼ ਵਿਚ ਸ਼ਹੀਦ ਹੋਏ 250 ਦੇ ਕਰੀਬ ਕਿਸਾਨਾਂ, ਸਾਕਾ ਨਨਕਾਣਾ ਦੇ ਸ਼ਹੀਦਾਂ, ਤਿੰਨ ਸਾਲ ਪਹਿਲਾਂ ਵਿਪਸਾ ਦੀ ਸਰਗਰਮ ਵਿਛੜੀ ਰੂਹ ਲਾਜ ਸੈਣੀ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸਰਗਰਮ ਆਗੂ ਦਾਤਾਰ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਸਮੂਹ ਸਾਹਿਤਕਾਰਾਂ ਨੇ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰਨ ਕੀਤਾ।

ਇਸ ਮਿਲਣੀ ਦੇ ਦੂਜੇ ਸੈਸ਼ਨ 'ਲਾਜ ਸੈਣੀ ਦੀਆਂ ਯਾਦਾਂ ਦੇ ਅੰਗ-ਸੰਗ' ਦਾ ਸੰਚਾਲਨ ਹਰਜਿੰਦਰ ਕੰਗ ਨੇ ਪ੍ਰਭਾਵਸ਼ਾਲੀ ਢੰਗ ਨਾਲ ਕਰਦੇ ਕਿਹਾ ਕਿ ਸਾਡੇ ਸਮਾਜ ਵਿਚ ਅਕਸਰ ਹੁੰਦਾ ਹੈ ਕਿ ਇਨਸਾਨ ਜੀਵਤ ਹੁੰਦੇ ਹਨ ਤੇ ਰਿਸ਼ਤੇ ਮਰ ਜਾਂਦੇ ਹਨ। ਅਸੀਂ ਉਸ ਰਿਸ਼ਤੇ ਦੀ ਗੱਲ ਕਰਨ ਜਾ ਰਹੇ ਹਾਂ ਜੋ ਜਾਣ ਤੋਂ ਬਾਅਦ ਵੀ ਜਿਊਂਦਾ ਹੈ।ਇਸ ਮੌਕੇ ਰਾਠੇਸ਼ਵਰ ਸਿੰਘ ਸੂਰਾਪੁਰੀ ਨੇ ਦੱਸਿਆ ਕਿ ਲਾਜ ਸੈਣੀ ਨੇ ਨੀਲਮ ਸੈਣੀ ਦੀ ਸਾਹਿਤਕ ਸ਼ਖ਼ਸੀਅਤ ਉਸਾਰੀ ਵਿਚ ਭਰਪੂਰ ਯੋਗਦਾਨ ਪਾਇਆ ਹੈ।ਉਹ ਵਧੀਆ ਪਾਠਕ, ਸਰੋਤਾ ਅਤੇ ਅਲੋਚਕ ਸੀ। ਤਾਰਾ ਸਿੰਘ ਸਾਗਰ ਦੱਸਿਆ ਕਿ ਉਨ੍ਹਾਂ ਦੇ ਕਾਰਜ-ਕਾਲ ਦੌਰਾਨ ਲਾਜ ਸੈਣੀ ਨੇ ਪ੍ਰਬੰਧਕੀ ਕਾਰਜਾਂ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ।ਅਮਰਜੀਤ ਪੰਨੂੰ ਨੇ ਕਿਹਾ ਕਿ ਉਨ੍ਹਾਂ ਨੂੰ ਤਿੰਨ ਸਾਲ ਪਹਿਲਾਂ ਆਈ ਉਹ ਤੂਫ਼ਓਮਪ;ਾਨੀ ਰਾਤ ਯਾਦ ਹੈ ਜੋ ਲਾਜ ਨੂੰ ਸਾਡੇ ਕੋਲੋਂ ਸਦਾ ਲਈ ਲੈ ਗਈ ਸੀ ਪਰ ਤਸੱਲੀ ਹੈ ਕਿ ਨੀਲਮ ਨੇ ਮੁੜ ਆਪਣੇ ਆਪ ਨੂੰ ਸਾਹਿਤ ਨਾਲ ਜੋੜਿਆ ਹੈ।ਸੁਰਜੀਤ ਕੈਨੇਡਾ ਨੇ ਕਿਹਾ ਕਿ ਲਾਜ ਸੈਣੀ ਇਕ ਗਹਿਰ-ਗੰਭੀਰ ਖ਼ਸੀਅਤ ਸੀ ਅਤੇ ਜਿਸ ਤਰ੍ਹਾਂ ਲਾਜ ਨੇ ਨੀਲਮ ਨੂੰ ਸਾਹਿਤਕ ਸਹਿਯੋਗ ਦਿੱਤਾ, ਉਹ ਆਪਣੇ ਆਪ ਵਿਚ ਮਿਸਾਲ ਹੈ।ਹੁਣ ਨੀਲਮ ਨੇ ਆਪਣੇ ਸਾਹਿਤਕ ਨਾਮ ਦੇ ਨਾਲ ਆਪਣੇ ਤੋਂ ਪਹਿਲਾਂ ਲਾਜ ਦਾ ਨਾਮ ਜੋੜ ਕੇ ਉਸਨੂੰ ਆਪਣੇ ਤੋਂ ਅੱਗੇ ਕਰ ਦਿੱਤਾ ਹੈ। ਲਾਜ ਨੀਲਮ ਸੈਣੀ ਨੇ ਕਿਹਾ ਕਿ ਵਿਪਸਾ ਉਸਦਾ ਸਾਹਿਤਕ ਪਰਿਵਾਰ ਹੈ। ਲਾਜ ਦੇ ਸਰੀਰਕ ਵਿਛੋੜੇ ਤੋਂ ਬਾਅਦ ਵਿਪਸਾ ਵਲੋਂ ਮਿਲੇ ਸਹਿਯੋਗ ਨੇ ਹੀ ਉਸਦੀ ਕਲਮ ਨੂੰ ਨਿਰੰਤਰ ਤੋਰੀ ਰੱਖਿਆ ਹੈ।ਲਾਜ ਦੀਆਂ ਨਿੱਘੀਆਂ ਯਾਦਾਂ ਉਸਦੀ ਊਰਜਾ ਹਨ। ਸੁਖਵਿੰਦਰ ਕੰਬੋਜ ਨੇ ਕਿਹਾ, ਉਸਾਡੀਆਂ ਸਭਾਵਾਂ ਵਿਚ ਸਾਹਿਤਕਾਰ ਹਮੇਸ਼ਾਂ ਆਪਣੀਆਂ ਪਤਨੀਆਂ ਨੂੰ ਲਿਆਉਣ ਤੋਂ ਗੁਰੇਜ਼ ਕਰਦੇ ਹਨ ਪਰ ਜਿਸ ਤਰ੍ਹਾਂ ਲਾਜ ਸੈਣੀ, ਨੀਲਮ ਸੈਣੀ ਨੂੰ ਵਿਪਸਾ ਦੀ ਮਿਲਣੀ ਵਿਚ ਪਹਿਲੀ ਵਾਰੀ ਲੈ ਕੇ ਆਇਆ ਸੀ, ਮੈਂ ਸੱਚਮੁਣ ਉਸ ਨੂੰ ਆਪਣਾ ਪ੍ਰਾਹੁਣਾ ਮੰਨਿਆਂ ਹੈ।" ਤੀਜਾ ਸੈਸ਼ਨ 'ਅਮਰਜੀਤ ਪੰਨੂੰ ਦੀ ਕਹਾਣੀ ਪ੍ਰਕਿਰਿਆ ਬਾਰੇ ਸੀ। ਇਸਦਾ ਸੰਚਾਲਨ ਗੁਲਸ਼ਨ ਦਿਆਲ ਨੇ ਬਚਪਨ ਵਿਚ ਸੁਣੀਆਂ ਬਾਤਾਂ ਦਾ ਜ਼ਿਕਰ ਕਰਦੇ ਹੋਏ ਰੌਚਿਕ ਢੰਗ ਨਾਲ ਕੀਤਾ। ਡਾ. ਰਜਿੰਦਰ ਸਿੰਘ ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡਾ ਨੇ ਅਮਰਜੀਤ ਪੰਨੂੰ ਦੀ ਕਹਾਣੀ ਪ੍ਰਕਿਰਿਆ ਬਾਰੇ ਲਿਖਿਆ ਪੇਪਰ 'ਅਮਰਜੀਤ ਕੌਰ ਪੰਨੂੰ ਦੀ ਕਥਾ ਦ੍ਰਿਸ਼ਟੀ' ਭਾਵਪੂਰਤ ਢੰਗ ਨਾਲ ਪੜ੍ਹਿਆ। ਉਨ੍ਹਾਂ ਅੰਗਰੇਜ਼ੀ ਤੇ ਪੰਜਾਬੀ ਦੋਵਾਂ ਭਾਸ਼ਾਵਾਂ ਦੀ ਲੇਖਕ ਅਮਰਜੀਤ ਪੰਨੂੰ ਦੀਆਂ ਚੋਣਵੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਕਰਦੇ ਕਿਹਾ ਕਿ ਅਮਰਜੀਤ ਪੰਨੂੰ ਦੀਆਂ ਕਹਾਣੀਆਂ ਯਥਾਰਥ ਦੇ ਨੇੜੇ ਹਨ। ਕਹਾਣੀਆਂ ਦੇ ਨਾਮ ਢੁੱਕਵੇਂ ਤੇ ਪ੍ਰਤੀਕਾਤਮਕ ਹਨ। ਅਮਰਜੀਤ ਪੰਨੂੰ ਦੀਆਂ ਇਹ ਕਹਾਣੀਆਂ ਪੰਜਾਬੀ ਸਾਹਿਤ ਵਿਚ ਵਿਲੱਖਣ ਸਥਾਨ ਪ੍ਰਾਪਤ ਕਰ ਗਈਆਂ ਹਨ। ਉਨ੍ਹਾਂ ਲਿਖਣ-ਸ਼ੈਲੀ ਦੀ ਗੱਲ ਕਰਦਿਆਂ ਪੰਨੂੰ ਵਲੋਂ ਨਵੇਂ ਘੜੇ ਸ਼ਬਦਾਂ 'ਮਨੋਰੰਜਨ-ਕੰਧ ਅਤੇ ਭਸਮ ਭੱਠੀ'ਦਾ ਜ਼ਿਕਰ ਵੀ ਕੀਤਾ। ਪੰਨੂੰ ਦੀਆਂ ਕਹਾਣੀਆਂ ਦਾ ਵਿਗਿਆਨਕ ਪੱਖ ਵੀ ਕਹਾਣੀਆਂ ਨੂੰ ਵਿਸ਼ੇਸ਼ਤਾ ਪ੍ਰਦਾਨ ਕਰਦਾ ਹੈ ਅਤੇ ਪੰਨੂੰ ਕੋਲ ਕਹਾਣੀ ਕਹਿਣ ਦਾ ਢੰਗ ਹੈ। ਡਾ. ਸੁਹਿੰਦਰਬੀਰ ਨੇ ਕਿਹਾ ਕਿ ਅਮਰਜੀਤ ਪੰਨੂੰ ਦੀ ਕਥਾਕਾਰੀ ਵਿਚ ਬਿੰਬਾਵਲੀ ਉਨ੍ਹਾਂ ਦੀਆਂ ਕਹਾਣੀਆਂ ਨੂੰ ਵਿਸ਼ੇਸ਼ ਦਿੱਖ ਪ੍ਰਦਾਨ ਕਰਦੀ ਹੈ। ਸੁਰਿੰਦਰ ਸੋਹਲ ਨੇ ਕਿਹਾ ਕਿ ਉਹ ਅਮਰਜੀਤ ਪੰਨੂੰ ਦੀਆਂ ਕਹਾਣੀਆਂ ਵਿਚ ਸਿਰਜੇ ਦ੍ਰਿਸ਼ਟਾਂਤ ਤੋਂ ਪ੍ਰਭਾਵਿਤ ਹਨ। ਇਸ ਮੌਕੇ ਹਾਜ਼ਰ ਸਾਹਿਤਕਾਰਾਂ ਚਰਨਜੀਤ ਸਿੰਘ ਪੰਨੂੰ, ਸੁਰਿੰਦਰ ਸੀਰਤ, ਰਵਿੰਦਰ ਸਹਿਰਾਅ ਅਤੇ ਲਾਜ ਨੀਲਮ ਸੈਣੀ ਨੇ ਡਾ. ਰਜਿੰਦਰ ਸਿੰਘ ਵਲੋਂ ਲਿਖੇ ਪੇਪਰ ਦੀ ਸ਼ਲਾਘਾ ਕੀਤੀ ਅਤੇ ਪੇਪਰ ਨਾਲ ਸੰਬੰਧਿਤ ਸਵਾਲ ਵੀ ਪੁੱਛੇ। ਅਮਰਜੀਤ ਪੰਨੂੰ ਨੇ ਵਿਪਸਾ ਦਾ ਅਤੇ ਡਾ. ਰਜਿੰਦਰ ਸਿੰਘ ਦਾ ਧੰਨਵਾਦ ਕਰਦੇ ਦੱਸਿਆ ਕਿ ਉਨ੍ਹਾਂ ਦਾ ਨਾਵਲ 'ਸਪਲਿੰਟਡ ਵਾਟਰਜ਼' ਅਜ਼ਾਦੀ ਸੰਘਰਸ਼ ਨਾਲ ਸੰਬੰਧਿਤ (ਪੰਜ ਪਾਣੀਆਂ ਦੀ ਵੰਡ ਦੀ ਵੇਦਨਾ), ਮਾਰਚ 21 ਨੂੰ ਨਿਊਯਾਰਕ ਵਿਚ ਲੋਕ ਅਰਪਣ ਕੀਤਾ ਜਾ ਰਿਹਾ ਹੈ ਅਤੇ ਉਹ ਪੰਜਾਬੀ ਅਤੇ ਅੰਜ਼ਰੇਜ਼ੀ ਵਿਚ ਲਿਖਣਾ ਜਾਰੀ ਰੱਖਾਂਗੀ।




ਤੀਜਾ ਸੈਸ਼ਨ ਕਵੀ ਦਰਬਾਰ ਸੀ।ਇਸ ਸੈਸ਼ਨ ਦਾ ਮੰਚ ਸੰਚਾਲਨ ਲਾਜ ਨੀਲਮ ਸੈਣੀ ਨੇ ਕੀਤਾ।ਮਹਿੰਦਰ ਸਿੰਘ ਸੰਘੇੜਾ, ਐਸ਼ਕਮ ਐਸ਼, ਸੁਖਪਾਲ ਸੰਘੇੜਾ, ਤਾਰਾ ਸਿੰਘ ਸਾਗਰ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਸੁਰਜੀਤ ਕੈਨੇਡਾ. ਪਿਆਰਾ ਸਿੰਘ ਕੁੱਦੋਵਾਲ, ਚਰਨਜੀਤ ਸਿੰਘ ਪੰਨੂੰ, ਰਵਿੰਦਰ ਸਹਿਰਾਅ, ਡਾ. ਗੁਰਪ੍ਰੀਤ ਧੁੱਗਾ, ਸੁਰਿੰਦਰ ਸੀਰਤ, ਸੁਰਿੰਦਰ ਸੋਹਲ, ਸੁਰਜੀਤ ਸਖੀ ਅਤੇ ਕੁਲਿਵੰਦਰ ਨੇ ਸ਼ਾਮ ਵਿਚ ਕਾਵਿਕ ਤਰੰਗਾਂ ਭਰੀਆਂ। ਇਸ ਮਿਲਣੀ ਵਿਚ ਹਰਪ੍ਰੀਤ ਧੂਤ ਅਤੇ ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਉਚੇਚੀ ਸ਼ਿਰਕਤ ਕੀਤੀ।ਅੰਤ ਵਿਚ ਡਾ. ਸੁਖਵਿੰਦਰ ਕੰਬੋਜ ਨੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ।

**- ਲਾਜ ਨੀਲਮ ਸੈਣੀ**






## Law Office of
## NIRWAN & ASSOCIATES



www.nirwanlaw.com

*Business Incorporation*
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

## A & S
## Auto Repair & Services
Specializing in Brakes & Axles

Mon-Fri
9:00 AM
to 6:00 PM
Saturday
9:00 AM to
5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

## ਲੰਡਨ ਖਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਵੇਲਜ਼ ਨੇ ਲਗਾਈ ਹਸਪਤਾਲਾਂ, ਸਕੂਲਾਂ ਅਤੇ ਖੇਡ ਮੈਦਾਨਾਂ ਵਿੱਚ ਸਿਗਰਟਨੋਸ਼ੀ 'ਤੇ ਪਾਬੰਦੀ

**ਗਲਾਸਗੋ/ਲੰਡਨ–** ਯੂਕੇ ਵਿੱਚ ਵੇਲਜ਼ ਅਜਿਹਾ ਪਹਿਲਾ ਖੇਤਰ ਬਣ ਗਿਆ ਹੈ, ਜਿਸਨੇ ਹਸਪਤਾਲਾਂ ,ਸਕੂਲਾਂ, ਜਨਤਕ ਖੇਡ ਦੇ ਮੈਦਾਨਾਂ ਅਤੇ ਬੱਚਿਆਂ ਨਾਲ ਸੰਬੰਧਿਤ ਹੋਰ ਥਾਵਾਂ 'ਤੇ ਸਿਗਰਟਨੋਸ਼ੀ ਉੱਪਰ ਪਾਬੰਦੀ ਲਗਾਈ ਹੈ।

ਇਹਨਾਂ ਨਵੇਂ ਨਿਯਮਾਂ ਤਹਿਤ ਕਾਨੂੰਨ ਤੋੜਨ ਵਾਲੇ ਕਿਸੇ ਵੀ ਵਿਅਕਤੀ ਨੂੰ 100 ਪੌਂਡ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ, ਜਿਸਦਾ ਉਦੇਸ਼ ਲੋਕਾਂ ਨੂੰ ਤੰਬਾਕੂਨੋਸ਼ੀ ਸ਼ੁਰੂ ਕਰਨ ਤੋਂ ਰੋਕਣਾ ਅਤੇ ਛੱਡਣ ਦੀ ਕੋਸ਼ਿਸ਼ ਕਰਨ ਵਾ-ਲਿਆਂ ਦਾ ਸਮਰਥਨ ਕਰਨਾ ਹੈ।

ਇਸ ਕਾਨੂੰਨ ਨੂੰ ਲਾਗੂ ਕਰਨ ਅਤੇ ਧੂੰਆਂ ਮੁਕਤ ਵਾਤਾਵਰਨ ਪ੍ਰਤੀ ਜਾਗਰੂਕਤਾ ਲਿਆਉਣ ਦੇ ਯਤਨਾਂ ਤਹਿਤ, ਸਾਊਥ ਵੇਲਜ਼ ਦੇ ਦੋ ਹਸਪਤਾਲਾਂ, ਕਵੇਮਬਰਨ ਵਿੱਚ ਗਰੇਂਜ ਯੂਨੀਵਰਸਿਟੀ ਹਸਪਤਾਲ ਅਤੇ ਨਿਊਪੋਰਟ ਦੇ ਰਾਇਲ ਗਵੇਂਟ ਹਸਪਤਾਲ ਵਿਖੇ ਬਟਨ ਪੈਡ ਵਾਲਾ ਇੱਕ ਆਡੀਓ ਸਪੀਕਰ ਸਿਸਟਮ ਸਥਾਪਤ ਕੀਤਾ ਜਾ ਰਿਹਾ ਹੈ।

ਇਸ ਸਿਸਟਮ ਦੇ ਤਹਿਤ ਜੇਕਰ ਕੋਈ ਵੀ ਖੇਤਰ ਵਿੱਚ ਕਿਸੇ ਨੂੰ ਤਮਾਕੂਨੋਸ਼ੀ ਕਰਦੇ ਨੂੰ ਵੇਖਦਾ ਹੈ ਤਾਂ ਉਹ ਇੱਕ ਬਟਨ ਦਬਾ ਕੇ ਲੋਕਾਂ ਨੂੰ ਇੱਕ ਰਿਕਾਰਡ ਕੀਤੇ ਸੰਦੇਸ਼ ਦੁਆਰਾ, ਸਿਗਰਟ ਪੀਣ ਦੀ ਇਜਾਜ਼ਤ ਨਾ ਹੋਣ ਬਾਰੇ ਯਾਦ ਦਵਾ ਸਕਦਾ ਹੈ।

ਇਸ ਸੰਬੰਧ ਵਿੱਚ ਵੇਲਜ਼ ਦੇ ਮਾਨਸਿਕ ਸਿਹਤ ਮੰਤਰੀ ਐਲਨਡ ਮੋਰਗਨ ਅਨੁਸਾਰ ਇਹ ਕਾਨੂੰਨ ਲਾਗੂ ਕਰਨਾ ਵੇਲਜ਼ ਲਈ ਇੱਕ ਮਾਣ ਵਾਲੀ ਗੱਲ ਹੈ ਅਤੇ ਇਸਦੇ ਸਫਲ ਹੋਣ ਦੀ ਵੀ ਪੂਰੀ ਉਮੀਦ ਹੈ।

# ਯੂਕੇ ਵਿੱਚ ਮਨੁੱਖੀ ਤਸਕਰੀ ਕਰਨ ਵਾਲਿਆਂ ਨੂੰ ਮਿਲ ਸਕਦੀ ਹੈ ਉਮਰ ਕੈਦ ਦੀ ਸਜ਼ਾ

**ਗਲਾਸਗੋ/ਲੰਡਨ–** ਯੂਕੇ ਵਿੱਚ ਚੈਨਲ ਨੂੰ ਪਾਰ ਕਰਕੇ ਆਉਣ ਵਾਲੇ ਪਰਵਾਸੀਆਂ ਨੂੰ ਰੋਕਣ ਦੀ ਕੋਸ਼ਿਸ਼ ਵਿੱਚ ਜੁਰਮਾਨੇ ਵਧਾਉਣ ਦੀ ਯੋਜਨਾ ਤਹਿਤ ਮਨੁੱਖੀ ਤਸਕਰੀ ਕਰਨ ਵਾਲਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਯੂਕੇ ਵਿੱਚ ਮੌਜੂਦਾ ਸਮੇਂ ਤਸਕਰੀ ਕਰਨ ਵਾਲੇ ਲੋਕਾਂ ਲਈ ਸਭ ਤੋਂ ਵੱਧ ਸਜ਼ਾ 14 ਸਾਲ ਦੀ ਕੈਦ ਹੈ ਅਤੇ ਗ੍ਰਹਿ ਸਕੱਤਰ ਪ੍ਰੀਤੀ ਪਟੇਲ ਅਨੁਸਾਰ ਇਸ ਸੰਬੰਧੀ ਸਿਰਫ ਤਿੰਨ ਸਾਲ ਦੀ ਸਜ਼ਾ ਹੀ ਮਿਲਦੀ ਹੈ, ਜਿਸ ਕਾਰਨ ਉਹ ਜੇਲ ਦੀ ਮਿਆਦ ਵਧਾਉਣੀ ਚਾਹੁੰਦੀ ਹੈ। ਗ੍ਰਹਿ ਦਫਤਰ ਨੇ ਜਾਣਕਾਰੀ ਦਿੱਤੀ ਕਿ ਇਸ ਮਾਮਲੇ ਦੇ ਸੰਬੰਧ ਵਿੱਚ ਮੰਤਰੀਆਂ ਦੁਆਰਾ ਆਉਣ ਵਾਲੇ ਹਫਤਿਆਂ ਵਿੱਚ ਹੋਰ ਵੇਰਵੇ ਦਿੱਤੇ ਜਾਣਗੇ। ਇਸ ਗੈਰ-ਕਾਨੂੰਨੀ ਤਸਕਰੀ ਸੰਬੰਧੀ




ਵਿਭਾਗ ਦੇ ਇੱਕ ਬੁਲਾਰੇ ਅਨੁਸਾਰ ਕਈ ਅਪਰਾਧਿਕ ਗਿਰੋਹ ਆਪਣੇ ਫਾਇਦੇ ਲਈ ਜਾਨਾਂ ਨੂੰ ਖ਼ਤਰੇ ਵਿਚ ਪਾਉਂਦੇ ਰਹਿੰਦੇ ਹਨ ਅਤੇ ਗ੍ਰਹਿ ਵਿਭਾਗ ਲੋਕਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਹਰ ਵਿਕਲਪ 'ਤੇ ਵਿਚਾਰ ਕਰ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸ਼ਨੀਵਾਰ ਦੇ ਦਿਨ ਚਾਰ ਛੋਟੀਆਂ ਕਿਸ਼ਤੀਆਂ ਵਿੱਚ 87 ਲੋਕ ਖਤਰਨਾਕ ਯਾਤਰਾ ਕਰਨ ਤੋਂ ਬਾਅਦ ਡੋਵਰ ਪਹੁੰਚੇ ਹਨ, ਜਿਹਨਾਂ ਦਾ ਕੋਰੋਨਾ ਟੈਸਟ ਕਰਨ 'ਤੇ ਇੱਕ ਪ੍ਰਵਾਸੀ ਦਾ ਸਕਾਰਾਤਮਕ ਨਤੀਜਾ ਮਿਲਿਆ ਹੈ। ਇਸ ਸਾਲ 531 ਲੋਕਾਂ ਨੇ ਇਸ ਚੈਨਲ ਨੂੰ ਪਾਰ ਕੀਤਾ ਹੈ, ਜੋ 2020 ਵਿੱਚ ਇਸੇ ਸਮੇਂ ਦੀ ਮਿਆਦ ਨਾਲੋਂ 40× ਵੱਧ ਹੈ, ਜਦਕਿ ਪਿਛਲੇ ਸਾਲ ਵਿੱਚ 8,417 ਲੋਕ ਚੈਨਲ ਪਾਰ ਕਰਕੇ ਬਰਤਾਨੀਆ ਪਹੁੰਚੇ ਸਨ।

# ਐਕਸੀਟਰ ਵਿੱਚ ਵਿਸ਼ਵ ਯੁੱਧ 2 ਨਾਲ ਸੰਬੰਧਿਤ ਬੰਬ ਨੂੰ ਧਮਾਕਾ ਕਰਕੇ ਕੀਤਾ ਗਿਆ ਨਸ਼ਟ

**ਗਲਾਸਗੋ/ਲੰਡਨ–** ਯੂਕੇ ਦੇ ਐਕਸੀਟਰ ਵਿੱਚ ਮਿਲੇ ਵਿਸ਼ਵ ਯੁੱਧ 2 ਨਾਲ ਸੰਬੰਧਿਤ ਮੰਨੇ ਜਾਂਦੇ ਬੰਬ ਨੂੰ ਨਿਯੰਤਰਿਤ ਸਥਿਤੀ ਵਿੱਚ ਧਮਾਕਾ ਕਰਕੇ ਨਸ਼ਟ ਕੀਤਾ ਗਿਆ ਹੈ। ਸ਼ੁੱਕਰਵਾਰ ਦੇ ਦਿਨ ਐਕਸੀਟਰ ਦੇ ਗਲੇਨ-ਥੌਰਨ ਰੋਡ 'ਤੇ ਇਸ ਬੰਬ ਦੇ ਮਿਲਣ ਤੋਂ ਬਾਅਦ ਇਸ ਖੇਤਰ ਵਿਚਲੇ 2,600 ਤੋਂ ਵੱਧ ਘਰਾਂ ਅਤੇ ਯੂਨੀਵਰਸਿਟੀ ਆਫ ਐਕਸੀਟਰ ਦੇ ਹਾਲਾਂ ਵਿੱਚੋਂ ਤਕਰੀਬਨ 1400 ਵਿਦਿਆਰਥੀਆਂ ਨੂੰ ਵੀ ਸੁਰੱਖਿਆ ਕਾਰਨਾਂ ਕਰਕੇ ਬਾਹਰ ਕੱਢਿਆ ਗਿਆ। ਪੁਲਿਸ ਦੁਆਰਾ ਇਸ ਕਾਰਵਾਈ ਲਈ ਇੱਕ 330 ਫੁੱਟ (100 ਮੀਟਰ) ਦਾ ਘੇਰਾ ਪਾਇਆ ਗਿਆ ਜਿਸਨੂੰ ਬਾਅਦ ਵਿੱਚ



1,310 ਫੁੱਟ (400 ਮੀਟਰ) ਤੱਕ ਵਧਾਇਆ ਗਿਆ। ਇਸ ਬੰਬ ਦੇ ਨਿਪਟਾਰੇ ਲਈ ਮਾਹਿਰਾਂ ਨੇ 400 ਟਨ ਰੇਤ ਦੀ ਵਰਤੋਂ ਕੀਤੀ ਅਤੇ ਇਸ ਬੰਬ ਦੇ ਧਮਾਕੇ ਦੀਆਂ ਆਵਾਜ਼ਾਂ ਪੰਜ ਮੀਲ (8 ਕਿਲੋਮੀਟਰ) ਦੂਰ ਤੱਕ ਸੁਣਨ ਦੀਆਂ ਖ਼ਬਰਾਂ ਆਈਆਂ ਹਨ। ਜਿਕਰਯੋਗ ਹੈ ਕਿ ਦੂਸਰੇ ਵਿਸ਼ਵ ਯੁੱਧ ਦੌਰਾਨ ਵਿਸ਼ੇਸ਼ ਤੌਰ 'ਤੇ ਮਈ 1942 ਵਿੱਚ ਬੈਡੇਕਰ ਰੇਡਜ਼ ਦੌਰਾਨ ਇਸ ਸ਼ਹਿਰ 'ਤੇ ਜਰਮਨ ਹਮਲਾਵਰਾਂ ਨੇ ਭਾਰੀ ਹਮਲਾ ਕੀਤਾ ਸੀ।

# ਲੋਕਾਂ ਨੇ ਕੋਰੋਨਾ ਪਾਬੰਦੀਆਂ ਦੇ ਬਾਵਜੂਦ ਸਮੁੰਦਰੀ ਕੰਢੇ ਅਤੇ ਪਾਰਕਾਂ ਵਿੱਚ ਕੀਤੀ ਸ਼ਮੂਲੀਅਤ

**ਗਲਾਸਗੋ/ਲੰਡਨ–** ਯੂਕੇ ਵਿੱਚ ਕੋਰੋਨਾ ਵਾਇਰਸ ਦੀ ਲਾਗ ਨੂੰ ਫੈਲਣ ਤੋਂ ਰੋਕਣ ਲਈ ਲਾਗੂ ਕੀਤੇ ਗਏ ਨਿਯਮਾਂ ਤਹਿਤ ਲੋਕਾਂ ਨੂੰ ਘਰਾਂ ਵਿੱਚ ਹੀ ਰਹਿਣ ਦੀ ਅਪੀਲ ਕੀਤੀ ਗਈ ਹੈ, ਪਰ ਇਸ ਹਫਤੇ ਦੇ ਅੰਤ ਵਿੱਚ ਲੋਕਾਂ ਨੇ ਇਹਨਾਂ ਨਿਯਮਾਂ ਨੂੰ ਪਾਸੇ ਰੱਖ ਕੇ ਮੌਸਮ ਦਾ ਆਨੰਦ ਲੈਣ ਲਈ ਪਾਰਕਾਂ ਅਤੇ ਸਮੁੰਦਰੀ ਕੰਢਿਆਂ 'ਤੇ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਹੈ। ਇਸ ਦੌਰਾਨ ਦੱਖਣੀ ਇੰਗਲੈਂਡ ਦੇ ਕੁਝ ਹਿੱਸਿਆਂ ਵਿੱਚ ਤਾਪਮਾਨ 13 ਡਿਗਰੀ ਸੈਲਸੀਅਸ ਹੋਣ ਕਰਕੇ ਲੋਕਾਂ ਨੇ ਘਰਾਂ ਤੋਂ ਬਾਹਰ ਨਿਕਲ ਕੇ ਪਾਰਕਾਂ ਆਦਿ ਵਿੱਚ ਇਕੱਠ ਕੀਤਾ। ਦੇਸ਼ ਦੇ ਖੇਤਰਾਂ ਜਿਵੇਂ ਕਿ ਐਕਸੀਟਰ ਵਿੱਚ ਐਕਸੇ ਦਰਿਆ ਦੇ ਨਾਲ ਲੋਕਾਂ ਦੀ ਵੱਡੀ ਭੀੜ ਨੇ ਸ਼ਿਰਕਤ ਕੀਤੀ। ਯੂਕੇ ਵਿੱਚ 6 ਜਨਵਰੀ ਨੂੰ ਮੌਜੂਦਾ ਤਾਲਾਬੰਦੀ ਲਾਗੂ ਹੋਣ ਤੋਂ ਬਾਅਦ



ਲੋਕਾਂ ਨੂੰ ਆਪਣੇ ਘਰਾਂ ਤੋਂ ਬਾਹਰ ਕਿਸੇ ਨਾਲ ਵੀ ਸਮਾਜਿਕ ਸੰਬੰਧ ਜਾਂ ਘਰ ਦੇ ਬਾਹਰ ਜਾਣ ਦੀ ਇਜਾਜ਼ਤ ਨਹੀਂ ਹੈ, ਪਰ ਹੁਣ ਹੌਲੀ ਹੌਲੀ ਤਾਲਾਬੰਦੀ ਦੀਆਂ ਪਾਬੰਦੀਆਂ ਹਟਾਉਣ ਲਈ ਯੋਜਨਾਵਾਂ ਦੇ ਤਹਿਤ ਲੋਕਾਂ ਨੂੰ 8 ਮਾਰਚ ਤੋਂ ਦੂਜੇ ਘਰਾਂ ਦੇ ਲੋਕਾਂ ਨਾਲ ਬਾਹਰ ਇੱਕ ਮੁਲਾਕਾਤ ਕਰਨ ਦੀ ਆਗਿਆ ਦਿੱਤੀ ਜਾਵੇਗੀ। ਹਾਲਾਂਕਿ ਲੋਕ ਸਮੇਂ ਤੋਂ ਪਹਿਲਾਂ ਹੀ ਨਿਯਮਾਂ ਨੂੰ ਤੋੜ ਰਹੇ ਹਨ। ਬੈਰੀ ਆਈਲੈਂਡ, ਸਾਊਥ ਵੇਲਜ਼ ਦੀ ਪੁਲਿਸ ਨੇ ਇਸ ਹਫਤੇ ਦੇ ਅੰਤ ਵਿੱਚ ਅਜਿਹੇ ਸਥਾਨਾਂ 'ਤੇ ਜਾਣ ਵਾਲੇ ਲੋਕਾਂ ਨੂੰ ਰੋਕਣ ਲਈ ਚੈਕਿੰਗ ਕਰਨ ਦੇ ਨਾਲ, ਨਿਯਮਾਂ ਦੀ ਉਲੰਘਣਾ ਕਰਨ ਲਈ 60 ਪੌਂਡ ਤੱਕ ਦੇ ਜੁਰਮਾਨੇ ਵੀ ਕੀਤੇ ਹਨ।

# ਐਕਸੀਟਰ ਵਿੱਚ ਵਿਸ਼ਵ ਯੁੱਧ 2 ਨਾਲ ਸੰਬੰਧਿਤ ਬੰਬ ਨੂੰ ਧਮਾਕਾ ਕਰਕੇ ਕੀਤਾ ਗਿਆ ਨਸ਼ਟ

**ਗਲਾਸਗੋ/ਲੰਡਨ–** ਯੂਕੇ ਦੇ ਐਕਸੀਟਰ ਵਿੱਚ ਮਿਲੇ ਵਿਸ਼ਵ ਯੁੱਧ 2 ਨਾਲ ਸੰਬੰਧਿਤ ਮੰਨੇ ਜਾਂਦੇ ਬੰਬ ਨੂੰ ਨਿਯੰਤਰਿਤ ਸਥਿਤੀ ਵਿੱਚ ਧਮਾਕਾ ਕਰਕੇ ਨਸ਼ਟ ਕੀਤਾ ਗਿਆ ਹੈ। ਸ਼ੁੱਕਰਵਾਰ ਦੇ ਦਿਨ ਐਕਸੀਟਰ ਦੇ ਗਲੇਨਥੌਰਨ ਰੋਡ 'ਤੇ ਇਸ ਬੰਬ ਦੇ ਮਿਲਣ ਤੋਂ ਬਾਅਦ ਇਸ ਖੇਤਰ ਵਿਚਲੇ 2,600 ਤੋਂ ਵੱਧ ਘਰਾਂ ਅਤੇ ਯੂ-ਨੀਵਰਸਿਟੀ ਆਫ ਐਕਸੀਟਰ ਦੇ ਹਾਲਾਂ ਵਿੱਚੋਂ ਤਕਰੀਬਨ 1400 ਵਿਦਿਆਰਥੀਆਂ ਨੂੰ ਵੀ ਸੁ-ਰੱਖਿਆ ਕਾਰਨਾਂ ਕਰਕੇ ਬਾਹਰ ਕੱਢਿਆ ਗਿਆ। ਪੁ-ਲਿਸ ਦੁਆਰਾ ਇਸ ਕਾਰਵਾਈ ਲਈ ਇੱਕ 330 ਫੁੱਟ (100 ਮੀਟਰ) ਦਾ ਘੇਰਾ ਪਾਇਆ ਗਿਆ ਜਿਸਨੂੰ ਬਾਅਦ ਵਿੱਚ 1,310 ਫੁੱਟ (400 ਮੀਟਰ) ਤੱਕ ਵਧਾਇਆ ਗਿਆ। ਇਸ ਬੰਬ ਦੇ ਨਿਪਟਾਰੇ ਲਈ ਮਾਹਿਰਾਂ ਨੇ 400 ਟਨ ਰੇਤ ਦੀ ਵਰਤੋਂ ਕੀਤੀ ਅਤੇ ਇਸ ਬੰਬ ਦੇ ਧਮਾਕੇ ਦੀਆਂ ਆਵਾਜ਼ਾਂ ਪੰਜ ਮੀਲ (8 ਕਿਲੋਮੀਟਰ) ਦੂਰ ਤੱਕ ਸੁਣਨ ਦੀਆਂ ਖ਼ਬਰਾਂ ਆਈਆਂ ਹਨ।

ਜਿਕਰਯੋਗ ਹੈ ਕਿ ਦੂਸਰੇ ਵਿਸ਼ਵ ਯੁੱਧ ਦੌਰਾਨ ਵਿਸ਼ੇਸ਼ ਤੌਰ 'ਤੇ ਮਈ 1942 ਵਿੱਚ ਬੈਡੇਕਰ ਰੇਡਜ਼ ਦੌਰਾਨ ਇਸ ਸ਼ਹਿਰ 'ਤੇ ਜਰਮਨ ਹਮਲਾਵਰਾਂ ਨੇ ਭਾਰੀ ਹਮਲਾ ਕੀਤਾ ਸੀ।

# ਕਪਤਾਨ ਸਰ ਟੌਮ ਮੂਰ ਦੇ ਅੰਤਿਮ ਸੰਸਕਾਰ ਮੌਕੇ ਦੇਸ਼ ਨੇ ਦਿੱਤੀ ਸ਼ਰਧਾਂਜਲੀ


**ਗਲਾਸਗੋ/ਲੰਡਨ –** ਕਪਤਾਨ ਸਰ ਟੌਮ ਮੂਰ ਦੇ ਬੈਡਫੋਰਡ ਵਿੱਚ ਹੋਏ ਸੰਸਕਾਰ ਦੌਰਾਨ ਉਹਨਾਂ ਦੀ ਯਾਦ ਵਿੱਚ ਦੇਸ਼ ਭਰ 'ਚ ਸ਼ਰਧਾਂਜਲੀ ਭੇਟ ਕੀਤੀ ਗਈ। ਕੋਰੋਨਾ ਮਹਾਂਮਾਰੀ ਦੌਰਾਨ ਐੱਨ ਐੱਚ ਐੱਸ ਲਈ ਫੰਡ ਇਕੱਠਾ ਕਰਨ ਵਾਲੇ ਇਸ 100 ਸਾਲਾਂ ਦੇ ਹੀਰੋ ਦਾ ਅੰਤਿਮ ਸਸਕਾਰ ਮਹਾਂਮਾਰੀ ਦੇ ਕਾਰਨ ਲਾਗੂ ਹੋਈਆਂ ਪਾਬੰਦੀਆਂ ਕਰਕੇ ਸਿਰਫ ਪਰਿਵਾਰਿਕ ਮੈਂਬਰਾਂ ਦੀ ਹਾਜਰੀ ਵਿੱਚ ਕੀਤਾ ਗਿਆ।



ਸ਼ਨੀਵਾਰ ਸਵੇਰੇ ਲਗਭਗ 11.30 ਵਜੇ, ਟੌਮ ਦਾ ਅੰਤਮ ਸੰਸਕਾਰ ਕਾਫਲਾ ਬੈਡਫੋਰਡਸ਼ਾਇਰ ਵਿਖੇ ਉਹਨਾਂ ਦੇ ਘਰ ਤੋਂ ਬੈਡਫੋਰਡ ਸ਼ਮਸ਼ਾਨਘਾਟ ਵੱਲ ਰਵਾਨਾ ਹੋਇਆ। ਇਸ ਦੌਰਾਨ ਟੌਮ ਮੂਰ ਦਾ ਤਾਬੂਤ ਯੂਨੀਅਨ ਝੰਡੇ ਵਿੱਚ ਲਪੇਟਿਆ ਗਿਆ ਸੀ ਅਤੇ ਉਸਦੀ ਯਾਦ ਵਿੱਚ ਕਈ ਵਿਸ਼ੇਸ਼ ਚੀਜ਼ਾਂ ਵੀ ਰੱਖੀਆਂ ਗਈਆਂ ਸਨ, ਜਿਹਨਾਂ ਵਿੱਚ ਦੂਜੀ ਵਿਸ਼ਵ ਜੰਗ ਵੇਲੇ ਦੀ ਸਰਵਿਸ ਕੈਪ ਦੀ ਪ੍ਰਤੀਕ੍ਰਿਤੀ ਅਤੇ ਯੌਰਕਸ਼ਾਇਰ ਰੈਜੀਮੈਂਟ ਦੀ ਮਾਲਾ ਦੇ ਨਾਲ ਬਰਮਾ ਸਟਾਰ ਸਮੇਤ ਉਸ ਦੀ ਮੁਹਿੰਮ ਦੇ ਤਗਮੇ ਵੀ ਸ਼ਾਮਲ ਸਨ। ਇਸ ਭਾਵੁਕ ਸਮੇਂ ਕੋਰੋਨਾ ਤਾਲਾਬੰਦੀ ਕਰਕੇ ਲੋਕ ਇਸ ਬਜ਼ੁਰਗ ਹੀਰੋ ਨੂੰ ਸ਼ਰਧਾਂਜਲੀ ਭੇਟ ਕਰਨ ਦੇ ਆਪਣੇ ਤਰੀਕੇ ਲੱਭ ਰਹੇ ਸਨ। ਇਸਦੇ ਇਲਾਵਾ ਅੰਤਮ ਸੰਸਕਾਰ ਨੂੰ ਵੀ ਸੀ-47 ਡਕੋਟਾ, ਇੱਕ ਦੂਸਰੇ ਵਿਸ਼ਵ ਯੁੱਧ ਦੇ ਜਹਾਜ਼ ਨੇ ਵੀ ਫਲਾਈਪਾਸਟ ਕੀਤਾ। ਸ਼ਮਸ਼ਾਨ ਘਾਟ ਵਿੱਚ ਯਾਰਕਸ਼ਾਇਰ ਰੈਜੀਮੈਂਟ ਦੇ ਸਿਪਾਹੀਆਂ ਦੁਆਰਾ ਤਾਬੂਤ ਨੂੰ ਲਿਜਾਣ ਮੌਕੇ ਇੱਕ ਫਾਇਰਿੰਗ ਪਾਰਟੀ ਦੁਆਰਾ ਤਿੰਨ-ਰਾਊਂਡ ਬੰਦੂਕ ਸਲਾਮੀ ਵੀ ਦਿੱਤੀ ਗਈ। ਟੌਮ ਮੂਰ ਨੂੰ ਸ਼ਰਧਾਂਜਲੀ ਦੇਣ ਲਈ ਵੈਸਟ ਯੌਰਕਸ਼ਾਇਰ ਦੇ ਡਿਪਟੀ ਲਾਰਡ ਲੈਫਟੀਨੈਂਟ ਡੇਵਿਡ ਪੀਅਰਸਨ ਨੇ ਮਹਾਰਾਣੀ ਐਲਿਜ਼ਾਬੈਥ ਦੀ ਤਰਫੋਂ, ਸਰ ਟੌਮ ਦੇ ਜਨਮ ਸਥਾਨ ਕੇਗਲੀ ਵਿਖੇ ਮੱਥਾ ਟੇਕਿਆ। ਇਸਦੇ ਇਲਾਵਾ ਸਥਾਨਕ ਐਮ ਪੀ ਰੋਬੀ ਮੂਰ ਅਤੇ ਕਸਬੇ ਦੇ ਮੇਅਰ ਪੀਟਰ ਕੋਰਕਿੰਡੇਲ ਨੇ ਵੀ ਸ਼ਰਧਾ ਦੇ ਫੁੱਲ ਅਰਪਿਤ ਕੀਤੇ।

# ਐਮ ਆਰ ਆਈ ਸਕੈਨਰ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਵਾਲੇ ਭੌਤਿਕ ਵਿਗਿਆਨੀ ਦੀ ਮੌਤ

**ਗਲਾਸਗੋ/ਲੰਡਨ–** ਇੱਕ ਬ੍ਰਿਟਿਸ਼ ਭੌਤਿਕ ਵਿਗਿਆਨੀ ਜੋ ਕਿ ਮੈਡੀਕਲ ਸਕੈਨਿੰਗ ਵਿੱਚ ਆਪਣੇ ਮੋਹਰੀ ਕੰਮਾਂ ਲਈ ਜਾਣਿਆ ਜਾਂਦਾ ਹੈ, ਦੀ 94 ਸਾਲ ਦੀ ਉਮਰ ਵਿਚ ਮੌਤ ਹੋ ਗਈ ਹੈ। ਬਰਤਾਨੀਆ ਨਾਲ ਸੰਬੰਧਿਤ ਇਸ ਵਿਗਿਆਨੀ ਦਾ ਨਾਮ ਹੈ ਪੈਰੋਫੈਸਰ ਜਾਨ ਮਾਲਾਰਡ, ਜਿਹਨਾਂ ਨੇ ਵਿਸ਼ੇਸ਼ ਤੌਰ 'ਤੇ ਏਬਰਡੀਨ ਯੂਨੀਵਰਸਿਟੀ ਵਿਚ ਪੂਰੇ ਸਰੀਰ ਦੀ ਮੈਗਨੈਟਿਕ ਰੈਜ਼ੋਨੇਸ ਇਮੇਜਿੰਗ (ਐਮ ਆਰ ਆਈ) ਕਰਨ ਵਾਲੇ ਸਕੈਨਰ ਨੂੰ ਵਿਕਸਤ ਕਰਨ ਵਾਲੀ ਇੱਕ ਟੀਮ ਦੀ ਅਗਵਾਈ ਕੀਤੀ ਸੀ। ਮਾਲਾਰਡ ਨੇ ਪੋਜ਼ੀਟਰੋਨ ਐਮੀਸ਼ਨ ਟੋਮੋਗੈਰਾਫੀ (ਪੀ ਈ ਟੀ) ਵਿਕਸਤ ਕਰਨ ਵਿੱਚ ਵੀ ਸਹਾਇਤਾ ਕੀਤੀ ਹੈ ਜੋ ਸਰੀਰ ਦੇ ਅੰਦਰਲੇ 3 ਡਾਇਮੈਨਸਨਲ ਚਿੱਤਰ ਤਿਆਰ ਕਰ ਸਕਦੀ ਹੈ। ਮਾਲਾਰਡ ਨੂੰ 1965 ਵਿੱਚ ਯੂਨੀਵਰਸਿਟੀ ਦੇ ਮੈਡੀਕਲ ਭੌਤਿਕ ਵਿ-ਗਿਆਨ ਵਿਭਾਗ ਦਾ ਪਹਿਲਾ ਪੈਰੋਫੈਸਰ ਨਿਯੁਕਤ ਕੀਤਾ



ਗਿਆ ਸੀ।ਨੌਰਥੈਮਪਟਨ ਵਿਖੇ ਜਨਮੇ, ਪੈਰੋਫੈਸਰ ਮਾਲਾਰਡ ਨੇ ਆਪਣੀ ਖੋਜ 'ਤੇ 1964 ਵਿੱਚ ਇੱਕ ਜਰਨਲ ਪ੍ਰਕਾਸ਼ਤ ਕੀਤਾ ਸੀ ਜਿਸ ਤੋਂ ਸੰਕੇਤ ਮਿਲਦਾ ਸੀ ਕਿ ਚੁੰਬਕੀ ਗੂੰਜ



ਕੈਂਸਰ ਦੀ ਪਛਾਣ ਕਰਨ ਦੇ ਯੋਗ ਹੋ ਸਕਦੀ ਹੈ। ਐਮ ਆਰ ਆਈ ਦੇ ਪਿੱਛੇ ਦੀ ਤਕਨਾਲੋਜੀ 1970 ਦੇ ਦਹਾਕੇ ਵਿੱਚ ਸਵਰਗਵਾਸੀ ਪੀਟਰ ਮੈਨਸਫੀਲਡ ਅਤੇ ਉਨੈਹਾਂ ਦੀ ਟੀਮ ਨੇ ਨਾਟਿੰਘਮ ਯੂਨੀਵਰਸਿਟੀ ਵਿਚ ਵਿਕਸਤ ਕੀਤੀ ਸੀ। ਪਰ ਇਹ ਏਬਰਡੀਨ ਵਿੱਚ ਪ੍ਰੋਫੈਸਰ ਮਾਲਾਰਡ ਦੀ ਟੀਮ ਸੀ ਜੋ ਦੁਨੀਆ ਦੀ ਪਹਿਲੀ ਪੂਰੇ ਸਰੀਰ ਦੀ ਐਮ ਆਰ ਆਈ ਸਕੈਨਰ ਨੂੰ ਵਿਕਸਤ ਕਰਨ ਲਈ ਜ਼ੈੰਮੇਵਾਰ ਸੀ। ਇਸ ਮਸ਼ੀਨ ਨਾਲ ਸਿਹਤ ਵਿਗਿਆਨੀਆਂ 1980 ਵਿੱਚ ਟਰਮੀਨਲ ਕੈਂਸਰ ਨਾਲ ਫਰੇਜ਼ਰਬਰਗ ਤੋਂ ਇੱਕ ਆਦਮੀ ਦੀ ਪਹਿਲੀ ਬਾਡੀ ਸਕੈਨ ਕਰਨ ਦੇ ਯੋਗ ਹੋਏ ਸਨ। ਅਜੋਕੇ ਸਮੇਂ ਵਿੱਚ ਇਹ ਟੈਕਨਾਲੋਜੀ ਵਿਸ਼ਵਵਿਆਪੀ ਤੌਰ'ਤੇ ਕੈਂਸਰ, ਦਿਮਾਗੀ ਕਮਜ਼ੋਰੀ, ਅਤੇ ਹੋਰ ਹਾਲਤਾਂ ਦੀ ਵਿਸ਼ਾਲ ਸ਼ੈਰੇਣੀ ਲਈ ਵਰਤੀ ਜਾਂਦੀ ਹੈ।ਆਪਣੀਆਂ ਸੇਵਾਵਾਂ ਦੌਰਾਨ ਮਾਲਾਰਡ ਨੂੰ ਕਈ ਸਨਮਾਨ ਮਿਲੇ, ਜਿਹਨਾਂ ਵਿੱਚ 1992'ਚ ਯੂਨੀ-ਵਰਸਿਟੀ ਤੋਂ ਸੇਵਾ ਮੁਕਤ ਹੋਣ ਤੋਂ ਬਾਅਦ ਇੱਕ ਓ ਬੀ ਈ ਵੀ ਸ਼ਾਮਲ ਸੀ ਇਸਦੇ ਇਲਾਵਾ 2004 ਵਿੱਚ ਉਸ ਦੇ ਕੰਮਾਂ ਲਈ ਫਰੀਡਮ ਆਫ ਏਬਰਡੀਨ ਪ੍ਰਦਾਨ ਕੀਤਾ ਗਿਆ।

# "ਭੀੜਾਂ ਨਾਲ ਕਾਨੂੰਨ ਨਹੀਂ ਬਦਲੇ ਜਾਂਦੇ" ਖੇਤੀ ਮੰਤਰੀ ਦਾ "ਅੰਨ ਦਾਤਿਆਂ" ਪ੍ਰਤੀ ਬੇਸ਼ਰਮੀ ਭਰਿਆ ਬਿਆਨ!

ਪਿਛਲੇ ਕਈ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਕਿਸਾਨਾਂ ਦੀਆਂ ਹੱਕੀ ਤੇ ਜਾਇਜ ਮੰਗਾਂ ਮੰਨਣ ਦੀ ਥਾਂ ਤੇ ਭਾਰਤ ਦੇ ਖੇਤੀ ਮੰਤਰੀ ਸ੍ਰੀ ਨਰਿੰਦਰ ਤੋਮਰ ਵਲੋਂ ਕਿਸਾਨ ਅੰਦੋਲਨ ਤੋਂ ਖਿੱਝ ਕੇ ਇਹ ਬਿਆਨ ਦਾਗਣਾ ਕਿ ਉਭੀੜਾਂ ਇਕਠੀਆਂ ਕਰਨ ਨਾਲ , ਕਾਨੂੰਨ ਨਹੀਂ ਬਦਲੇ ਜਾਂਦੇ"ਜਿਥੇ ਆਪਣੇ ਆਪ ਵਿੱਚ ਬੇਹੂਦਾ ਬਿਆਨ ਹੈ,ਉਥੇ ਬੇਸ਼ਰਮੀ ਭਰਿਆ ਵੀ ਹੈ। ਜੋ ਇਹ ਦਸ ਰਿਹਾ ਹੈ ਕਿ ਇਸ ਸਰਕਾਰ ਨੂੰ ਆਮ ਲੋਕਾਂ ਦੇ ਹਿੱਤਾਂ ਦੀ ਕੋਈ ਪ੍ਰਵਾਹ ਨਹੀਂ, ਉਹ ਤਾਂ ਇਹ ਹੀ ਮਨ ਬਣਾਈ ਬੈਠੇ ਹਨ ਕਿ ਅਸੀ ਤਾਂ ਉਹ ਹੀ ਕੁਝ ਕਰਾਂਗੇ ਜੋ ਸਾਡੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਚੰਗਾ ਲਗਦਾ ਹੋਵੇ। ਇਸ ਕਹੀ ਹੋਈ ਗੱਲ ਵਿੱਚ ਬੜੀ ਡੰਘੀ ਸਾਜਿਸ਼ ਵੀ ਛੁੱਪੀ ਹੋਈ ਹੈ ਜੋ ਦੱਸ ਰਹੀ ਹੈ ਕਿ ਸਾਡੇ ਦੇਸ਼ ਦੀ ਭਾਜਪਾ ਸਰਕਾਰ ਹੁਣ ਲੋਕਤੰਤਰਿਕ ਨਹੀਂ ਰਹੀ ਹੈ। ਇਸ ਨੇ ਆਪਣਾ ਸਰੂਪ ਤਾਨਾਸ਼ਾਹੀ ਵਾਲਾ ਬਣਾ ਲਿਆ ਹੈ। ਇਸ ਗੱਲ ਦਾ ਅੰਦਾਜਾ ਸਾਡੇ ਦੇਸ਼ ਦੇ ਲੋਕ ਤੇ ਕਿਸਾਨ ਵੀ ਹੁਣ ਤਕ ਲਗਾ ਚੁੱਕੇ ਹਨ।ਪੰਜਾਬੀ ਵਿੱਚ ਇਕ ਅਖਾਉਤ ਹੈ "ਜਿਹੋ ਜਿਹੀ ਕੋਕੋ, ਉਹੋ ਜਿਹੇ ਕੋਕੋ ਦਾ ਬੱਚੇ" ਇਹੋ ਜਿਹੇ ਬਿਆਨ ਉਸ ਸਰਕਾਰ ਦੇ ਆਗੂ ਦੇ ਰਹੇ ਹਨ ਜਿਨਾਂ ਦੇ ਆਪਣੇ ਵੱਡੀ ਗਿਣਤੀ ਵਿੱਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੇ ਮੈਂਬਰ ਬਹੁਤ ਸਾਰੇ ਗੰਭੀਰ ਦੋਸ਼ਾਂ ਵਿੱਚ ਘਿਰੇ ਹੋਏ ਹਨ। ਕੁਝ ਸਮਾਂ ਪਹਿਲਾਂ ਇਕ ਮਹਿਲਾ ਪੱਤਰਕਾਰ ਰਾਣਾ ਨੇ ਗੁਜਰਾਤ ਵਿੱਚ ਲੁਕਵੇਂ ਰੂਪ ਵਿੱਚ ਜਾ ਕੇ ਸਟਿੰਗ ਉਪਰੇਸ਼ਨ ਕੀਤਾ ਸੀ। ਜਿਸ ਦਾ ਖੁਲਾਸਾ ਕਰਦਿਆਂ ਉਸ ਨੇ ਦਸਿਆ ਸੀ ਕਿ ਵਦੋਦਰਾ ਵਿਖੇ ਹੋਏ ਮੁਸਲਿਮ ਦੰਗਿਆਂ ਵਿੱਚ ਭਾਰਤੀ ਜੰਨਤਾ ਪਾਰਟੀ ਦੇ ਉੱਚ ਆਗੂ ਜਿਨਾਂ ਨੇ ਇਸ ਸਮੇਂ ਸਰਕਾਰ ਵਿੱਚ ਅਹਿਮ ਪੱਦਵੀਆਂ ਸਾਂਭੀਆਂ ਹੋਈਆਂ ਹਨ ,ਪੂਰਨ ਰੂਪ ਵਿੱਚ ਦੋਸ਼ੀ ਪਾਏ ਗਏ ਹਨ ਜਿਨਾਂ ਵਿੱਚੋਂ ਇਕ ਦੋਸ਼ੀ ਨੂੰ ਕਾਂਗਰਸ ਪਾਰਟੀ ਦੇ ਰਾਜ ਵਿੱਚ ਕੁਝ ਮਹੀਨੇ ਜੇਲ੍ਹ ਦੀ ਹਵਾ ਵੀ ਖਾਣੀ ਪਈ ਹੈ। ਇਥੇ ਇਹ ਦਸਣਾ ਵੀ ਜਰੂਰੀ ਹੈ ਕਿ ਫਿਰ ਜਦੋਂ ਭਾਰਤੀ ਜੰਨਤਾ ਪਾਰਟੀ ਨੇ ਆਪਣੀ ਸਰਕਾਰ ਬਣਾਈ ਉਸ ਵਿੱਚ ਬਣੇ ਮੌਜੂਦਾ ਗ੍ਰਹਿ ਮੰਤਰੀ ਨੇ ਉਸੇ ਕਾਂਗਰਸ ਪਾਰਟੀ ਦੇ ਰਹਿ ਚੁੱਕੇ ਗ੍ਰਹਿ ਮੰਤਰੀ ਤੇ ਨਿਰਮੂਲ ਦੋਸ਼ ਲਗਾ ਕੇ ਜੇਲ੍ਹ ਦੀ ਹਵਾ ਖੁਆ ਕੇ ਬਦਲਾ ਲਿਆ ਸੀ।ਜੱਗ ਵਿੱਚ ਇਹ ਚਰਚਾ ਵੀ ਚਲਦੀ ਰਹੀ ਹੈ ਕਿ ਭਾਰਤੀ ਜੰਨਤਾਂ ਪਾਰਟੀ ਦੇ ਇਨਾਂ ਉੱਚ ਆਗੂਆਂ ਨੂੰ ਡਰ ਸੀ ਕਿ ਸੀ ਬੀ ਆਈ ਦਾ ਜੱਜ ਲੋਇਆ ਜਿਹੜਾ ਕਿ ਪੂਰਨ ਰੂਪ ਵਿੱਚ ਈਮਾਨਦਾਰ ਹੈ ਤੇ ਕਿਸੇ ਪਰਕਾਰ ਦੇ ਲਾਲਚ ਵਿੱਚ ਆਉਣ ਵਾਲਾ ਨਹੀਂ। ਉਨਾਂ (ਭਾਜਪਾ ਆਗੂਆਂ) ਨੂੰ ਗੁਜਰਾਤ ਵਿੱਚ ਹੋਏ ਮੁਸਲਿਮ ਦੰਗਿਆਂ ਦੇ ਦੋਸ਼ ਵਿੱਚ ਜਰੂਰ ਸਜਾ ਦੇਵੇਗਾ। ਇਸ ਕਰਕੇ ਉਸ ਨੂੰ ਯੋਜਨਾਬੱਧ ਤਰੀਕੇ ਨਾਲ ਇਕ ਵਿਆਹ ਸਮਾਗਮ ਵਿੱਚ ਬੁਲਾ ਕੇ ਮਰਵਾਏ ਜਾਣ ਦੇ ਵੀ ਚਰਚੇ ਵੀ ਜੱਗ ਜਾਹਰ ਹੋ ਚੁੱਕੇ ਹਨ। ਪਿਛਲੇ ਕਾਫੀ ਸਮੇਂ ਤੋਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਵਲੋਂ ਦੇਸ਼ ਵਿੱਚ ਕੀਤੀਆ ਜਾ ਰਹੀਆਂ ਕਾਰਵਾਈਆਂ ਚਾਹੇ ਉਹ ਐਨ. ਆਰ. ਸੀ .ਦੇ ਕਾਨੂੰਨ ਬਣਾਉਣ ਦੀ ਗੱਲ ਹੋਵੇ ਜਾਂ ਨੋਟ ਬੰਦੀ ਜਾਂ ਫਿਰ ਜੰਮੂ ਕਸ਼ਮੀਰ ਦੀ ਧਾਰਾ 370 ਤੇ 35 ਏ ਖਤਮ ਕਰਨ ਦਾ ਫੈਸਲਾ ਹੋਵੇ। ਉਹ ਸਰਕਾਰ ਦੇ ਖਾਸੇ ਨੂੰ ਦੱਸ ਚੁੱਕੇ ਹਨ ਕਿ ਦੇਸ਼ ਦੇ ਲੋਕ ਜਿਨੇ ਮਰਜੀ ਅੰਦੋਲਨ ਕਰ ਲੈਣ ਸਰਕਾਰ ਆਪਣੇ ਕੀਤੇ ਫੈਸਲੇ ਤੋਂ ਮੁੜਣ ਵਾਲੀ ਨਹੀਂ।ਬਸ ਇਸੇ ਤਰਜ ਦੀ ਬਿਆਨੀ ਕਰਨ ਵਾਲਾ ਸ੍ਰੀ ਨਰਿੰਦਰ ਤੋਮਰ ਦਾ ਬਿਆਨ ਹੈ। ਅਸਲ ਵਿੱਚ ਮੋਦੀ ਸਰਕਾਰ ਨੂੰ ਇਹੋ ਜਿਹੀਆਂ ਆਪ ਹੁੱਦਰੀਆਂ ਕਰਨ ਦੀ ਆਦਤ ਹੀ ਬਣ ਗਈ ਹੈ ਕਿਉਂ ਕਿ ਉਕਤ ਕਾਨੂੰਨ ਬਣਾਉਣ ਸਮੇਂ ਸਰਕਾਰ ਨੇ ਕੋਈ ਨਾ ਕੋਈ ਕਰੋਨੇ ਦੀ ਬਿਮਾਰੀ ਵਰਗਾ ਬਹਾਨਾ ਲਭ ਕੇ ਕਈ ਅੰਦੋਲਨ ਖਤਮ ਕਰਾ ਦਿੱਤੇ ਸਨ।ਉਸ ਨੂੰ ਲੋਕਾਂ ਦਾ ਬਹੁਤਾ ਵਿਰੋਧ ਨਹੀਂ ਸੀ ਦੇਖਣਾ ਪਿਆ।ਮੋਦੀ ਸਰਕਾਰ ਨੇ ਇਹ ਅਨੁਭੱਵ ਕਰ ਲਿਆ ਸੀ ਕਿ ਉਸ ਨੇ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਪਹਿਲਾਂ ਵੀ ਕਈ ਕਾਨੂੰਨ ਲਿਆਂਦੇ ਹਨ। ਜਿਸ ਦਾ ਦੇਸ਼ ਦੇ ਲੋਕ ਕੋਈ ਜਬਰਦਸਤ ਵਿਰੋਧ ਨਹੀਂ ਸਨ ਕਰ ਸਕੇ। ਉਸ ਨੂੰ ਵੱਡਾ ਭੁਲੇਖਾ ਪੈ ਗਿਆ ਸੀ ਕਿ ਹੁਣ ਉਸ ਵਲੋਂ ਮਨਮਾਨੀਆਂ ਕੀਤੀਆਂ ਜਾਣ ਵਾਲੇ 'ਤਾਨਾਸ਼ਾਹੀ ਰੱਥ' ਨੂੰ ਹੁਣ ਕੋਈ ਨਹੀਂ ਰੋਕ ਸਕਦਾ। ਉਸ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਅੰਬਾਨੀਆ, ਅਡਾਨੀਆ ਦੇ ਹਿੱਤ ਵਿੱਚ ਲਿਆਂਦੇ ਤਿੰਨ ਕਿਸਾਨ ਵਿਰੋਧੀ ਬਿੱਲਾਂ ਦਾ, ਦੇਸ਼ ਦੇ ਕਿਸਾਨ ਇੰਨਾ ਜਿਆਦਾ ਵਿਰੋਧ ਕਰ ਦੇਣਗੇ। ਮੋਦੀ ਸਾਹਿਬ ਸ਼ਾਇਦ ਭੁੱਲ ਗਏ ਸਨ ਕਿ ਇਹ ਬਿੱਲ ਸਮੁੱਚੇ ਦੇਸ਼ ਦੇ ਕਿਸਾਨਾਂ ਦੇ ਵਿਰੁੱਧ ਹਨ, ਜਮੀਨ ਨੂੰ ਤਾਂ ਕਿਸਾਨ ਆਪਣੀ ਮਾਂ ਦੇ ਨਿਆਈਂ ਮੰਨਦੇ ਹਨ। ਉਸ ਨੂੰ ਕਿਸਾਨ ਕਦੇ ਵੀ ਆਪਣੇ ਤੋਂ ਵਖਰਾ ਨਹੀਂ ਹੋਣ ਦੇਣਗੇ। ਭਾਵੇਂ ਮੋਦੀ ਸਰਕਾਰ ਵਿਰੁੱਧ ਕਿਸਾਨ ਅੰਦੋਲਨ ਪੰਜਾਬ ਦੀ ਸਰ ਜਮੀਨ ਤੋਂ ਸ਼ੁਰੂ ਹੋਇਆ ਸੀ ਜਿਥੇ ਕਿਸਾਨਾਂ ਨੇ ਲਗਾਤਾਰ ਤਿੰਨ ਮਹੀਨੇ ਸੰਘਰਸ਼ ਕਰਕੇ ਇਸ ਨੂੰ ਇਨਾ ਮਜਬੂਤ ਕਰਕੇ ਫਿਰ ਉਸ ਨੂੰ ਪੰਜਾਬ ਤੋਂ ਤਬਦੀਲ ਕਰਕੇ ਦਿੱਲੀ ਦੀਆ ਬਰੂਹਾਂ ਤੇ ਲਿਆ ਕੇ ਖੜਾ ਕਰ ਦਿੱਤਾ ਹੈ। ਇਸ ਲਹਿਰ ਨੂੰ ਹਰਿਆਣੇ ਦੇ ਕਿਸਾਨਾਂ ਨੇ ਪੰਜਾਬ ਵਾਂਗ ਆਪਣੀ ਹੋਂਦ ਦੀ ਲੜਾਈ ਜਾਣ ਕੇ ਉਸ ਵਿੱਚ ਉਹ ਸਿਰਫ ਸ਼ਾਮਲ ਹੀ ਨਹੀਂ ਹੋਏ ਬਲਕਿ ਭਾਜਪਾ ਸਰਕਾਰ ਨੇ ਆਪਣੇ ਹਿੱਤਾਂ ਨੂੰ ਵਰਤਣ ਲਈ ਜਿਹੜੀਆਂ ਫਿਰਕੂ ਤਰੇੜ੍ਹਾਂ ਉਨਾਂ ਵਿੱਚ ਪਾਈਆਂ ਹੋਈਆਂ ਸਨ। ਉਹ ਵੀ ਸਦਾ ਲਈ ਖਤਮ ਕਰਾ ਕੇ ਅਜਿਹੀਆਂ ਪਿਆਰ ਦੀਆਂ ਪਕੀਆਂ ਗਲਵੱਕੜੀਆਂ ਪਵਾ ਦਿੱਤੀਆਂ ਕਿ ਹਰਿਆਣੇ ਦੇ ਕਿਸਾਨਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਆਪਣੇ ਵੱਡੇ ਭਰਾ ਵੀ ਬਣਾ ਦਿੱਤਾ ਹੈ। ਇਹ ਕਿਸਾਨ ਲਹਿਰ ਵੱਧਦੀ ਵੱਧਦੀ ਨੇ ਹੁਣ ਉੱਤਰ ਪ੍ਰਦੇਸ਼, ਉੱਤਰਾਖੰਡ, ਮੱਧ ਪਰਦੇਸ਼, ਹਿਮਾਚਲ ਪ੍ਰਦੇਸ਼, ਗੁਜਰਾਤ, ਮਹਾਂਰਾਸ਼ਟਰ, ਕੇਰਲਾ, ਉੜੀਸਾ, ਪੱਛਮੀ ਬੰਗਾਲ, ਮਨੀਪੁਰ ਆਦਿ ਭਾਰਤ ਦੇ ਦੂਰ ਦੁਰੇਡੇ ਦੇ ਪ੍ਰਾਂਤਾਂ ਨੂੰ ਵੀ ਆਪਣੀ ਜਕੜ ਵਿਚ ਲੈ ਲਿਆ ਹੈ। ਕਿਸਾਨ ਲਹਿਰ ਨਾਲ ਸਾਰੇ ਸੰਸਾਰ ਦੇ ਲੋਕਾਂ ਦੀ ਹਮਦਰਦੀ ਜੁੜਣ ਕਾਰਨ ਭਾਰਤ ਦੀ ਭਾਜਪਾ ਸਰਕਾਰ ਦੀ ਵਿਸ਼ਵ ਵਿੱਚ ਸਖਤ ਨਿੰਦਾ ਹੋ ਰਹੀ ਹੈ ਇਥੋਂ ਤਕ ਕਿ ਸੰਸਾਰ ਦੇ ਵਿਕਸਤ ਦੇਸ਼ਾਂ ਤੋਂ ਲੈ ਕੇ ਛੋਟੇ ਤੋਂ ਛੋਟੇ ਦੇਸ਼ ਅਫਰੀਕਾ ਤਕ ਦੇ ਕਿਸਾਨਾਂ ਨੂੰ ਇਸ ਅੰਦੋਲਨ ਤੋਂ ਪ੍ਰਭਾਵਤ ਹੋ ਕੇ ਆਪਣੇ ਕਿਸਾਨੀ ਹੱਕਾਂ ਲਈ ਸੰਘਰਸ਼ ਕਰਨ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਇਸ ਕਿਸਾਨੀ ਲਹਿਰ ਵਿੱਚ ਸਮਾਜ ਦਾ ਹਰ ਵਰਗ ਸ਼ਾਮਲ ਹੋ ਚੁੱਕਾ ਹੋਣ ਕਰਕੇ ਇਹ ਵਿਸ਼ਵ ਦਾ ਜਨ ਅੰਦੋਲਨ ਬਣ ਗਿਆ ਹੈ। ਇਥੋਂ ਤਕ ਯੂ ਐਨ. ਓ. ਡਬਲਿਯੂ. ਐਚ. ਓ., ਅੰਤਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ ਤਕ ਨੂੰ ਵੀ ਕਿਸਾਨਾਂ ਦੇ ਹੱਕ ਵਿੱਚ ਭਾਰਤ ਦੀ ਸਰਕਾਰ ਨੂੰ ਜੋਰਦਾਰ ਲਫਜਾਂ ਲਿਖਣਾ ਪਿਆ ਹੈ ਕਿ ਉਹ ਕਿਸਾਨਾਂ ਦੇ ਮਸੱਲੇ ਨੂੰ ਤੁਰੰਤ ਹੱਲ ਕਰੇ।ਪਰ ਦੇਸ਼ ਦੀ ਬੇਸ਼ਰਮ ਬਣ ਚੁੱਕੀ ਸਰਕਾਰ ਨੇ ਆਪਣਾ ਹੱਠੀ ਰਵਈਆ ਛੱਡ ਕੇ ਕਿਸਾਨਾਂ ਦੀਆਂ ਜਾਇਜ ਮੰਗਾਂ ਤਾਂ ਕੀ ਮੰਨਣੀਆਂ ਸਨ , ਕਿ ਮੋਦੀ ਸਾਹਿਬ ਤੋਂ ਵੀ ਇਕ ਕਦਮ ਅਗੇ ਜਾ ਕੇ ਦੇਸ਼ ਦੇ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਨੇ ਉਕੱਤ ਬੇਹੂਦੀਆਂ ਸੁੱਰਾਂ ਕਿਸਾਨਾਂ ਪ੍ਰਤੀ ਅਲਾਪ ਦਿੱਤੀਆਂ ਹਨ। ਭਾਰਤ ਵਿੱਚ ਰਾਜ ਕਰ ਰਹੀ ਭਾਜਪਾ ਸਰਕਾਰ ਨੂੰ ਜਿਸ ਤਰਾਂ ਦੀ ਪੰਜਾਬ ਤੇ ਮਨੀਪੁਰ ਵਿੱਚ ਨਗਰ ਕੌਂਸਲ ਦੀਆਂ ਚੋਣਾਂ ਵਿੱਚ ਮਾਰ ਪਈ ਹੈ ਤੇ ਜੋ ਕੁਝ ਪੰਜਾਬ ਵਿੱਚ ਭਾਜਪਾ ਨਾਲ ਵਾਪਰ ਰਿਹਾ ਹੈ ਉਹ ਸੱਚ ਮੁੱਚ ਉਸ ਦੀ ਕੇਂਦਰੀ ਸਰਕਾਰ ਵਲੋਂ ਵਰਤੀ ਜਾ ਰਹੀ ਢੀਠਤਾਈ ਨੂੰ ਵੀ ਬੇਸ਼ਰਮ ਕਰ ਰਿਹਾ ਹੈ। ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਤੇ ਦੇਸ਼ ਦੇ ਕਈ ਹੋਰ ਪ੍ਰਾਂਤਾਂ ਵਿੱਚ ਲੋਕਾਂ ਨੇ ਭਾਰਤੀ ਜੰਨਤਾ ਪਾਰਟੀ ਵਾਲਿਆਂ ਨੂੰ ਪਾਰਟੀ ਦੇ ਕੋਈ ਵੀ ਪ੍ਰੋਗਰਾਮ ਨਹੀਂ ਕਰਨ ਦਿੱਤੇ ਜਾ ਰਹੇ।ਇਥੋਂ ਤਕ ਪਿੰਡਾਂ ਦੇ ਲੋਕਾਂ ਵਲੋਂ ਭਾਰਤੀ ਜੰਨਤਾ ਪਾਰਟੀ ਦੇ ਮੈਂਬਰਾਂ ਦਾ ਪਿੰਡਾਂ ਦੇ ਲੋਕਾਂ ਵਲੋਂ ਸਮਾਜਕ ਬਾਈਕਾਟ ਕੀਤਾ ਜਾ ਰਿਹਾ ਹੈ।ਕਿਸੇ ਪ੍ਰਕਾਰ ਦੀ ਖੁਸ਼ੀ ਗਮੀ ਦੇ ਸਮਾਗਮਾਂ ਮੌਕੇ ਛੱਪਣ ਵਾਲੇ ਕਾਰਡਾਂ ਵਿੱਚ ਉਸ ਦੇ ਹੇਠਾਂ ਨੋਟ ਛਾਪੇ ਗਏ ਹਨ ਕਿ ਉਜੇ ਕਰ ਤੁਹਾਡਾ ਭਾਰਤੀ ਜੰਨਤਾ ਪਾਰਟੀ ਨਾਲ ਕੋਈ ਨੇੜੇ ਦਾ ਵਾਹ ਵਾਸਤਾ ਹੈ, ਤਾਂ ਸਮਾਗਮ ਵਿੱਚ ਸ਼ਾਮਲ ਹੋਣ ਦੀ ਕਿਰਪਾ ਨਾ ਕਰਨੀ"। ਇਸ ਤੋਂ ਮਾੜੀ ਹੋਰ ਗੱਲ ਇਸ ਭਾਰਤੀ ਜੰਨਤਾ ਪਾਰਟੀ ਨਾਲ ਕੀ ਹੋ ਸਕਦੀ ਹੈ ? ਕਈ ਪ੍ਰਾਤਾਂ ਵਿੱਚ ਤਾਂ ਲੋਕਾਂ ਨੇ ਇਸ ਪਾਰਟੀ ਦੇ ਆਗੂਆਂ ਜਿਨਾਂ ਨੇ ਕਿਸਾਨਾਂ ਸਬੰਧੀ ਮਾੜੀ ਸ਼ਬਦਾਵਲੀ ਦੀ ਵਰਤੋਂ ਕੀਤੀ ਸੀ ਉਨਾਂ ਦੇ ਘਰਾਂ ਦੇ ਦਰਾਂ ਅੱਗੇ ਗੋਹੇ ਦੇ ਢੇਰ ਲਗਾ ਕਿ ਇਸ ਦੀ ਅਗਾਊਂ ਚਿਤਾਵਨੀ ਵੀ ਦਿੱਤੀ ਹੋਈ ਹੈ ਕਿ ਸਰਕਾਰ ਤੋਂ ਜਿਨਾਂ ਚਿਰ ਇਨਾਂ ਬਿੱਲਾਂ ਨੂੰ ਰੱਦ ਨਹੀਂ ਕਰਵਾ ਲੈਂਦੇ। ਉਹ ਆਪਣੇ ਅੰਦੋਲਨ ਨੂੰ ਖਤਮ ਨਹੀਂ ਕਰਨਗੇ । ਉਹ ਸਰਕਾਰ ਕੋਲੋਂ ਇਹਨਾਂ ਬਿੱਲਾਂ ਨੂੰ ਵਾਪਿਸ ਕਰਾ ਕੇ ਹੀ ਘਰ ਪਰਤਣਗੇ।ਪਰ ਸਰਕਾਰ ਨੇ ਕਿਸਾਨਾਂ ਦੀ ਨਬਜ ਨੂੰ ਨਹੀਂ ਸਮਝਿਆ ਤੇ ਹੱਠੀ ਰਵੱਈਆ ਅਪਣਾਈ ਰਖਿਆ। ਸਰਕਾਰ ਨੂੰ ਇਸ ਦੀ ਬਿਲਕੁਲ ਉਮੀਦ ਨਹੀਂ ਸੀ ਕਿ ਕਿਸਾਨਾਂ ਦਾ ਅੰਦੋਲਨ ਸਰਕਾਰ ਦੇ ਨੱਕ ਵਿੱਚ ਦਮ ਕਰਕੇ ਰੱਖ ਦੇਵੇਗਾ। ਅੱਜ ਸਰਕਾਰ ਦੀ ਇਹ ਸਥਿਤੀ ਬਣ ਗਈ ਹੈ ਕਿ ਉਸ ਨੂੰ ਨਜਰੀਂ ਨਹੀਂ ਪੈ ਰਿਹਾ ਕਿ ਉਹ ਕਰੇ ਤਾਂ ਕੀ?ਇੰਝ ਲਗ ਰਿਹਾ ਹੈ ਕਿ ਜਿਵੇਂ ਉਸ ਦੀ ਹਾਲਤ ਇੰਝ ਦੀ ਬਣ ਗਈ ਹੈ ਜਿਵੇਂ ਉਰੱਸੀ ਤਾਂ ਸੜ੍ਹ ਗਈ ਹੈ,ਪਰ ਵੱਟ ਹਾਲੇ ਉਸ ਦੇ ਕਾਇਮ ਹਨ"। ਕਿਸਾਨਾਂ ਦੇ ਸੰਘਰਸ਼ ਨੇ ਅੰਦਰੋ ਅੰਦਰੀ ਸਰਕਾਰ ਨੂੰ ਕਾਫੀ ਖੋਖਲਾ ਕਰ ਦਿੱਤਾ ਹੈ। ਉੱਤਰ ਪ੍ਰਦੇਸ਼ ਵਿੱਚ ਭਾਵੇਂ ਚੋਣਾਂ ਨੂੰ ਹਾਲੇ ਕੁਝ ਸਮਾ ਹੈ ਪਰ ਉਥੋਂ ਦੇ ਸੰਭਾਵਿਤ ਉਮੀਦਵਾਰਾਂ ਵਿੱਚ ਚਿੰਤਾ ਦੇ ਬੱਦਲ ਛਾਣੇ ਸ਼ੁਰੂ ਹੋ ਗਏ ਹਨ । ਉਨਾਂ ਨੇ ਸਰਕਾਰ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਉਹ ਕਿਸਾਨਾਂ ਦੇ ਮਸੱਲੇ ਦਾ ਜਲਦ ਨਿਪਟਾਰਾ ਕਰੇ। ਤਾਜਾ ਖਬਰਾਂ ਵਿੱਚ ਸਰਕਾਰ ਨੇ ਪੰਜ ਪ੍ਰਾਂਤਾਂ ਪੱਛਮੀ ਬੰਗਾਲ , ਉੜੀਸਾ, ਪਾਂਡੀਚਿਰੀ, ਕੇਰਲਾ ਵਿੱਚ ਵਿਧਾਨ ਸਭਾ ਦੀਆਂ ਚੋਣਾਂ 27 ਮਾਰਚ ਤੋਂ 29 ਅਪਰੈਲ ਤਕ ਕਰਾਉਣ ਦਾ ਐਲਾਨ ਕਰ ਦਿੱਤਾ ਹੈ।ਕਿਸਾਨ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਉਹ ਇਨਾਂ ਸੂਬਿਆਂ ਵਿੱਚ ਜਾ ਕੇ ਭਾਜਪਾ ਸਰਕਾਰ ਦੇ ਕਾਲੇ ਮਨਸੂਬਿਆਂ ਨੂੰ ਲੋਕਾਂ ਵਿੱਚ ਜਾਹਰ ਕਰਨਗੇ ਤੇ ਦਸਣਗੇ ਕਿ ਇਹ ਸਰਕਾਰ ਸਿੱਖਰਾਂ ਦੀ ਝੂੱਠੀ, ਮਕਾਰ ਤੇ ਬੇਈਮਾਨ ਹੈ। ਇਹ ਜੋ ਕਹਿੰਦੀ ਹੈ ਪਰ ਕਰਦੀ ਉਸ ਦੇ ਬਿਲਕੁਲ ਉੱਲਟ ਹੈ। ਇਸ ਕਰਕੇ ਭਾਰਤੀ ਜੰਨਤਾ ਪਾਰਟੀ ਦੇ ਆਗੂ ਜਿਹੜੇ ਸਬਜਬਾਗ ਚੋਣਾਂ ਵਿੱਚ ਦਿਖਾਉਣ, ਉਨਾਂ ਤੇ ਬਿਲਕੁਲ ਵਿਸਵਾਸ਼ ਨਾ ਕਰਿਓ? ਕਿਸਾਨ ਆਗੂ ਕਹਿ ਰਹੇ ਹਨ ਕਿ ਅਸੀ ਉਨਾਂ ਪ੍ਰਾਂਤਾਂ ਦੇ ਵਾਸੀਆਂ ਨੂੰ ਦਸਾਂਗੇ ਕਿ ਜਿਹੜੇ ਸਬਜਬਾਗ ਭਾਜਪਾ ਦੇ ਆਗੂਆਂ ਨੇ 2014 ਦੀਆਂ ਪਹਿਲੀਆਂ ਚੋਣਾਂ ਵਿੱਚ ਲੋਕਾਂ ਨੂੰ ਵਿਖਾਏ ਸਨ। ਉਨਾਂ ਵਿਚੋਂ ਕੋਈ ਇਕ ਵੀ ਹੁਣ ਤਕ ਇਸ ਸਰਕਾਰ ਨੇ ਸਿਰੇ ਚਾੜ੍ਹਿਆ ਹੈ? ਮਹਿੰਗਾਈ, ਭ੍ਰਿਸ਼ਟਾਚਾਰ ਤੇ ਬੇਰੁਜਗਾਰੀ ਪਹਿਲਾਂ ਨਾਲੋਂ ਕਿਤੇ ਵੱਧੀ ਹੈ। ਪੈਟਰੋਲ, ਡੀਜਲ ਦੇ ਰੇਟਾਂ ਤੋਂ ਬਿਨਾਂ ਖਾਣ ਪੀਣ ਵਾਲੀਆਂ ਵਸਤਾਂ ਦੇ ਭਾਅ ਰੋਜਾਨਾ ਅਸਮਾਨੀ ਚੜ੍ਹ ਰਹੇ ਹਨ।ਜਿਨਾਂ ਨੇ ਲੋਕਾਂ ਲਈ ਬੜੀ ਵੱਡੀ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਸਰਕਾਰ ਦਾ ਵਰਤਾਰਾ ਵੇਖੋ ਇਕ ਪਾਸੇ ਮਹਿੰਗਾਈ ਅਸਮਾਨ ਛੂਹ ਰਹੀ ਹੈ ਦੂਸਰੀ ਤਰਫ ਸਰਕਾਰ ਨੇ ਮੁਲਾਜਮਾਂ ਦਾ ਮਹਿੰਗਾਈ ਭੱਤਾ ਬੰਦ ਕਰ ਦਿੱਤਾ ਹੈ। ਇਨਾਂ ਦਾ ਇਕੋ ਇਕ ਮਕਸਦ ਹੈ ਕਿ ਝੂਠ ਫਰੇਬ ਬੋਲ ਕੇ ਇਕ ਵਾਰ ਦੇਸ਼ ਦੀ ਗੱਦੀ ਤੇ ਕਬਜਾ ਕਰ ਲਉ। ਇਸ ਕਰਕੇ ਭਾਜਪਾ ਦੀਆਂ ਗੱਲਾਂ ਵਿੱਚ ਆ ਕੇ ਆਪਣੇ ਜੀਵਨ ਨੂੰ ਨਰਕ ਨਾ ਬਣਾਇਉ। 26 ਜਨਵਰੀ ਤੋਂ ਬਾਅਦ ਜਿਸ ਤਰਾਂ ਦੀ ਨੌਜੁਆਨ ਆਗੂਆਂ ਤੇ ਕਿਸਾਨ ਜਥੇਬੰਦੀਆਂ ਵਿੱਚ ਇਕ ਦੂਜੇ ਵਿਰੁੱਧ ਦੂਸਣਬਾਜੀ ਸ਼ੁਰੂ ਹੋ ਗਈ ਸੀ । ਉਸ ਨੇ ਹਰ ਕਿਸਾਨ ਦੇ ਮਨ ਵਿੱਚ ਚਿੰਤਾ ਦੀ ਲਹਿਰ ਪੈਦਾ ਕਰ ਦਿੱਤੀ ਸੀ ਕਿ ਸਰਕਾਰ ਉਨਾਂ ਵਿੱਚ ਦੌਫਾੜ੍ਹ ਪਾਉਣ ਦੇ ਆਪਣੇ ਮੰਤਵ ਵਿੱਚ ਸਫਲ ਹੋ ਰਹੀ ਹੈ।ਨੌਜੁਆਨਾਂ ਵਲੋਂ ਪੰਜਾਬ ਦੀ ਧਰਤੀ ਤੇ "ਮਹਿਰਾਜ" ਵਿਖੇ ਵਿਸ਼ਾਲ ਰੈਲੀ ਰੱਖ ਦਿੱਤੀ ਸੀ। ਜਿਸ ਨੇ ਹਰੇਕ ਦੇ ਮਨ ਵਿੱਚ ਫਿਕਰ ਲਿਆ ਦਿੱਤਾ ਸੀ। ਭਾਵੇਂ ਇਸ ਅੰਦੋਲਨ ਵਿੱਚ ਕੁਝ ਇਹੋ ਜਿਹੀਆਂ ਧਿਰਾਂ ਸ਼ਾਮਲ ਹੋਈਆਂ ਸਨ ਜਿਹੜੀਆਂ ਕਿਸਾਨਾਂ ਦੇ ਮੁੱਦਿਆਂ ਤੋਂ ਬਿਨਾ ਹੋਰ ਧਾਰਮਿਕ ਮਸਲਿਆਂ ਨੂੰ ਉਜਾਗਰ ਕਰਨਾ ਚਾਹੁੰਦੇ ਹਨ। ਕਿਉਂਕਿ ਇਸ ਸਮੇਂ ਸਿਰਫ ਮੁੱਦਾ ਕਿਸਾਨ ਬਿੱਲਾਂ ਨੂੰ ਵਾਪਿਸ ਕਰਾਉਣ ਦਾ ਹੈ। ਸਾਰੇ ਦੇਸ਼ ਦੇ ਕਿਸਾਨ, ਕਿਸਾਨੀ ਮੰਗਾਂ ਤੇ ਇਕ ਮੱਤ ਹਨ।ਇਸ ਰੈਲੀ ਵਿੱਚ ਜੋ ਕੁਝ ਨੌਜੁਆਨ ਆਗੂ 'ਲੱਖੇ ਸਿਧਾਣੇ' ਨੇ ਆਪਣੀ ਤਕਰੀਰ ਵਿੱਚ ਕਿਹਾ ਹੈ ਉਹ ਪ੍ਰਸੰਸਾ ਕਰਨੀ ਬਣਦੀ ਹੈ। ਉਸ ਨੇ ਬੜੇ ਸਾਫ ਤੇ ਸਪਸ਼ਟ ਲਫਜਾਂ ਵਿੱਚ ਕਿਹਾ ਹੈ ਕਿ ਇਸ ਸਮੇਂ ਮਸਲਾ ਆਪਣੀ ਜਮੀਨ ਤੇ ਕਿਸਾਨਾਂ ਦੀ ਹੋਂਦ ਨੂੰ ਬਚਾਉਣ ਦਾ ਹੈ। ਜੇ ਕਰ ਇਸ ਸਮੇਂ ਅਸੀਂ ਦੋ ਫਾੜ੍ਹ ਹੋ ਗਏ ਤਾਂ ਦੇਸ਼ ਦਾ ਕਿਸਾਨਾਂ ਦੀਆਂ ਜਮੀਨਾਂ ਸਭ ਕੁਝ ਸਦਾ ਲਈ ਉਨਾਂ ਦੇ ਹੱਥੋਂ ਹੀ ਨਹੀਂ ਨਿਕਲ ਜਾਣਗੀਆਂ। ਇਹ ਹੀ ਨਹੀਂ ਸਗੋਂ ਸਾਡੀ ਮਾਂ ਬੋਲੀ ਪੰਜਾਬੀ, ਪੰਜਾਬੀ ਸਭਿਆਚਾਰ ਤੇ ਪੰਜਾਬ ਦੀ ਹੋਂਦ ਤਕ ਸਭ ਕੁਝ ਖਤਮ ਹੋ ਜਾਵੇਗਾ। ਉਨਾਂ ਨੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਕਿਹਾ ਹੈ ਕਿ ਉਹ ਕੋਈ ਠੋਸ ਪ੍ਰੋਗਰਾਮ ਉਲੀਕਣ, ਸਮੁੱਚਾ ਨੌਜੁਆਨ ਵਰਗ ਉਨਾਂ ਦੇ ਐਲਾਨੇ ਪ੍ਰੋਗਰਾਮ ਤੇ ਫੁੱਲ ਚੜਾਏਗਾ। ਉਨਾਂ ਨੇ ਇਹ ਵੀ ਸਪਸਟ ਕੀਤਾ ਹੈ ਕਿ ਨੌਜੁਆਨਾਂ ਦੀ ਮਹਾਂ ਰੈਲੀ ਕਿਸਾਨ ਅੰਦੋਲਨ ਜਾਂ ਕਿਸਾਨ ਆਗੂਆਂ ਤੋਂ ਕੋਈ ਵੱਖਰੀ ਨਹੀਂ ਹੈ। ਅਸੀ ਕਿਸਾਨ ਮੋਰਚੇ ਦੇ ਆਗੂਆਂ ਨਾਲ ਡੱਟ ਕੇ ਖੜ੍ਹੇ ਹਾਂ ਤੇ ਉਨਾਂ ਵਲੋਂ ਦਿੱਤੇ ਹਰ ਪ੍ਰੋਗਰਾਮ ਵਿੱਚ ਭਾਗ ਲੈ ਕੇ ਉਸ ਨੂੰ ਸਿਰੇ ਚੜਾਵਾਂਗੇ। ਅਸੀ ਇਹ ਲੜਾਈ ਸਾਰੇ ਰੱਲ ਕੇ ਜਿੱਤ ਕੇ ਘਰ ਪਰਤਾਂਗੇ। ਉਨਾਂ ਨੇ ਰੈਲੀ ਵਿੱਚ ਬਾਰ ਬਾਰ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਏਕੇ ਦਾ ਪ੍ਰਗਟਾਵਾ ਇਸ ਕਰਕੇ ਕੀਤਾ ਹੈ ਤਾਂ ਕਿ ਵਿਰੋਧੀ ਧਿਰ ਭਾਜਪਾ ਵਾਲੇ ਇਸ ਰੈਲੀ ਨੂੰ ਆਪਣੇ ਹਿੱਤਾਂ ਲਈ ਨਾ ਵਰਤ ਸਕਣ। ਹੁਣ ਕਿਸਾਨ ਆਗੂਆਂ ਦੇ ਸਿਰ ਵੱਡੀ ਜਿੰਮੇਵਾਰੀ ਆ ਗਈ ਹੈ ਕਿ ਉਹ ਵੀ ਨੌਜੁਆਨ ਆਗੂਆਂ ਬਾਰੇ ਦਿੱਤੇ ਜਾਂਦੇ ਨਿਰਮੂਲ ਬਿਆਨਾਂ ਨੂੰ ਸਖਤੀ ਨਾਲ ਰੋਕ ਕੇ ਕਿਸਾਨਾਂ ਤੇ ਨੌਜੁਆਨਾਂ ਦਾ ਏਕਾ ਬਣਾਈ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਣ। ਉਹ ਸਰਕਾਰ ਵਲੋਂ ਫੜ੍ਹੇ ਗਏ ਨੌਜੁਆਨਾਂ ਨੂੰ ਰਿਹਾ ਕਰਾਉਣ ਵਿੱਚ ਕਿਸੇ ਪਰਕਾਰ ਦੀ ਢਿੱਲ ਨਾ ਵਰਤਣ । ਇਸ ਦੇ ਨਾਲ ਹੀ ਨੌਜੁਆਨਾਂ ਨੂੰ ਭਰੋਸੇ ਵਿੱਚ ਲੈਣ ਦੇ ਨਾਲ ਉਨਾਂ ਦੀ ਯੋਗ ਅਗਵਾਈ ਕਰਨ ਤਾਂ ਕਿ ਉਹ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ੍ਹ ਕੇ ਇਸ ਸੰਘਰਸ਼ ਨੂੰ ਸਫਲਤਾ ਪੂਰਵਕ ਨੇਪਰੇ ਚੜਾਉਣ ਵਿੱਚ ਆਪਣੀ ਬਣਦੀ ਭੂਮਿਕਾ ਨਿਭਾਉਣ। ਦੇਸ਼ ਦੇ ਲੋਕ ਪਿੱਛਲੇ ਸਮੇਂ ਤੋਂ ਇਹ ਮਹਿਸੂਸ ਕਰ ਰਹੇ ਹਨ ਕਿ ਕਿਸਾਨ ਜਥੇਬੰਦੀ ਦੇ ਇਕੜ੍ਹ ਦੁਕੜ੍ਹ ਆਗੂ ਵਲੋਂ ਬਿਆਨ ਦਿੱਤੇ ਗਏ ਹਨ ਕਿ ਉਹ ਦਿੱਲੀ ਵਿਖੇ 40 ਲੱਖ ਟਰੈਕਟਰਾਂ ਨਾਲ ਮਾਰਚ ਕਰਨਗੇ ਤੇ ਉਥੋਂ ਦੀਆਂ ਪਾਰਕਾਂ ਵਿੱਚ ਟਰੈਕਟਰ ਚਲਾ ਕੇ ਕਣਕ, ਝੋਨਾ ਬੀਜਣਗੇ, ਕਿਸਾਨ ਇਸ ਵਾਰੀ ਬੀਜੀ ਹੋਈ ਕਣਕ ਨੂੰ ਵੱਢਣ ਦੀ ਥਾਂ ਤੇ ਖੜ੍ਹੀ ਫਸਲ ਨੂੰ ਅੱਗ ਲਗਾ ਦੇਣਗੇ, ਬੀਜੀ ਕਣਕ ਨੂੰ ਵਾਹ ਦੇਣਗੇ।


ਜੰਗ ਸਿੰਘ
91-94170-95965

ਜਿਸ ਤੋਂ ਪ੍ਰਭਾਵਤ ਹੋ ਕੇ ਹਰਿਆਣੇ ਦੇ ਕੁਝ ਕਿਸਾਨਾਂ ਨੇ ਆਪਣੀ ਬੀਜੀ ਕਣਕ ਦੀ ਫਸਲ ਵਾਹ ਵੀ ਦਿੱਤੀ ਹੈ। ਕਿਸਾਨ ਤਾਂ ਪਹਿਲਾਂ ਹੀ ਕਰਜਿਆਂ ਦੀ ਪੰਡ ਦੀ ਮਾਰ ਹੇਠ ਹਨ ਅਗੋਂ ਇਹੋ ਜਿਹੀਆਂ ਘਟਨਾਵਾਂ ਨਾਲ ਉਹ ਆਰਥਿਕ ਤੌਰ ਤੇ ਹੋਰ ਨਿਘਰ ਜਾਣਗੇ। ਭਾਵੇਂ ਕਿਸਾਨ ਮੋਰਚੇ ਦੇ ਆਗੂਆਂ ਨੇ ਉਨਾਂ ਬਿਆਨਾਂ ਨੂੰ ਜਥੇਬੰਦੀ ਦਾ ਬਿਆਨ ਨਾ ਦਸ ਕੇ ਉਸ ਤੋਂ ਇਹ ਕਹਿ ਕੇ ਵੱਖ ਕਰ ਲਿਆ ਹੈ ਕਿ ਇਹ ਕਿਸੇ ਆਗੂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਚੰਗਾ ਹੋਵੇ ਜੇ ਕਰ ਆਗੂ ਅਜਿਹੇ ਬਿਆਨ ਦੇਣ ਤੋਂ ਗੁਰੇਜ ਕਰਨ ਕਿਉਂ ਕਿ 26 ਜਨਵਰੀ ਤੋਂ ਪਹਿਲਾਂ ਵੀ ਗਰਮ ਗਰਮ ਗੀਤਾਂ, ਕਿਸਾਨ ਆਗੂਆਂ ਦੇ ਅਣਭੋਲਤਾ ਵਿੱਚ ਦਿੱਤੇ ਭਾਸ਼ਨਾਂ ਕਾਰਨ ਅੰਦੋਲਨ ਨੂੰ ਭਾਰੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨ ਆਗੂਆਂ ਤੇ ਨੌਜੁਆਨਾਂ ਨੂੰ ਅਤੀਤ ਤੋਂ ਸਬਕ ਸਿੱਖ ਕੇ ਉਸਾਰੂ ਅਗਵਾਈ ਕਰਨ ਦੀ ਜਰੂਰਤ ਹੈ। ਭਾਰਤੀ ਜਨਤਾ ਪਾਰਟੀ ਤੇ ਉਸ ਦਾ ਵਿੰਗ ਰ.ਸ.ਸ .ਬਹੁਤ ਸ਼ਾਤਰ ਹੈ। ਹਾਲੇ ਵੀ ਉਹ ਤਰਲੋ ਮੱਛੀ ਹੋ ਰਿਹਾ ਹੈ ਕਿ ਕੋਈ ਹੋਰ ਵਿਉਂਤ ਘੜ੍ਹ ਕੇ ਕਿਸਾਨ ਅੰਦੋਲਨ ਨੂੰ ਫੇਲ੍ਹ ਕੀਤਾ ਜਾਵੇ। ਇਸ ਲਈ ਕਿਸਾਨ ਆਗੂਆਂ ਤੇ ਨੌਜੁਆਨ ਆਗੂਆਂ ਨੂੰ ਹੋਰ ਵਧੇਰੇ ਚੁਕੰਨੇ ਹੋਣ ਦੀ ਜਰੂਰਤ ਹੈ। ਕਿਸਾਨ ਮੋਰਚੇ ਨੇ ਭਾਰਤੀ ਜੰਨਤਾ ਪਾਰਟੀ ਦੀ ਢੀਠ ਬਣ ਚੁੱਕੀ ਕੇਂਦਰ ਦੀ ਸਰਕਾਰ ਤੇ ਦਬਾਅ ਬਣਾਉਣ ਲਈ ਅਗਲੇ ਸੰਘਰਸ਼ ਦੇ ਕੁਝ ਨਵੇਂ ਐਲਾਨ ਕੀਤੇ ਜਾ ਰਹੇ ਹਨ ਜਿਸ ਦੇ ਮੁਤਾਬਿਕ 23 ਮਾਰਚ ਨੂੰ ਦਿੱਲੀ ਵਿੱਚ ਟਰੈਕਟਰ ਮਾਰਚ, ਕਿਸਾਨਾਂ ਦਾ ਪੈਦਲ ਮਾਰਚ ਦੇ ਨਾਲ ਪਾਰਲੀਮੈਂਟ ਦੇ ਘਿਰਾਉ ਕਰਨ ਦਾ ਪ੍ਰੋਗਰਾਮ ਵੀ ਹੋ ਸਕਦਾ ਹੈ।ਇਹ ਵੀ ਪਤਾ ਲਗਾ ਹੈ ਕਿ ਕਿਸਾਨ ਮੋਰਚੇ ਵਲੋਂ ਬੜੀ ਜਲਦੀ ਇਨਾਂ ਵਿੱਚੋਂ ਕੋਈ ਨਾ ਕੋਈ ਠੋਸ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ।

ਜਿਥੋਂ ਤਕ ਕਿਸਾਨਾਂ ਦੇ ਉਤਸ਼ਾਹ ਦੀ ਗੱਲ ਹੈ, ਉਹ ਅਡੋਲ ਤੇ ਅਟੱਕ ਖੜ੍ਹੇ ਹਨ ਤੇ ਉਹ ਦਿੱਲੀ ਦੇ ਬਾਰਡਰ ਨੂੰ ਉਨਾਂ ਚਿਰ ਛਡਣ ਵਾਲੇ ਨਹੀਂ ਜਿਨਾ ਚਿਰ ਸਰਕਾਰ ਕੋਲੋਂ ਤਿੰਨੇ ਕਾਲੇ ਕਾਨੂੰਨ ਰੱਦ ਕਰਵਾ ਕੇ, ਐਮ. ਐਸ. ਪੀ . ਦਾ ਕਾਨੂੰਨ ਬਣਵਾ ਕੇ ਫਤਹਿ ਪ੍ਰਾਪਤ ਨਹੀਂ ਕਰ ਲੈਂਦੇ।



## 8 ਮਾਰਚ ਕੌਮਾਂਤਰੀ ਦਿਵਸ 'ਤੇ

# ਇਸਤਰੀ ਬੰਦ ਖਲਾਸੀ ਲਈ ਸੰਘਰਸ਼ ਜ਼ਰੂਰੀ



ਰਾਜਿੰਦਰ ਕੌਰ ਚੋਹਕਾ
91-98725-44738
001-403-285-4208


ਜਦੋਂ ਤੋਂ ਹੀ ਇਸ ਮਨੁੱਖੀ ਸਮਾਜ ਅੰਦਰ ਮਨੁੱਖ ਨੇ ਉਤਪਾਦਿਕ 'ਚ ਵਾਧਾ ਕਰਨ ਦਾ ਸਫ਼ਰ ਸ਼ੁਰੂ ਕੀਤਾ, ਕੁਦਰਤ ਸਮਾਜ ਅਤੇ ਸੋਚ ਦੀਆਂ ਧਾਰਨਾਵਾਂ ਵੀ ਵਿਕਸਤ ਹੋਣੀਆਂ ਸ਼ੁਰੂ ਹੋ ਗਈਆਂ। ਜਿਨ੍ਹਾਂ ਨੇ ਅੱਗੋਂ ਆਰਥਿਕ ਰਿਸ਼ਤਿਆਂ ਨੂੰ ਜਨਮ ਦਿੱਤਾ। ਖੇਤੀ ਦੀ ਸੂਝ ਨਾਲ ਹੀ ਮਨੁੱਖੀ ਸਮਾਜ ਅੰਦਰ ਆਰਥਿਕਤਾ ਅਧਾਰਿਤ ਸਮਾਜ ਇਸ ਰਾਹ ਤੇ ਤੁਰ ਪਿਆ। ਸਮਾਜਿਕ ਤਬਦੀਲੀਆਂ ਅੰਦਰ ਹੀ 'ਇਕ ਔਰਤ ਅਤੇ ਇਕ ਮਰਦ' ਦੀ ਸਾਂਝ ਨੇ ਹੀ ਇਕ ਪ੍ਰਵਾਰ ਰੂਪੀ ਸਮਾਜਿਕ ਜੀਵਨ ਨੂੰ ਜਨਮ ਦਿੱਤਾ। ਹੌਲੀ ਹੌਲੀ ਮਾਤਰੀ ਸਮਾਜ ਦੀ ਥਾਂ, ਪਿਤਰੀ ਸਮਾਜ ਹੋਂਦ 'ਚ ਆਉਂਦਾ ਗਿਆ ਤੇ ਮਜ਼ਬੂਤ ਹੁੰਦਾ ਗਿਆ। ਆਰਥਿਕ ਅਧਿਕਾਰਾਂ ਤੋਂ ਵਿਰਵੀ ਹੋਈ ਇਸਤਰੀ, ਪਹਿਲਾਂ 'ਸਮਾਜਿਕ ਅਧਿਕਾਰਾਂ ਅਤੇ ਫਿਰ ਨਿੱਜੀ ਅਧਿਕਾਰਾਂ' ਤੋਂ ਵੀ ਵੰਚਿਤ ਹੁੰਦੀ ਗਈ। ਆਖਰ ਜਿਸਮਾਨੀ ਤੌਰ ਤੇ ਉਹ ਮਰਦ 'ਪ੍ਰਧਾਨ ਸਮਾਜ ਦੀ ਗੁਲਾਮ' ਹੁੰਦੀ ਗਈ। ਮਾਂ ਦੀ ਆਪਣੇ ਬੱਚਿਆਂ ਨਾਲ ਮੋਹ ਮਮਤਾ, ਇਸ ਲਈ ਕਿ ? ਉਸ ਨੂੰ ਯਕੀਨ ਹੈ, ਕਿ ਇਹ ਉਸ ਦੇ ਬੱਚੇ ਹਨ ? ਇਸਤਰੀ ਮਰਦ ਦੀ ਦੁਨਿਆਵੀ ਸਾਂਝ ਕਾਰਨ ਹੀ ਇਸਤਰੀ ਪ੍ਰੀਵਾਰ ਦੀ ਨਾਰੀਵਾਦੀ ਦੇ ਅਰੰਭ ਤੇ ਵਿਕਾਸ ਅੰਦਰ ਯੁੱਗ ਵਿਚਾਰਧਾਰਾਵਾਂ ਦਾ ਅਤੇ ਉਨ੍ਹਾਂ ਦੇ ਟਕਰਾਅ ਦਾ ਰਿਹਾ ਹੈ। ਜਿਸ ਕਾਰਨ ਪ੍ਰੀਵਾਰ ਅੰਦਰ ਦੋ ਰੂਪ ਧਾਰਨ ਕਰਦਾ ਗਿਆ। ਸਦੀਆਂ ਤੋਂ ਹੀ ਇਸਤਰੀ ਨੂੰ ਇਸ ਸਮਾਜ ਅੰਦਰ "ਸਮਾਜਿਕ ਅਤੇ ਆਰਥਿਕ ਅਧਿਕਾਰਾਂ ਅੰਦਰ ਬਰਾਬਰੀ ਦੇ ਹੱਕਾਂ ਤੋਂ ਵਾਂਝਿਆਂ ਰੱਖਿਆ ਗਿਆ ! ਉਸ ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਕ ਖੇਤਰ ਵਿੱਚ ਅਧਿਕਾਰਾਂ ਲਈ ਜਦੋ-ਜਹਿਦ ਕਰਨੀ ਪਈ ਅਤੇ ਕਰਨੀ ਪੈ ਰਹੀ ਹੈ ! '' ਅੱਜ ! ਵੀ 21-ਵੀਂ ਸਦੀ ਵਿੱਚ ਵੀ ਇਸਤਰੀਆਂ ਨਾਲ ਇਹ ਵਿਤਕਰੇ ਜਾਰੀ ਹਨ।

ਕਬੀਲਦਾਰੀ ਯੁੱਗ ਵਿੱਚ ਇਸਤਰੀ ਨੂੰ ਘਰ ਦੀ ਮੁੱਖੀ ਵਜੋਂ ਮੰਨਿਆ ਜਾਂਦਾ ਸੀ। ਉਸ ਨੂੰ ਘਰ ਵਿੱਚ ਅਤੇ ਸਮਾਜ ਵਿੱਚ ਵੀ ਹਰ ਥਾਂ ਸਨਮਾਨ ਯੋਗ ਅਸਥਾਨ ਪ੍ਰਾਪਤ ਸੀ। ਪ੍ਰਤੂੰ ਗੁਲਾਮ ਦਾਰੀ ਯੁੱਗ ਇਸਤਰੀ ਗੁਲਾਮਾਂ ਵਾਂਗੂੰ ਵਿਚਰਦੇ ਹੋਏ, ਜਾਗੀਰਦਾਰੀ ਯੁੱਗ ਵਿੱਚ ਇਕ ਐਸ਼ੋ-ਇਸ਼ਰਤ ਦੀ ਵਸਤੂ ਬਣਾ ਦਿੱਤੀ ਗਈ ਅਤੇ ਅੱਜ ! ਸਰਮਾਏਦਾਰੀ ਸਿਸਟਮ ਵਿੱਚ ਉਸ ਦੀ ਲੁੱਟ-ਚੋਂਘ ਹੋਰ ਵੀ ਵੱਧ ਗਈ ਹੈ। ਸਮਾਜਿਕ ਸੁਧਾਰਕਾਂ, ਧਾਰਮਿਕ ਆਗੂਆਂ ਤੇ ਨੀਤੀਵਾਨ ਆਗੂਆਂ ਨੇ ਭਾਵੇਂ! ਇਸਤਰੀਆਂ ਤੇ ਹੋ ਰਹੇ ਜ਼ੁਲਮਾਂ ਦੇ ਵਿਰੁੱਧ ਅਵਾਜ਼ ਉਠਾਈ ਹੈ ; ਪ੍ਰਤੂੰ ! ਵਿਡੰਬਨਾ ਇਹ ਹੈ, 'ਕਿ ਅਜੇ ਤੱਕ ਵੀ ਇਸਤਰੀਆਂ ਨਾਲ ਘੋਰ ਬੇਇਨਸਾਫ਼ੀਆਂ ਜਾਰੀ ਹਨ। ਅੱਜ ! 21-ਵੀਂ ਸਦੀ ਵਿੱਚ ਦਾਖਲ ਹੋ ਗਏ ਹਾਂ, ਪਰ ! ਅਣਜੰਮੀਆਂ ਬੱਚੀਆਂ ਨੂੰ ਮਾਂ ਦੀ ਕੁੱਖ ਵਿੱਚ ਹੀ ਮਾਰਿਆ ਜਾ ਰਿਹਾ ਹੈ।

ਭਾਵੇਂ ! ਭਾਰਤ ਦੇ ਸੰਵਿਧਾਨ ਵਿੱਚ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿੰਦੇ ਹੋਏ, ਇਨ੍ਹਾਂ ਅਧਿਕਾਰਾਂ ਵਿੱਚ ਸਪਸ਼ਟ ਤੌਰ ਤੇ ਇਹ ਵੀ ਲਿੱਖਿਆ ਗਿਆ ਹੈ; "ਕਿ ਰਾਜ ਸਰਕਾਰਾਂ ਕਿਸੇ ਵੀ ਵਿਅਕਤੀ ਦੇ ਨਾਲ ਰੰਗ, ਨੱਸਲ, ਲਿੰਗ ਦੇ ਅਧਾਰ ਤੇ ਭਿੰਨ-ਭੇਦ ਨਹੀਂ ਕਰਨਗੀਆਂ, ਪ੍ਰਤੂੰ ! ਵਿੱਦਿਆ ਦੇ ਦਰ ਖੁਲ੍ਹਣ ਬਾਦ, "ਸ਼ਹਿਰੀਕਰਨ ਅਤੇ ਸਨਅਤੀ ਕਰਨ'' ਹੋਣ ਬਾਦ, ਅਜ਼ਾਦੀ ਦੇ -73 ਸਾਲ ਬੀਤ ਜਾਣ ਤੇ ਅੱਜ ! ਵੀ ਭਾਰਤੀ ਇਸਤਰੀ "ਸਮਾਜਿਕ,ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਤੌਰ ਤੇ ਪੱਛੜੀ ਹੋਈ ਹੈ।'' ਦੁੱਨੀਆਂ ਅੰਦਰ ਆਰਥਿਕ ਸ਼ਕਤੀ ਕਹਿਲਾਉਣ ਵਾਲੇ ਭਾਰਤ ਦੇਸ਼ ਵਿੱਚ ਅਜੇ ਵੀ ਸਮਾਜ ਅੰਦਰ ਇਸਤਰੀ ਨੂੰ ਦੂਜੇ ਦਰਜੇ ਦੀ ਨਾਗਰਿਕ ਹੀ ਸਮਝਿਆ ਜਾ ਰਿਹਾ ਹੈ।

ਇਸਤਰੀ ਦੀ ਮੁਕਤੀ ਦੇ ਸੰਘਰਸ਼ਾਂ ਦੀ ਜਦੋਂ-ਜਹਿਦ ਦਾ ਬਹੁਤ ਹੀ ਲੰਬਾ ਤੇ ਪੁਰਾਣਾ ਇਤਿਹਾਸ ਹੈ। -1789 ਦੇ ਫਰਾਂਸ'' ਵਿੱਚ ਪਹਿਲੇ ਇਨਕਲਾਬ ਸਮੇਂ ਅਤੇ ਫਿਰ "1848 ਦੇ ਪੈਰਿਸ ਕਮਿਊਨ'' ਵੇਲ ਇਸਤਰੀਆਂ ਦੇ 'ਬਰਾਬਰ ਦੀ ਮੰਗ' ਉਭਰੀ ਸੀ। -1848 ਨੂੰ ਪੈਰਿਸ ਵਿੱਚ ਪਹਿਲੇ ਸਰਵਹਾਰਾ ਇਨਕਲਾਬ ਨੇ ਇਸਤਰੀਆਂ ਨੂੰ ਉਤਸ਼ਾਹਿਤ ਕਰ ਦਿੱਤਾ। ਇਸ ਇਨਕਲਾਬ ਅੰਦਰ ਬਹਾਦਰ ਇਸਤਰੀਆਂ ਵਿਚੋਂ ਇਕ ਸੀ ਬਹਾਦਰ ਇਸਤਰੀ "ਲੂਈ ਮਿਸ਼ੇਲ'' ਜਿਸ ਨੇ ਇਸ ਇਨਕਲਾਬ ਦੀ ਜਿੱਤ ਵਿੱਚ ਮੋਹਰੀ ਰੋਲ ਅਦਾ ਕੀਤਾ। "ਐਲਿਜ਼ਾਬੈਥ ਕੈਂਡੀ ਸਟੈਨ ਟਨ ਅਤੇ ਲੁਕੇਸ਼ੀਆ ਕਫ਼ਿਨ ਮੋਟ ਨੇ ਫ਼ਰਾਂਸ'' ਅਤੇ "ਸੇਨੇਕਾ ਫਾਲਸ ਨੇ ਨਿਊਯਾਰਕ'' ਅੰਦਰ ਇਸਤਰੀਆਂ ਦੇ ਅਧਿਕਾਰਾਂ ਲਈ ਸਭ ਤੋਂ ਪਹਿਲਾਂ ਅਵਾਜ਼ ਉਠਾਈ। -"1888 ਨੂੰ ਕੌਮਾਂਤਰੀ ਇਸਤਰੀ ਕੌਂਸਲ'' ਦੀ ਸਥਾਪਨ੍ਹਾ ਕੀਤੀ ਗਈ ਅਤੇ -1904 ਨੂੰ ਪਹਿਲੀ ਵਾਰ "ਕੌਮਾਂਤਰੀ ਇਸਤਰੀ ਮੱਤ ਅਧਿਕਾਰ ਗਠ-ਜੋੜ'' ਬਣਿਆ। ਭਾਵੇ! 20-ਵੀਂ ਸਦੀ ਵਿੱਚ ਵੀ ਕੁਝ ਧਾਰਮਿਕ ਸੁਧਾਰਵਾਦੀ, ਅਧਿਆਤਮਵਾਦੀ ਅਤੇ ਸੰਕੀਰਨਤਾਵਾਦੀ ਕੌਮਪ੍ਰਸਤ ਗਰੁੱਪਾ ਵਲੋਂ ਵੀ ਇਸਤਰੀਆਂ ਦੇ ਹੱਕ ਵਿੱਚ ਅਵਾਜ਼ ਉਠਾਈ ਗਈ ! ਪਰ ! ਉਨ੍ਹਾਂ ਸਾਰਿਆਂ ਦੀ ਮਨਛਾ, "ਇਸਤਰੀਆਂ ਨੂੰ ਹਕੀਕੀ ਅਜ਼ਾਦੀ ਨੂੰ ਤੋਂ ਦੂਰ ਰੱਖ ਕੇ ਸੁਧਾਰਵਾਦੀ ਘੇਰਿਆਂ ਵਿੱਚ ਹੀ ਕੈਦ ਰੱਖਣਾ ਸੀ।'' ਪੈਰਿਸ ਕਮਿਊਨ ਦੌਰਾਨ ਇਸਤਰੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਸੀ। ਇਸ ਮੰਗ ਨੂੰ ਲੈ ਕੇ ਫਰਾਂਸ ਦੀ ਇਕ ਉੱਘੀ ਜੁਝਾਰੂ ਇਸਤਰੀ ਆਗੂ ਨੇ ਕਿਹਾ ਸੀ, "ਕਿ, ਜੇਕਰ ਇਸ ਸਮਾਜ ਅੰਦਰ ਇਸਤਰੀਆਂ ਨੂੰ ਜਲਾਦ ਦੀ ਛੁਰੀ ਹੇਠ ਮਰਨ ਦਾ ਹੱਕ ਹੈ, ਤਾਂ ! ਉਨ੍ਹਾਂ ਨੂੰ "ਸਮਾਜਿਕ ਬੇ-ਇਨਸਾਫ਼ੀ ਤੇ ਜ਼ੁਲਮਾ ਦੇ ਵਿਰੁਧ ਬੋਲਣ ਦਾ ਅਧਿਕਾਰ'' ਵੀ ਹੋਣਾ ਚਾਹੀਦਾ ਹੈ ?'' "ਇਹ ਮਹਾਨ ਇਸਤਰੀ ਖੁੱਦ ਵੀ ਫਰਾਂਸ ਦੀ ਮਜ਼ਦੂਰ ਜਮਾਤ ਲਈ ਬੜੀ ਬਹਾਦਰੀ ਨਾਲ ਲੜਦੀ ਹੋਈ ਫਾਂਸੀ ਤੇ ਚੜੀ ਸੀ। ਇਨ੍ਹਾਂ ਸ਼ਹਾਦਤਾਂ ਸਦਕਾ ਹੀ ਅਗੋਂ ਸੰਸਾਰ ਅੰਦਰ ਇਸਤਰੀਆਂ ਦੇ ਹੱਕਾਂ-ਹਿੱਤਾ ਲਈ ਜੂਝਣ ਵਾਸਤੇ "ਇਸਤਰੀ ਲਹਿਰਾਂ'' ਨੂੰ ਜਨਮ ਦਿੱਤਾ।

ਇਸਤਰੀ ਦੀ ਲਹਿਰ ਦਾ ਮੁੱਢ, ਭਾਵੇਂ ! -1910 ਵਿੱਚ 'ਕੋਪਨ ਹੈ ਗਨ'' ਵਿਖੇ ਸਮਾਜਵਾਦੀ ਵਿਚਾਰਧਾਰਾ ਵਾਲੀਆਂ ਇਸਤਰੀਆਂ ਦੀ ਦੂਸਰੀ ਕੌਮਾਂਤਰੀ ਕਾਨਫਰੰਸ ਜਿਸ ਦੀ ਨਿਧੜਕ ਆਗੂ "ਕਲਾਰਹ ਜੈਟਕਿਨ'' ਸੀ ਦੁਰਾਨ ਬਝਿਆ। ਕਾਨਫਰੰਸ ਵੱਲੋਂ 8-ਮਾਰਚ 1911 ਨੂੰ ਦੁੱਨੀਆਂ ਭਰ ਵਿੱਚ "ਇਸਤਰੀ ਦਿਵਸ'' ਵਜੋਂ ਮਨਾਉਣ ਦਾ ਸੱਦਾ ਦਿੱਤਾ ਗਿਆ ਸੀ। ਅੱਜ ਤੋਂ -164 ਸਾਲ ਪਹਿਲਾ, ਇਤਿਹਾਸਕ ਪੱਖੋਂ -8 ਮਾਰਚ 1857 ਵਿੱਚ ਅਮਰੀਕਾ ਵਿਖੇ ਸੂਤੀ ਮਿਲਾਂ ਵਿੱਚ ਕੰਮ ਕਰਦੀਆਂ ਇਸਤਰੀ ਕਾਮਿਆਂ ਵੱਲੋਂ -16 ਘੰਟੇ ਦੀ ਦਿਹਾੜੀ ਘਟਾ ਕੇ 10-ਘੰਟੇ ਕਰਨ ਦੀ ਮੰਗ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ ਗਿਆ ਸੀ। ਅਮਰੀਕਾ ਦੇ ਸ਼ਹਿਰ 'ਮਨਹਟਨ' ਵਿਖੇ ਸੂਈਆਂ ਦੇ ਕਾਰਖਾਨੇ ਵਿੱਚ ਕੰਮ ਕਰਦੀਆਂ ਕਾਮਾਂ ਇਸਤਰੀਆਂ ਨੇ ਆਪਣੇ ਕੰਮ ਦੇ ਘੰਟਿਆਂ ਨੂੰ 10 ਘੰਟੇ ਕਰਨ ਲਈ ਹੜਤਾਲ ਕੀਤੀ ਸੀ ਅਤੇ ਸਾਰੇ ਸ਼ਹਿਰ ਵਿੱਚ ਇਸਤਰੀ ਕਾਮਿਆਂ ਨੇ ਚੱਕਾ ਜਾਮ ਕਰ ਦਿੱਤਾ ਸੀ। ਇਸ ਇਤਿਹਾਸਕ ਘਟਨਾ ਦੀ ਯਾਦ ਵਿੱਚ ਇਹ ਦਿਨ ਦੁੱਨੀਆਂ ਭਰ ਵਿੱਚ ਇਸਹਤਰੀਆਂ ਨਾਲ ਇਕ ਮੁਠਤਾ ਵਜੋਂ ਮਨਾਇਆ ਜਾਂਦਾ ਹੈ। ਇਸਤਰੀਆਂ ਦੇ ਇਨ੍ਹਾਂ ਸੰ-ਘਰਸ਼ਾਂ ਦੇ ਸਦਕਾ ਹੀ ਕੌਮਾਂਤਰੀ ਪੱਧਰ ਤੇ ਇਸਤਰੀ ਲਹਿਰਾਂ ਅੱਗੇ ਝੁਕਦੇ ਹੋਏ '-1967 ਨੂੰ ਸੰਯੁਕਤ ਰਾਸ਼ਟਰ' ਵਲੋਂ ਇਸਤਰੀਆਂ ਨਾਲ ਹੋ ਰਹੇ ਹਰ ਤਰ੍ਹਾਂ ਦੇ ਵਿਤਕਰੇ, ਜੋ ਬਰਾਬਰ ਦੇ ਅਧਿਕਾਰਾਂ ਦੀ ਉਲੰਘਣਾ ਕਰਦੇ ਸਨ ਉਨ੍ਹਾਂ ਵਿਰੁੱਧ ਇਕ ਮੱਤਾ ਪਾਸ ਕਰਕੇ ਸਾਰੇ ਮੈਂਬਰ ਦੇਸ਼ਾਂ ਨੂੰ, -'8 ਮਾਰਚ -1975 ਤੋਂ ਲੈ ਕੇ -1985 ਤੱਕ ਇਕ ਦਹਾਕਾ ਇਸਤਰੀ ਦਿਵਸ, ਇਸਤਰੀਆਂ ਲਈ ਬਰਾਬਰਤਾ, ਉਨੱਤੀ ਅਤੇ ਅਮਨ ਦੇ ਨਾਅਰੇ ਹੇਠ ਮਨਾਉਣ ਦਾ ਸੱਦਾ ਦਿੱਤਾ ਗਿਆ ਸੀ। ਇਸ ਐਲਾਨਨਾਮੇਂ ਦੇ -46 ਸਾਲ ਬੀਤਣ ਬਾਦ ਵੀ ਇਸਤਰੀਆਂ ਦੀ ਦਸ਼ਾ ਵਿੱਚ ਕੋਈ ਸੁਧਾਰ ਨਹੀਂ ਹੋਇਆ ਹੈ।




ਦੁਨੀਆਂ ਅੰਦਰ ਇਸਤਰੀਆਂ ਦ ਹੱਕਾਂ ਹਿਤਾਂ ਦੀ ਰਾਖੀ ਲਈ ਸਮੇਂ-ਸਮੇਂ ਤੇ ਕਈ ਕਾਨਫਰੰਸਾਂ ਵੀ ਹੋਈਆਂ। "ਪ੍ਰਿਥਵੀ ਸਿਖਰ ਸੰਮੇਲਨ, ਰੀਓ-ਡੀ-ਜੇਨੋਰੋ-1992,'' "ਮਨੁੱਖੀ ਅਧਿਕਾਰ ਵਿਆਨਾ-1993,'' "ਜਨਸੰਖਿਆ ਕਾਹਿਰਾ-1994'', "ਸਮਾਜਿਕ ਵਿਕਾਸ ਕੋਪਨ ਹੈਰਾਨ-1995'', "ਬੀਜਿੰਗ ਕਾਨਫਰੰਸ ਸਤੰਬਰ-1995,'' "5 ਤੋਂ 9 ਜੂਨ 2000 ਤੱਕ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿੱਚ ਪੰਜਵਾਂ ਸੰਮੇਲਨ, "2005 ਵਿੱਚ ਕੀਨੀਆਂ ਵਿਖੇ ਹੋਈ ਕਾਨ-ਫਰੰਸ ਅਤੇ ਪ੍ਰਮੁੱਖ ਰਾਸ਼ਟਰੀ ਸੰਮੇਲਨਾ ਦੌਰਾਨ ਕਈ ਵਾਰ ਅਵਾਜ਼ਾ ਉੱਠੀਆਂ।'' -1 ਜੂਨ ਤੋਂ -18 ਜੂਨ ਤੱਕ -2010 ਨੂੰ ਜਨੇਵਾ ਵਿਖੇ ਹੋਈ ਕਾਨਫਰੰਸ ਵਿੱਚ ਵੀ ਇਹਸਤਰੀਆਂ ਨਾਲ ਸਬੰਧਿਤ ਮਸਲਿਆਂ ਨੂੰ ਉਠਾਇਆ ਗਿਆ। -1975 ਤੋਂ ਲੈ ਕੇ ਹੁਣ ਤੱਕ (2021 -ਤਕ) ਅਲੱਗ-ਅਲੱਗ ਹੋਈਆਂ ਕਾਨ-ਫਰੰਸਾਂ ਵਿੱਚ ਸੰਸਾਰ ਭਰ ਦੀਆਂ ਹਜ਼ਾਰਾਂ ਦੀ ਗਿਣਤੀ ਵਿੱਚ ਇਸਤਰੀਆਂ ਦੀਆਂ ਪ੍ਰਤੀਨਿਧਾਂ ਵਜੋਂ ਪ੍ਰਭਾਵਸ਼ਾਲੀ ਢੰਗ ਦੇ ਨਾਲ ਆਪਣੇ-ਆਪਣੇ ਭਾਸ਼ਨਾਂ ਰਾਂਹੀ ਇਸਤਰੀਆਂ ਨਾਲ ਹੁੰਦੇ ਮਨੁੱਖੀ ਅਧਿਕਾਰਾਂ ਦੇ ਹਿਰਦੇ ਵੇਧਿਕ ਵਿਥਿਆਵਾ ਨੂੰ ਦੁੱਨੀਆਂ ਦੇ ਕੋਨੇ-ਕੋਨੇ 'ਚ ਪਹੁੰਚਾਇਆ। ਪਰ ! ਇਸਤਰੀਆਂ ਦੀ ਦਸ਼ਾ ਵਿੱਚ ਕੋਈ ਬਹੁਤਾ ਸੁਧਾਰ ਨਹੀ ਹੋਇਆ ਹੈ।

1911 ਤੋਂ ਲੈ ਕੇ ਹੁਣ ਤੱਕ (2021) ਪਿਛਲੇ 110 ਸਾਲਾਂ ਵਿੱਚ ਕੌਮਾਂਤਰੀ ਇਸਤਰੀ ਲਹਿਰ ਨੇ ਦੁੱਨੀਆਂ ਦੀਆਂ ਇਸਤਰੀਆਂ ਨੂੰ ਕਾਫੀ ਪ੍ਰਭਾਵਿਤ ਕੀਤਾ। ਜਿਸ ਦਾ ਅਸਰ ਸਾਡੇ ਦੇਸ਼ ਭਾਰਤ ਤੇ ਪੈਣਾ ਵੀ ਲਾਜ਼ਮੀ ਸੀ। "ਵਿਸ਼ਵ ਬੈਂਕ ਦੀ ਸਰਵੇਖ਼ਣ ਰੀਪੋਰਟ (7-ਅਗਸਤ 2020) ਮੁਤਾਬਿਕ ਇਸਤਰੀ ਕਾਮਿਆਂ ਤੋਂ ਕੰਮ ਕਰਾਉਣ ਦੇ ਮਾਮਲੇ ਵਿੱਚ -190 ਦੇਸ਼ਾਂ ਦੀ ਸੂਚੀ ਵਿਚੋਂ ਭਾਰਤ 177-ਵੇਂ ਸਥਾਨ ਤੇ ਹੈ। ਜੋ ਬਹੁਤ ਹੀ ਚਿੰਤਾਜਨਕ ਹੈ। ਪਿਛਲੇ 15 ਸਾਲਾਂ ਤੋਂ ਭਾਰਤ 'ਚ ਇਸਤਰੀ ਕਾਮਿਆਂ ਦੀ ਗਿਣਤੀ ਘਟਦੀ ਜਿਾ ਰਹੀ ਹੈ। ਸਾਲ -2005 ਵਿੱਚ 26.4 ਫੀ-ਸਦ ਇਸਤਰੀ ਕਾਮੇ ਸਨ ਤੇ 190 ਦੇਸ਼ਾਂ ਦੀ ਸੂਚੀ ਵਿਚੋਂ ਭਾਰਤ 168-ਵੇਂ ਸਥਾਨ ਤੇ ਸੀ। ਸਾਲ-2010 'ਚ ਇਸਤਰੀ ਕਾਮਿਆਂ ਦੀ ਗਿਣਤੀ 23-ਫੀ-ਸਦ ਸੀ ਜੋ 174-ਵੇਂ ਸਥਾਨ ਤੇ ਆ ਗਈ। ਵਿਸ਼ਵ ਭਰ ਵਿੱਚ ਇਸਤਰੀ ਕਾਮੇ 38.9ਫੀ-ਸਦ ਪਾਏ ਗਏ। ਜਦਕਿ ਭਾਰਤ 'ਚ 20.1 ਫੀ-ਸਦ, ਚੀਨ 'ਚ 43.7 ਫੀ-ਸਦ, ਅਫ਼ਗਾਨਿਸਤਾਨ 21.4 ਫੀ-ਸਦ (ਭਾਰਤ ਨਾਲੋ ਬਿਹਤਰ) ਪਾਕਿਸਤਾਨ 20.3 ਫੀ-ਸਦ ਨੇਪਾਲ 55.7 ਫੀ-ਸਦ, ਸ਼੍ਰੀ ਲੰਕਾ 34.7 ਫੀ-ਸਦ ਅਤੇ ਬੰਗਲਾ ਦੇਸ਼ 30.5 ਫੀ-ਸਦ ਇਸਤਰੀ ਕਾਮੇ ਸਨ। ਭਾਵ! ਇਹ ਦੇਸ਼ ਇਸਤਰੀ ਕਾਮਿਆਂ ਨੂੰ ਰੁਜ਼ਗਾਰ ਦੇਣ 'ਚ ਭਾਰਤ ਨਾਲੋਂ ਮੋਹਰੀ ਹਨ।

ਇਕ ਹੋਰ ਸਰਵੇਖਣ ਮੁਤਾਬਿਕ ਸੰਸਾਰ ਮੰਦੀ ਦੇ ਇਸ ਦੌਰ ਨੇ ਇਸਤਰੀਆਂ ਨੂੰ ਰੁਜ਼ਗਾਰ ਲਈ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। ਉਸ ਨੂੰ ਅਣਸੁਖਾਵੇਂ ਕੰਮ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਆਪਣੀ ਆਰਥਿਕਤਾ ਨੂੰ ਬਿਹਤਰ ਬਨਾਉਣ ਲਈ ਜਿਥੇ ਘਰੋਂ ਬਾਹਰ ਜਾ ਕੇ ਵੀ ਕੰਮ ਕਰਨਾ ਪੈਂਦਾ ਹੈ, ਉੱਥੇ ਘਰੇਲੂ ਕੰਮਾਂ ਵਿੱਚ ਵੀ ਉਸ ਦੀ ਭਾਗੀਦਾਰੀ ਮਰਦ ਨਾਲੋਂ ਵੱਧ ਹੁੰਦੀ ਹੈ। ਏਨੀ ਮੁਸ਼ਕਤ ਕਰਨ ਦੇ ਬਾਵਜੂਦ ਵੀ ਉਸ ਨੂੰ ਘਰ-ਬਾਰ, ਜਮੀਨ-ਜਾਇਦਾਦ ਅਤੇ ਸਮਾਜਕ ਰੁਤਬੇ ਅੰਦਰ ਬਰਾਬਰ ਦਾ ਅਧਿਕਾਰ ਨਹੀਂ ਮਿਲ ਰਿਹਾ ਹੈ। ਭਾਰਤ ਦੀ ਖੇਤੀ ਵਿਕਾਸ ਵਿੱਚ ਇਸਤਰੀ ਦੀ ਭੂਮਿਕਾ ਅਹਿਮ ਹੈ। ਇਸ ਸਮੇਂ ਦੇਸ਼ ਦੇ 6.4 ਲੱਖ ਪਿੰਡਾਂ ਵਿੱਚ ਤਕਰੀਬਨ 60 ਤੋਂ 65-ਫੀ-ਸਦ ਅਬਾਦੀ ਖੇਤੀ ਤੇ ਅਧਾਰਿਤ ਹੈ। -2015-16 ਦੇ ਸਰਵੇਖਣ ਮੁਤਾਬਿਕ ਦੇਸ਼ 'ਚ 145 ਮਿਲੀਅਨ ਪ੍ਰੀਵਾਰ ਹਨ। ਦੁੱਨੀਆਂ ਭਰ ਵਿੱਚ 900 ਮਿਲੀਅਨ ਇਸਤਰੀਆਂ ਖੇਤੀ ਦੇ ਧੰਦਿਆਂ ਨਾਲ ਸਿੱਧਾ ਖੇਤੀ ਨਾਲ ਜੁੜੀਆਂ ਹੋਈਆਂ ਹਨ। ਭਾਰਤ 'ਚ 80-ਫੀ-ਸਦ ਇਸਤਰੀਆਂ ਕਿਸੇ ਨਾ ਕਿਸੇ ਤਰ੍ਹਾਂ ਖੇਤੀ ਨਾਲ ਜੁੜੀਆਂ ਹਨ। ਪ੍ਰਤੂੰ ਸਭ ਤੋਂ ਵੱਧ ਹੈਰਾਨੀ ਵਾਲਾ ਤੱਥ ਇਹ ਹੈ, 'ਕਿ ਜ਼ਮੀਨ ਤੇ ਮਾਲਿਕਾਨਾ ਅਧਿਕਾਰ ਅੰਦਰ ਇਸਤਰੀਆਂ ਦਾ ਸਿਰਫ਼ 13.87 ਫੀ-ਸਦ ਹਿੱਸਾ ਬਣਦਾ ਹੈ! -2018 ਦੇ ਅੰਕੜਿਆ ਮੁਤਾਬਿਕ ਇਸਤਰੀ ਕਿਰਤੀਆਂ ਦਾ ਮਾਲਿਕਾਨਾ ਅਧਿਕਾਰ ਸਿਰਫ-2ਫੀ-ਸਦ ਹੀ ਹੈ। ਕਿਸਾਨ ਪ੍ਰੀਵਾਰਾਂ ਨਾਲ ਸਬੰਧਤ 86-ਫੀ-ਸਦ ਇਸਤਰੀਆਂ ਜਮੀਨ ਦੇ ਅਧਿਕਾਰ ਤੋਂ ਵਾਂਝੀਆਂ ਹਨ। 98-ਫੀ-ਸਦ ਖੇਤ ਮਜ਼ਦੂਰ ਇਸਤਰੀਆਂ ਨੂੰ ਕੋਈ ਵੀ ਮਾਲਕਿਨਾ ਅਧਿਕਾਰ ਨਹੀਂ ਹੈ। ਇਨ੍ਹਾਂ ਵਿਚੋਂ 81-ਫੀ-ਸਦ ਇਸਤਰੀਆਂ ਅਨੁਸੂਚਿਤ ਜਾਤੀਆਂ ਅਤੇ ਆਦਿਵਾਸੀਆਂ ਨਾਲ ਸਬੰਧ ਰੱਖਦੀਆਂ ਹਨ। ਗੱਲ ਕੀ ? ਇਸਤਰੀਆਂ ਵੱਲ ਖੇਤੀ ਦੇ ਖੇਤਰ, 'ਚ ਅਹਿਮ ਭੂਮਿਕਾ ਨਿਭਾਉਣ ਦੇ ਬਾਵਜੂਦ ਵੀ, ਉਹ "ਜਾਇਦਾਦ ਦੇ ਅਧਿਕਾਰ ਤੋਂ ਵਿਰਵੀਆਂ ਹਨ।'' ਘਰਾਂ ਦੇ ਕੰਮ ਕਰਨ ਤੋਂ ਬਾਦ ਝਾੜੂ ਪੋਚਾ, ਬਰਤਨ ਸਾਫ ਕਰਨਾਂ, ਘਰ ਦੀ ਸਫਾਈ, ਬੱਚਿਆਂ, ਬਜ਼ੁਰਗਾਂ ਦੀ ਦੇਖ ਭਾਲ, ਬੱਚਿਆਂ ਨੂੰ ਸਕੂਲ ਭੇਜਣਾ, ਪਸ਼ੂਅ ਦੀ ਦੇਖਭਾਲ, ਕਰਨ ਤੋਂ ਬਾਦ ਖੇਤੀ ਦੇ ਧੰਦਿਆਂ ਵਿੱਚ ਵੀ ਮਰਦ ਨਾਲ ਹੱਥ ਵਟਾਉਂਦੀਆਂ ਹਨ। ਫਸਲ ਦੀ ਬਿਜਾਈ ਕਟਾਈ ਦੀ ਦੇਖਭਾਲ ਵੀ ਕਰਦੀ ਹੈ। ਜ਼ਮੀਨ ਜਾਇਦਾਦ ਆਪਣੇ ਨਾਂ ਹੋਣ ਦੇ ਬਾਵਜੂਦ ਵੀ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਹੈ। ਅੱਜ ਦੀ ਇਸਤਰੀ ਮਰਦ ਪ੍ਰਧਾਨ ਸਮਾਜ ਅੰਦਰ ਮਰਦ ਦੇ ਬਰਾਬਰ ਦਾ ਰੁਤਬਾ ਰੱਖਣ ਵਾਲੀ ਜੋ ਭਾਵੇਂ ਦੇਸ਼ ਦੇ ਵਿਕਾਸ ਵਿੱਚ ਪੂਰਨ ਰੂਪ ਨਾਲ ਯੋਗਦਾਨ ਪਾਉਂਦੀ ਹੈ। ਪਰ ! ਜਾਇਦਾਦ ਦੀ ਵਿਰਾਸਤ ਦਾ ਹੱਕ ਲੈਣ ਲਈ ਸਮਾਜਿਕ ਰੀਤੀ ਰਿਵਾਜਾਂ ਅਧੀਨ ਵਿਆਹਾਂ ਦੇ ਨਰੜ ਵਿਰੁੱਧ ਵਿਆਹ ਤੇ ਤਲਾਕ ਸਬੰਧੀ ਕਾਨੂੰਨਾਂ ਨੂੰ ਲਾਗੂ ਕਰਾਉਣ ਲਈ ਬੇ-ਵਸ ਹੈ। ਘਰੇਲੂ ਹਿੰਸਾ, ਦਾਜ ਦਹੇਜ਼, ਭਰੂਣ ਹੱਤਿਆ (ਟੈਸਟ), ਗੁੰਡਾਗਰਦੀ, ਛੇੜ-ਛਾੜ ਅਤੇ ਬਲਾਤਕਾਰ ਵਿਰੁੱਧ ਸੰਘਰਸ਼ ਕਰਨਾ ਪੈ ਰਿਹਾ ਹੈ। ਵਿੱਦਿਆ ਸਿਹਤ ਸਹੂਲਤ ਲਈ ਅਤੇ ਬਰਾਬਰ ਦੇ ਅਧਿਕਾਰ ਲੈਣ ਲਈ ਅਜੇ ਵੀ ਸੰਘਰਸ਼ ਕਰਨਾ ਪੈ ਰਿਹਾ ਹੈ। ਦੇਸ਼ ਵਿੱਚ ਵੱਧ ਰਹੇ ਸੰਸਾਰੀਕਰਨ ਤੇ ਉਦਾਰੀਕਰਨ ਦੇ ਉਸ ਦੇ ਰੁਜ਼ਗਾਰ ਤੇ ਪੈ ਰਹੇ ਪ੍ਰਭਾਵਾਂ ਵਿਰੁੱਧ ਲੜਨਾ ਪੈ ਰਿਹਾ ਹੈ।

ਪਿਛਲੇ ਦਿਨੀ ਦੇਸ਼ ਅੰਦਰ ਇਸਤਰੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। -16 ਦਸੰਬਰ-2012 ਨੂੰ ਦਾਮਨੀ ਘਟਨਾ ਤੋਂ ਬਾਦ ਇਹ ਘਟਨਾਵਾਂ ਰੁਕਣ ਦੀ ਬਜਾਏ ਤੇਜ਼ੀ ਨਾਲ ਵੱਧ ਰਹੀਆਂ ਹਨ। ਅੱਜ ! ਕੇਂਦਰ ਦੀ ਸਰਕਾਰ ਇਹੋ ਜਿਹੀਆਂ ਘਟਨਾਵਾਂ ਨੂੰ ਲੈ ਕੇ ਫਿਰਕੂ ਰੰਗਤ ਦੇ ਕੇ ਜਾਤਾਂ, ਧਰਮਾਂ, ਖਿੱਤਿਆਂ ਵਿੱਚ ਲੋਕਾਂ ਲੂੰ ਵੰਡ ਕੇ ਰਾਜਨੀਤੀ ਕਰ ਰਹੀ ਹੈ। ਦੇਸ਼ ਦੀ ਨਿਆ ਵਿਵਸਥਾ 'ਚ ਨਿਘਾਰ ਆ ਰਿਹਾ ਹੈ। ਦਾਮਨੀ ਕੇਸ ਵਿੱਚ "ਜਸਟਿਸ ਵਰਮਾ' ਨੇ ਕਿਹਾ ਸੀ, 'ਕਿ ਦੇਸ਼ ਅੰਦਰ ਚਾਹੇ ਅਪਰਾਧਿਕ ਵਿਰਤੀ ਵਾਲੇ ਲੋਕ ਹੋਣ, ਵਰਦੀਧਾਰੀ, ਪੁਲੀਸ ਜਾਂ ਫੌਜ਼, ਸਮਾਜ ਅੰਦਰ ਵੱਡਾ ਜਾ ਛੋਟਾ, ਰਾਜਨੀਤਕ ਲੋਕ ਕੋਈ ਵੀ ਹੋਵੇ, ਜੋ ਸੈਕਸ ਅਪਰਾਧ ਕਰਦਾ ਹੈ, ਉਸ ਵਿਰੁੱਧ ਤੁਰੰਤ ਕਾਰਵਾਈ ਕਰਕੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਜ਼ਾਵਾਂ ਮਿਲਣਗੀਆਂ ਚਾਹੀਦੀਆਂ ਹਨ? ਹਥਿਆਰਬੰਦ ਫੋਰਸਾਂ ਸਬੰਧੀ, ਵਿਸ਼ੇਸ਼ ਅਧਿਕਾਰ ਕਾਨੂੰਨ ਦੀ ਮੁੜ ਸਮੀਖਿਆ ਹੋਣੀ ਚਾਹੀਦੀ ਹੈ। ਯੌਨ ਸੋਸ਼ਣ ਨਾਲ ਜੁੜੇ ਸਾਰੇ ਕੇਸਾਂ ਸਬੰਧੀ ਅਤੇ ਯੌਨ ਹਿੰਸਾਂ ਦੇ ਕੇਸਾਂ ਦੇ ਨਿਪਟਾਰੇ ਲਈ ਪੂਰੇ ਅਧਿਕਾਰਾਂ ਨਾਲ ਲੈੱਸ ਵਿਸ਼ੇਸ਼ ਕਮਿਸ਼ਨਰ ਨਿਯੁਕਤ ਕੀਤੇ ਜਾਣ। ਪ੍ਰਤੂੰ ! -9 ਸਾਲ ਬੀਤ ਜਾਣ ਦੇ ਬਾਦ ਵੀ ਕੇਂਦਰ ਦੀ ਬੀ.ਜੇ.ਪੀ. ਦੀ ਮੋਦੀ ਸਰਕਾਰ ਵਲੋਂ ਇਨ੍ਹਾਂ ਸਿਫ਼ਾਰਸ਼ਾਂ ਨੂੰ ਲਾਗੂ ਤਾਂ ਕੀ ਕਰਨਾ, ਸਗੋਂ ! ਤੇ ਇਹੋ ਜਿਹੇ ਕੇਸਾਂ ਵਿੱਚ ਵਾਧਾ ਹੀ ਹੋ ਰਿਹਾ ਹੈ ? ਉਨਾਓ ਕਾਂਡ, ਹਾਥਰਸ ਦੀ ਘਟਨਾ, ਤੇਲਗਾਨਾਂ ਕਾਂਡ, ਜਲਾਲਪੁਰ ਤੋਂ ਇਲਾਵਾ ਹੋਰ ਛੋਟੀਆਂ ਛੋਟੀਆਂ ਬੱਚੀਆਂ ਨਾਲ ਹੋ ਰਹੀਆਂ ਇਹੋ ਜਿਹੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਛੋਟੀਆਂ ਬੱਚੀਆਂ ਨਾਲ ਰੇਪ ਕੇਸਾਂ 'ਚ ਵਾਧਾ ਇਕ ਗੰਭੀਰ ਵਿਸ਼ਾ ਬਣਦਾ ਜਾ ਰਿਹਾ ਹੈ।

ਇਸਤਰੀਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੀ ਸੰਸਥਾਂ, "ਸੂਚਨਾ ਤੇ ਸਹਾਇਕ ਕੇਂਦਰ, ਥਾਮਸਨ ਰਾਈਟਰਜ਼ ਟਰਸਟ ਲਾਅ ਵੋਮੈਨ'' ਵਲੋਂ ਜਾਰੀ ਕੀਤੀ ਗਈ ਰੀਪਰੋਟ ਮੁਤਾਬਿਕ, "ਭਾਰਤ ਦੇ ਇਸਤਰੀਆਂ ਦੇ ਰਹਿਣ ਲਈ ਖਤਰਨਾਕ ਦੇਸ਼ ਹੈ?'' "ਗਰਡੀਅਨ ਦੀ ਰੀਪੋਰਟ ਮੁਤਾਬਿਕ, "ਜੀ-20 ਦੇਸ਼ਾਂ 'ਚ ਇਸਤਰੀਆਂ ਲਈ ਭਾਰਤ 'ਚ ਰਹਿਣ ਲਈ ਸਭ ਤੋਂ ਮਾੜੀ ਥਾਂ ਹੈ?'' ਭਾਰਤ ਦੇਸ਼ ਦੁੱਨੀਆਂ ਅੰਦਰ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਤੇ ਮਾਣ ਕਰ ਰਿਹਾ ਹੈ ; ਪਰ ! ਇਸਤਰੀਆਂ ਘੱਟ ਗਿਣਤੀ, ਦਲਿਤਾਂ ਅਤੇ ਕਬਾਇਲੀ ਲੋਕਾਂ ਅਤੇ ਉਨ੍ਹਾਂ ਦੀਆਂ ਇਸਤਰੀਆਂ ਅਤੇ ਬੱਚਿਆਂ ਉਪਰ ਸਭ ਤੋਂ ਵੱਧ ਅਪਰਾਧ, ਹਿੰਸਕ ਵਾਰਦਾਤਾਂ ਅਤੇ ਸ਼ੋਸ਼ਣ ਦੀਆਂ ਘਟਨਾਵਾਂ ਇਨ੍ਹਾਂ ਨਾਲ ਵਾਪਰ ਰਹੀਆਂ ਹਨ। ਜਿਸ ਦਾ ਮੁੱਖ ਕਾਰਨ, "ਕਾਨੂੰਨ ਦਾ ਪਾਲਣ ਕਰਾਉਣ ਅਤੇ ਨਿਆਂ ਦਿਵਾਉਣ ਵਾਲੀ ਪੁਰਾਣੀ ਬਰਤਾਨਵੀ ਸਾਮਰਾਜ ਵੇਲੇ ਦੀ ਨਿਆਂ ਪ੍ਰਣਾਲੀ ਅਤੇ ਸਾਡਾ ਗਲਿਆ-ਸੜਿਆ ਸਮਾਜ, ਰਾਜਸੀ ਢਾਂਚਾ ਤੇ ਰਾਜਤੰਤਰ ਹੀ ਮੁੱਖ ਜਿੰਮੇਵਾਰ ਹੈ?'' ਇਸ ਨੂੰ ਬਦਲਣ ਤੋਂ ਬਿਨ੍ਹਾਂ ਇਸਤਰੀ ਦੀ ਬੰਦ ਖਲਾਸੀ ਸੰਭਵ ਨਹੀਂ ਹੋ ਸਕਦੀ ਹੈ !

ਅੱਜ ! ਸਾਡੇ ਲਈ ਸਮਝਣ ਵਾਲੀ ਗੱਲ ਹੈ, ਕਿ ਮੌਜੂਦਾ ਪੂੰਜੀਵਾਦੀ ਯੁੱਗ ਅੰਦਰ ਹਾਕਮ ਆਪਣੀ ਗਦੀ ਬਚਾਉਣ ਲਈ ਸਾਮਰਾਜੀ ਲੁੱਟ ਰਾਂਹੀ ਮਨੁੱਖੀ ਖੂਨ ਨਿਚੋੜਨ ਲਈ ਹੀ ਨੀਤੀਆਂ ਘੜ ਰਹੇ ਹਨ। ਤਾਂ ਇਹੋ ਜਿਹੇ ਦੇਸ਼ ਅੰਦਰ ਉਨ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਇਸਤਰੀ ਵਰਗ ਹੀ ਹੋਵੇਗੀ ? ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਾਉਣ ਲਈ ਇਸਤਰੀ ਵਰਗ ਨੂੰ ਸਮਾਜਿਕ-ਸਭਿਆਚਾਰਕ ਧਰਾਤਲ ਉਪਰ ਵੀ ਇਸਤਰੀਆਂ ਨੂੰ ਸੰਗਠਿਤ ਹੋ ਕੇ ਸੰਘਰਸ਼ ਕਰਨਾ ਜ਼ਰੂਰੀ ਹੈ। ਪੂੰਜੀਵਾਦੀ ਯੁੱਗ ਅੰਦਰ ਇਸ ਮਰਦ ਪ੍ਰਧਾਨ ਸਮਾਜ ਦੀਆਂ ਵਿਵਸਥਾਵਾਂ ਦੇ ਪੁਰਾਣੇ ਘਸੇ-ਪਿਟੇ ਰੀਤੀ-ਰਿਵਾਜ, ਮਾਨਤਾਵਾਂ ਅਤੇ ਸੰਸਥਾਂਗਤ ਸੋਚਾਂ ਵਿਰੁੱਧ ਸੰਘਰਸ਼, ਇਕ ਲੰਬੇ ਸਮੇਂ ਵਾਲਾ ਸੰਘਰਸ਼ ਹੀ ਉਸ ਨੂੰ ਮੁਕਤੀ ਦਿਵਾ ਸਕਦਾ ਹੈ। ਸਮਾਜਵਾਦੀ ਸਮਾਜ ਦੀ ਸਥਾਪਨਾ ਦੇ ਅੰਤਰਗਤ ਇਕ ਲੰਬੇ ਸਮੇਂ ਦੇ ਸੰਘਰਸ਼ ਬਾਦ ਹੀ ਇਸਤਰੀ ਦੀ ਪੂਰਨ ਬੰਦ ਖੁਲਾਸੀ ਸੰਭਵ ਹੈ। ਕਿਉਂਕਿ ਇਹ ਸਵਾਲ ਸਮਾਜਵਾਦ ਦੀ ਜਿੱਤ-ਹਾਰ ਨਾਲ ਜੁੜਿਆ ਹੋਇਆ ਹੈ। ਸੋਵੀਅਤ ਰੂਸ ਦੇ ਟੁੱਟਣ ਬਾਅਦ ਦੁਨੀਆਂ ਅੰਦਰ ਕਿਰਤੀ ਵਰਗ ਦੀ ਲੁੱਟ ਲਈ ਸਾਮਰਾਜੀਆਂ ਨੇ ਕਿਵੇਂ ਦਰਵਾਜੇ ਖੋਲ ਦਿੱਤੇ ਹਨ, ਉਹ ਸਾਰੀਆਂ ਆਰਥਿਕ ਸਹੂਲਤਾਂ ਜੋ ਸਮਾਜਵਾਦੀ ਦਬਾਓ ਕਾਰਨ ਕਿਰਤੀ ਮਾਣ ਰਿਹਾ ਸੀ, ਉਹ ਸਾਰੀਆਂ ਆਰਥਿਕ ਸਹੂਲਤਾਂ ਇਕ ਇਕ ਕਰਕੇ ਖੁੱਸ ਰਹੀਆਂ ਹਨ।

ਅੱਜ ! ਇਸਤਰੀ ਵਰਗ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਹਰ ਮੋਰਚਿਆ ਤੇ ਭਾਵੇਂ ! ਉਹ ਸਮਾਜਿਕ, ਆਰਥਿਕ, ਰਾਜਨੀਤਕ ਜਾਂ ਸਭਿਆਚਾਰ ਹੋਣ, ਉਨ੍ਹਾਂ ਨਾਲ ਮਿਲ ਕੇ ਸੰਘਰਸ਼ਸ਼ੀਲ ਹੋਣਾ ਪਏਗਾ। ਇਸਤਰੀ ਵਰਗ ਵਿਰੁੱਧ ਪੈਦਾ ਹੋਈ ਸਦੀਆਂ ਪੁਰਾਣੀ ਮਾਨਸਿਕ ਗੁਲਾਮੀ ਦੇ ਖਾਤਮੇ ਲਈ ਇਸਤਰੀ ਸੰਗਠਨਾਂ ਦੀਆਂ ਪਹਿਲ ਕਦਮੀਆਂ, ਫੈਸਲਾ ਲੈਣ ਦੀ ਅਜ਼ਾਦੀ, ਆਪਣੀ ਸਖਸ਼ੀ ਅਜ਼ਾਦੀ ਨੂੰ ਅੱਗੇ ਵਧਾਉਣ ਲਈ, ਕਿਰਤੀ ਵਰਗ ਦੀ ਪਾਰਟੀ ਨੂੰ ਇਸਤਰੀਆਂ ਨੂੰ ਆਪਣੀਆਂ ਸਫ਼ਾ ਅੰਦਰ ਸ਼ਮੂਲੀਅਤ ਕਰਾਉਣ ,ਹਰ ਪੱਧਰ ਦੇ ਕਾਜ ਸੰਗਠਨਾਂ ਦੀ ਹਿੱਸੇਦਾਰੀ ਬਨਾਉਣ ਲਈ ਉਤਸ਼ਾਹਿਤ ਕੀਤਾ ਜਾਵੇ ਤੇ ਸੰਘਰਸ਼ਸ਼ੀਲ ਬਣਾਇਆ ਜਾਵੇ।

ਜੀਵਨ ਦੇ ਹਰ ਖੇਤਰ ਵਿੱਚ ਇਸਤਰੀ ਦੀ ਆਪਣੀ ਸੁਤੰਤਰ ਹੈਸੀਅਤ ਤੇ ਅਜ਼ਾਦ ਪਹਿਚਾਣ ਲਈ ਸੰਘਰਸ਼ ਦਾ ਸਵਾਲ ਦੂਰਗਾਮੀ ਅਤੇ ਇਤਿਹਾਸਕ ਮਹੱਤਤਾ ਰੱਖਦਾ ਹੈ। ਇਸ ਨੂੰ ਕੇਵਲ ਇਕ ਗੈਰ ਦ੍ਰਿਸ਼ਟੀਕੋਨ ਕਹਿ ਕੇ ਖਾਰਜ ਕਰ ਦੇਣਾ ਠੀਕ ਨਹੀਂ ਹੈ। "ਅੱਜ ਦੇ ਯੁੱਗ ਅੰਦਰ ਉਠ ਰਹੇ ਪੱਛਮੀ ਨਾਰੀਵਾਦੀ ਅੰਦੋਲਨ ਗਲਤ ਧਾਰਨਾਵਾਂ, ਕਿਰਤੀ ਵਰਗ ਅੰਦਰ ਵੰਡੀਆਂ ਪਾਉਣ, ਨਸਲਵਾਦ ਅਤੇ ਸੱਜ ਪਿਛਾਖੜ ਸਭ ਕੁਰਾਹਿਆਂ ਜਿਹੜੇ ਕਿਰਤੀ ਜਮਾਤ ਅੰਦਰ ਫੁੱਟ ਪਾਉਂਦੇ ਹਨ ਉਨ੍ਹਾਂ ਨੂੰ ਨਕਾਰਨਾ ਚਾਹੀਦਾ ਹੈ। ਇਸਤਰੀਆਂ ਨੂੰ ਆਪਣੀ ਬੰਦ ਖਲਾਸੀ ਲਈ "ਰੁਜ਼ਗਾਰ ਦੇਣ, ਬੇ-ਰੁਜ਼ਗਾਰੀ ਵਿਰੁੱਧ, ਮਹਿੰਗਾਈ, ਗਰੀਬੀ ਨੂੰ ਖਤਮ ਕਰਾਉਣ, ਹਰ ਇਕ ਨੂੰ ਵਿੱਦਿਆ ਤੇ ਸਿਹਤ ਸੇਵਾਵਾਂ ਦਾ ਹੱਕ, ਫ਼ਿਰਕਾਪ੍ਰਸਤੀ ਤੇ ਨਸਲਵਾਦ ਵਿਰੁੱਧ, "ਵਾਤਾਵਰਣ ਦੀ ਰੱਖਿਆ ਅਤੇ ਸੰਸਾਰ ਅਮਨ'' ਦੀ ਮੰਗ ਉਠਾਉਣੀ ਚਾਹੀਦੀ ਹੈ। "ਆਓ! ਇਨ੍ਹਾਂ ਮੰਗਾਂ ਦੀ ਪ੍ਰਾਪਤੀ ਲਈ ਸਾਨੂੰ 'ਜਮਹੂਰੀਅਤ-ਬਰਾਬਰਤਾ, ਇਸਤਰੀਆਂ ਦੀ ਬੰਦ ਖਲਾਸੀ ਲਈ ਅਵਾਜ਼ ਬੁਲੰਦ ਕਰੀਏ ? ਸਾਨੂੰ ਸੰਗਠਿਤ ਹੋ ਕੇ ਲੜਾਈ ਜਾਰੀ ਰੱਖਣੀ ਪਏਗੀ। ਤਾਂ ਹੀ ਅਸੀਂ ਜਿੱਤ ਵੱਲ ਵੱਧ ਸਕਦੇ ਹਾਂ।''